# ਫੁਲਵਾੜੀ

ਮਾਘ-ਫੱਗਣ ੧੯੯੮

ਫਰਵਰੀ 1939 ਮਾਰਚ 1939 ਜੂਨ 1938

ਮਾਘ-ਫੱਗਣ ੧੯੯੧ ਨਵੰਬਰ ੧੯੩੮

ਜਨਵਰੀ ਅੰਕ ੧੯੪੦

ਅਕਤੂਬਰ 1937 ਦਸੰਬਰ 1940

ਸਤੰਬਰ/ਅਕਤੂਬਰ
(੧੯੬ [illegible])





# *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

# 'ਬਾਬਾਣੀਆਂ ਕਹਾਣੀਆਂ ਪੁਤ ਸਪੁਤ ਕਰੇਨਿ।'

## ਭੇਟਾ

ਪਿਆਰੇ ਪਾਠਕੋ ਅਤੇ ਪਰੇਮੀਓ, ਆਪਦੀ ਸੇਵਾ ਵਿਚ 'ਫੁਲਵਾੜੀ' ਵਲੋਂ ਵਾਰਸਕ ਸੁਗਾਤ ਵਜੋਂ ਇਹ 'ਕਹਾਣੀ ਨੰਬਰ' ਭੇਟਾ ਕੀਤਾ ਜਾਂਦਾ ਹੈ। ਇਸ ਉਤੇ ਕਿਤਨੀ ਮਿਹਨਤ ਹੋਈ, ਕੀ ਕੁਝ ਖਰਚ ਹੋਇਆ, ਲੇਖਕਾਂ ਕਿਸ ਕਰੜੀ ਮਿਹਨਤ ਨਾਲ ਆਪਣੇ ਦਿਮਾਗ਼ ਨਿਚੋੜੇ ਤੇ ਆਪ ਲਈ ਇਹ ਭੇਟਾ ਤਿਆਰ ਕੀਤੀ, ਇਸਦਾ ਅੰਦਾਜ਼ਾ ਤੁਸਾਂ ਨੇ ਆਪ ਹੀ ਲਾ ਲੈਣਾ।

'ਫੁਲਵਾੜੀ' ਦੇ ਪਰਬੰਧਕ ਆਪਣੇ ਪਿਆਰੇ ਖਰੀਦਾਰਾਂ, ਪਾਠਕਾਂ, ਲੇਖਕਾਂ, ਸਹਾਇਕਾਂ ਤੇ ਪਰੇਮੀਆਂ ਦੇ ਸਚੇ ਦਿਲੋਂ ਧੰਨਵਾਦੀ ਹਨ, ਜਿਨ੍ਹਾਂ ਦੇ ਸਚੇ ਤੇ ਅਟੱਲ ਪਰੇਮ ਅਤੇ ਉਤਸ਼ਾਹ ਨਾਲ ਅਸੀ ਹਰ ਸਾਲ ਇਸ ਯੋਗ ਹੋਂਦੇ ਹਾਂ ਕਿ ਉਨ੍ਹਾਂ ਦੀ ਸੇਵਾ ਵਿਚ ਕੋਈ ਨਵਾਂ ਤੇ ਵਧੀਆ ਫੁੱਲ ਭੇਟਾ ਕਰੀਏ। ਫੁਲਵਾੜੀ ਦੇ ਨਿਰੰਕਾਰੀ ਨੰਬਰ, ਇਤਿਹਾਸ ਨੰਬਰ, ਛੂਤ ਛਾਤ ਤੋੜਕ ਨੰਬਰ ਤੇ ਦਸਮੇਸ਼ ਨੰਬਰ ਆਪ ਨੇ ਸਲਾਹੇ ਹਨ, ਇਸ ਨੂੰ ਪੜ੍ਹਕੇ ਉਤਸ਼ਾਹ ਦਿਤਾ ਹੈ ਤੇ ਸਾਡੇ ਹੌਸਲੇ ਵਧਾਏ ਹਨ।

ਅਪਦੇ ਬਖਸ਼ੇ ਉਤਸ਼ਾਹ ਨਾਲ ਹੀ ਪਰੇਰਤ ਹੋਕੇ ਐਤਕਾਂ ਅਸੀ ਇਹ ਸੁੰਦਰ ਸੁਗਾਤ ਕਹਾਣੀ ਨੰਬਰ ਆਪਦੀ ਭੇਟਾ ਕਰ ਰਹੇ ਹਾਂ। ਜੇ ਪਰਵਾਨ ਹੋਵੇ ਤਾਂ ਸਾਡੇ ਧੰਨਭਾਗ।

ਅਸੀ ਇਸਦੇ ਬਦਲੇ ਆਪ ਤੋਂ ਸਵਾਏ ਆਪਦੇ ਅਟੱਲ ਪਰੇਮ ਦੇ ਹੋਰ ਕੁਝ ਨਹੀਂ ਮੰਗਦੇ। ਸਾਨੂੰ ਭਰੋਸਾ ਹੈ ਕਿ ਆਪ ਪਹਿਲਾਂ ਵਾਂਙ ਹੀ ਫੁਲਵਾੜੀ ਨਾਲ ਸੱਚਾ ਪਰੇਮ ਰਖੋਗੇ; ਇਸਦਾ ਦਾਇਰਾ ਵਡਾ ਕਰਨ ਲਈ ਘਟੋ ਘਟ ਇਕ ਖਰੀਦਾਰ ਵਧਾਓਗੇ ਅਤੇ ਕਹਾਣੀ ਨੰਬਰ ਪੜ੍ਹਕੇ ਆਪਣੀ ਬਹੁਮੁੱਲੀ ਰਾਇ ਇਸ ਕਹਾਣੀ ਨੰਬਰ ਅਤੇ ਫੁਲਵਾੜੀ ਸਬੰਧੀ ਲਿਖਕੇ ਭੇਜਣ ਦੀ ਕਿਰਪਾਲਤਾ ਕਰੋਗੇ।

ਆਪ ਦਾ ਦਾਸ—

ਐਡੀਟਰ

——:o:——

ਸਾਰ ਉਨ੍ਹਾਂ ਦੀ ਸੇਵਾ ਵਿੱਚ ਘਲ ਦਿਤੀ ਜਾਇਆ ਕਰੇ।

ਮੈਨੇਜਰ ਫੁਲਵਾੜੀ ਪੁਸਤਕ ਭੰਡਾਰ,
੪੦ ਰੇਲਵੇ ਰੋਡ ਲਾਹੌਰ (ਪੰਜਾਬ)

## ਗਿਆਨੀ ਗੁਰਦਿਤ ਸਿੰਘ ਜੀ ਦੀ ਯਾਤਰਾ ਟ੍ਰੇਨ.

ਅਜ ਕਲ ਕਈ ਯਾਤਰਾ ਟ੍ਰੇਨਾਂ ਚਲਦੀਆਂ ਹਨ ਪਰ ਪਿਛੇ ਜਿਹੇ ਗਿਆਨੀ ਗੁਰਦਿਤ ਸਿੰਘ ਜੀ ਨੇ ਲਾਹੌਰ ਤੋਂ ਜੋ ਟ੍ਰੇਨ ਸਿਖ ਗੁਰਦਵਾਰਿਆਂ ਦੀ ਯਾਤਰਾ ਲਈ ਚਲਾਈ ਸੀ ਉਸਦੇ ਪ੍ਰਬੰਧ ਤੇ ਆਰਾਮ ਦੀ ਬੜੀ ਵਡਿਆਈ ਸੁਣੀ ਗਈ ਹੈ। ਮੁਸਾਫ਼ਰਾਂ ਨੇ ਬੜੇ ਉਤਮ ਉਤਮ ਸਰਟੀਫ਼ਿਕੇਟ ਦਿਤੇ ਹਨ। ਤੇ ਪ੍ਰਬੰਧ ਦੀ ਬੜੀ ਸ਼ਲਾਘਾ ਕੀਤੀ ਹੈ। ਇਸ ਯਾਤਰਾ ਟ੍ਰੇਨ ਦੀ ਸਫਲਤਾ ਦਾ ਸੇਹਰਾ ਗਿਆਨੀ ਗੁਰਦਿਤ ਸਿੰਘ ਜੀ ਦੇ ਸਿਰ ਤੇ ਹੈ। ਗਿਆਨੀ ਜੀ ਪੁਰਾਣੇ ਤਜਰਬੇਕਾਰ ਪਰਬੰਧਕ ਹਨ ਅਤੇ ਇਤਿਹਾਸ ਦੇ ਵੀ ਚੰਗੇ ਜਾਣੂ ਹਨ, ਜਿਸ ਕਰਕੇ ਯਾਤ੍ਰੀਆਂ ਨੂੰ ਬੜਾ ਲਾਭ ਪੁਜਦਾ ਹੈ।

ਸੁ ਖੁਸ਼ੀ ਦੀ ਗਲ ਹੈ ਕਿ ਇਨ੍ਹਾਂ ਦੇ ਹੀ ਪ੍ਰਬੰਧ ਹੇਠ ਫਿਰ ਇਕ ਟ੍ਰੇਨ ਚਲਣ ਵਾਲੀ ਹੈ, ਸੰਗਤਾਂ ਨੂੰ ਚਾਹੀਦਾ ਤੇ ਕਿ ਇਸ ਗਡੀ ਦ੍ਵਾਰਾ ਥੋੜੀ ਜਿਹੀ ਰਕਮ ਖਰਚਕੇ ਆਪਣੇ ਹਿੰਦੁਸਤਾਨ ਭਰ ਦੇ ਇਤਿਹਾਸਕ ਗੁਰ ਅਸਥਾਨਾਂ ਦੀ ਯਾਤਰਾ ਕਰਕੇ ਜਨਮ ਸਫਲਾ ਕਰਨ।

ਵੇਰਵੇ ਲਈ ਹੇਠ ਲਿਖੇ ਪਤੇ ਤੋਂ ਪ੍ਰੋਗ੍ਰਾਮ ਆਦਿ ਮੰਗਾ ਲੈਣ।

ਗਿਆਨੀ ਗੁਰਦਿਤ ਸਿੰਘ ਜੀ
ਕੇਲਿਆਂ ਵਾਲੀ ਸੜਕ ਲਾਹੌਰ.

## ਬਾਲਕ

ਪਾਠਕ ਇਹ ਸੁਣਕੇ ਪ੍ਰਸੰਨ ਹੋਣਗੇ ਕਿ ਬਚਿਆਂ ਦਾ ਇੱਕ ਸੁੰਦਰ ਸਚਿੱਤਰ ਮਾਸਕ ਪੱਤਰ 'ਬਾਲਕ' ਨਾਮੀ ਫਰਵਰੀ ਦੇ ਪਹਿਲੇ ਹਫ਼ਤੇ ਪਰਕਾਸ਼ਤ ਹੋਣ ਵਾਲਾ ਹੈ। ਇਸਦੀ ਛਪਾਈ ਤੇ ਕਾਗਜ਼ ਬਹੁਤ ਵਧੀਆ ਤੇ ਲੇਖ ਕਵਿਤਾਵਾਂ ਕਹਾਣੀਆਂ ਆਦਿ ਡਾਢੀਆਂ ਹੀ ਸਵਾਦੀ ਹੋਇਆ ਕਰਨਗੀਆਂ। ਇਸ ਰਸਾਲੇ ਦੀ ਸਰ-ਪ੍ਰਸਤੀ ਕਰਨ ਵਾਲੇ ਤੇ ਕਲਮੀ ਸਹਾਇਤਾ ਦੇਣ ਵਾਲੇ ਲਗ-ਭਗ ਪੰਜਾਬੀ ਦੇ ਸਾਰੇ ਹੀ ਪ੍ਰਸਿਧ ਲੇਖਕ ਤੇ ਕਵੀ ਹਨ। ਇਹਦੇ ਸਾਰੇ ਗੁਣਾਂ ਵਲ ਵੇਖੀਏ ਤਾਂ ੨॥) ਸਾਲਾਨਾ ਚੰਦਾ ਕੁਝ ਵੀ ਗੱਲ ਨਹੀਂ, ਆਪਣੇ ਆਪਣੇ ਚੰਦੇ ਛੇਤੀ ਮੈਨੇਜਰ 'ਬਾਲਕ' ਅੰਮ੍ਰਿਤਸਰ ਨੂੰ ਭੇਜੋ।

ਫੁਲਵਾੜੀ ਫਰਵਰੀ 1939

# ਸਿਖ ਪੰਥ ਦੀ ਵਰਤਮਾਨ ਦਸ਼ਾ

ਗੁਰਬਖਸ਼ ਸਿੰਘ ਜੀ ਮਾਡਲ ਟਾਊਨ

ਸਰ ਜੋਗਿੰਦਰ ਸਿੰਘ ਸਾਹਿਬ ਨੇ ਆਪਣੇ ਇਕ *ਲੇਖ ਵਿਚ ਸਿਖ ਪੰਥ ਦੀ ਵਰਤਮਾਨ ਦਸ਼ਾ ਬਾਬਤ ਕੁਝ ਵਿਚਾਰ ਪ੍ਰਗਟ ਕੀਤੇ ਹਨ, ਜੋ ਇਸ ਯੋਗਜ ਹਨ ਕਿ ਉਹਨਾਂ ਵੱਲ ਵਧੇਰੇ ਧਿਆਨ ਦਿਤਾ ਜਾਏ। ਵੀਹ ਬਾਈ ਵਰ੍ਹੇ ਦੀ ਗੱਲ ਹੈ ਜਦ ਆਪ ਨੇ 'ਸਿਖਾਂ ਦਾ ਭਵਿਖਤ' ਸਬੰਧੀ ਇਕ ਉਤਸ਼ਾਹ ਪੂਰਬਕ ਅਤੇ ਆਸ਼ਾ ਜਨਕ ਲੇਖ ਲਿਖਿਆ ਸੀ ਅਤੇ ਕਿਹਾ ਸੀ ਕਿ 'ਸਿਖਾਂ ਦਾ ਭਵਿਖਤ ਬੜਾ ਸ਼ਾਨਦਾਰ ਹੈ।' ਪਰੰਤੂ ਹੁਣ ਵਾਲੇ ਲੇਖ ਵਿਚੋਂ ਨਿਰਾਸਤਾ ਝਲਕ ਰਹੀ ਹੈ। ਆਪ ਲਿਖਦੇ ਹਨ:—

"ਚਾਲੀਹ ਵਰ੍ਹੇ ਪਹਿਲਾਂ ਸਿਖੀ ਵਿਚ ਆਪਣੀ ਅਸਲੀ 'ਅੰਦਰਲੀ ਪਵਿਤ੍ਰਤਾ' ਮੌਜੂਦ ਸੀ, ਅਤੇ ਸ਼ਾਇਦ ਉਹੋ ਸਿਖਾਂ ਦੇ ਜੀਵਨ ਪੁਰ ਅੱਜ ਕਲ ਨਾਲੋਂ ਵਧੀਕ ਅਸਰ ਪਾਂਦੀ ਸੀ। ਭਾਵੇਂ ਸਿੱਖੀ ਹਿੰਦੂ ਰੀਤ੍ਹਾਂ ਰਸਮਾਂ ਦੇ ਹੇਠ੍ਹਾਂ ਦੱਬੀ ਹੋਈ ਸੀ। ਭਾਵੇਂ ਸਿੱਖ ਗੁਰਬਾਣੀ ਪੜ੍ਹਦੇ ਸਨ, ਸਭ ਕਾਰਜ ਹਿੰਦੂ ਸ਼ਾਸਤ੍ਰਾਂ ਮੂਜਬ ਕਰਦੇ ਸਨ ਅਤੇ ਬ੍ਰਾਹਮਣ ਇਹ ਕਾਰਜ ਕਰਾਂਦੇ ਸਨ। ਸਿੰਘ ਸਭਾ ਇਹਨਾਂ ਹਾਲਾਤ ਦੇ ਉਲਟ ਬਗ਼ਾਵਤ ਸੀ। ਏਸ ਦੇ ਅਸਰ ਹੇਠਾਂ ਹਿੰਦੂ ਰੀਤਾਂ ਰਸਮਾ ਤਾਂ ਛੱਡ ਦਿੱਤੀਆਂ ਗਈਆਂ ਹਨ, ਪਰ ਉਹਨਾਂ ਦੇ ਨਾਲ ਹੀ ਸਿਖੀ-ਕਰਮ ਵੀ ਛੁਟ ਗਏ ਹਨ। ਸੰਝ ਨੂੰ ਮਰਦ ਤ੍ਰੀਮਤਾਂ ਰਹਿਰਾਸ ਆਰਤੀ ਲਈ ਜੁੜਦੇ ਸਨ, ਪਿੰਡਾਂ ਵਿਚ ਕਿਸੇ ਰਮਤੇ ਸਾਧੂ ਤੋਂ ਕਥਾ ਸੁਣਨ ਲਈ ਲੋਕੀ ਇਕੱਠੇ ਹੁੰਦੇ ਸਨ। ਰਬਾਬੀਆਂ ਤੋਂ ਸ਼ਬਦ ਕੀਰਤਨ ਅਤੇ ਢਾਡੀਆਂ ਤੋਂ ਗੁਰੂ ਗੋਬਿੰਦ ਸਿੰਘ ਦੇ ਜੁਧਾਂ ਦੀਆਂ ਵਾਰਾਂ ਸੁਣਦੇ ਸਨ। ਇਹ ਗੱਲਾਂ ਹੁਣ ਨਜ਼ਰੀਂ ਨਹੀਂ ਆਉਂਦੀਆਂ ਪੂਜਾ ਭਗਤੀ ਅਤੇ ਪੰਥ ਦੇ ਇਤਿਹਾਸ ਦੀ ਸਿਖਿਆ ਲੈਣ ਦੇ ਇਹ ਢੰਗ ਅੱਜ ਲੋਪ ਹੋ ਗਏ ਹਨ।"

"ਅਜਬ ਹੈ ਕਿ ਧਾਰਮਿਕ ਰੀਤਾਂ ਦੇ ਦੂਰ ਹੁੰਦਿਆਂ ਹੀ ਲੋਕਾਂ ਦਾ ਰਜੂਹ ਧਰਮ ਵਲੋਂ ਹੱਟ ਕੇ ਪਾਲਿਟਿਕਸ ਵੱਲ ਹੋ ਗਿਆ ਹੈ। ਰਾਜਨੀਤੀ ਦੇ ਭਾਂਤ ਭਾਂਤ ਦੇ ਅਸੂਲ ਬਿਨਾਂ ਪੁਛ-ਗਿਛ ਕੀਤੇ ਦੇ ਆਮ ਪਸੰਦ ਹੋ ਰਹੇ ਹਨ। ਏਸ ਜੱਗ ਦਾ ਰਾਜ ਅਤੇ ਏਸ ਦੇ ਸੁਖ ਆਨੰਦ, ਸ੍ਵਰਗ ਦੇ ਰਾਜ ਨਾਲੋਂ ਵਧੀਕ ਮਨਾਂ ਨੂੰ ਮੋਂਹਦੇ ਹਨ। ਇਉਂ ਜਾਪਦਾ ਹੈ

*Obituary note about S. B. Bhai Kahan Singh in the Tribune of 5th December 1938

ਜੋ ਮਨੁਖ ਦਾ ਮਨ ਕੁਝ ਏਸ ਤਰ੍ਹਾਂ ਦਾ ਬਣਿਆ ਹੈ ਕਿ ਜਦ ਤਕ ਏਸ ਨੂੰ ਏਸ ਦੀ ਮਾਮੂਲੀ ਭਰਤੀ ਤੋਂ ਸੱਖਣਾ ਨਾ ਕਰ ਲਿਆ ਜਾਏ ਏਹ ਸਚਾਈ ਦੇ ਗ੍ਰਹਿਣ ਕਰਨ ਤੋਂ ਵਾਂਜਿਆ ਰਹਿੰਦਾ ਹੈ। ਇਹ ਕਹਿ ਸਕਣਾ ਔਖਾ ਹੈ ਜੋ ਰੀਤਾਂ ਰਸਮਾਂ ਤੋਂ ਛੁਟਕਾਰਾ ਸਤਿ-ਧਰਮ ਦੀ ਬ੍ਰਿਧੀ ਵਿਚ ਸਹਾਈ ਹੁੰਦਾ ਹੈ। ਦਿੱਸਦਾ ਤਾਂ ਇਉਂ ਹੈ ਕਿ ਮਨੁਖ ਦਾ ਮਨ ਅਸਲੀ ਧਾਰਮਿਕ ਜੀਵਨ ਨਾਲੋਂ ਬਾਹਰਲੇ ਭੇਖਾਂ ਨੂੰ ਬਹੁਤ ਸਹਿਜੇ ਕਬੂਲਦਾ ਹੈ। ਲੋਕ ਧਰਮ ਦੀ ਸਚਾਈ ਦੀ ਖਾਤਰ ਨਹੀਂ ਲੜਦੇ, ਸਗੋਂ ਉਹਨਾਂ ਬਾਹਰਲੀਆਂ ਸ਼ਕਲਾਂ ਵਾਸਤੇ ਲੜਦੇ ਹਨ ਜੋ ਧਰਮ ਦੇ ਨਾਲ ਜੋੜ ਰੱਖੀਆਂ ਹਨ।"

ਉਪਰਲੇ ਕਥਨ ਦੇ ਭਾਵ ਨਾਲ ਕਿਸੇ ਨੂੰ ਮਤਿ-ਭੇਦ ਨਹੀਂ ਹੋ ਸਕਦਾ। ਏਹ ਸੱਚ ਹੈ ਜੇ ਧਰਮ ਵਲੋਂ, ਅਸਲੀ ਹੋਵੇ ਜਾਂ ਭੇਖੀ, ਲੋਕੀ ਬੇ-ਪਰਵਾਹ ਹੁੰਦੇ ਜਾਂਦੇ ਹਨ ਅਤੇ ਰਾਜਸੀ ਗੱਲਾਂ ਵਲ ਵਧੀਕ ਧਿਆਨ ਦਿੰਦੇ ਹਨ। ਪਰ ਕੀਹ ਏਹ ਕੋਈ ਨਵੀਂ ਗੱਲ ਹੈ?

ਖਾਲਸਾ ਮੁਢ ਤੋਂ ਹੀ ਪਾਲਿਟਿਕਸ ਵਿਚ ਹਿਸਾ ਲੈਂਦਾ ਆਇਆ ਹੈ। ਸਿਖ ਪੰਥ ਦੀ ਕੌਮੀ ਸ਼ਕਲ ਵਿਚ ਅੱਡ ਹਸਤੀ ਦਾ ਮੂਲ ਕਾਰਣ ਇਹੋ ਹੈ। ਪੰਥ ਦੀ ਆਨ ਸ਼ਾਨ ਸਭ ਏਸੇ ਗੱਲ ਦੇ ਆਸਰੇ ਬਣੀ ਹੈ। ਜੇਕਰ ਸਿਖ ਪਾਲਿਟਿਕਸ ਵਿਚ ਨਾ ਆਉਂਦੇ ਚਾਹੇ ਮੌਜ਼ਲੂਮ ਹੋਣ ਕਰਕੇ ਮਜਬੂਰਨ, ਅਤੇ ਚਾਹੇ ਸੋਚ ਸਮਝ ਕੇ ਆਪਣੀ ਸੁਤੰਤਰ ਇਛਾ ਨਾਲ, ਤਦ ਅੱਜ ਉਹ ਕਬੀਰ ਪੰਥੀਆਂ, ਦਾਦੂ ਪੰਥੀਆਂ ਵਗੈਰਾ ਵਾਂਗ ਇਕ ਮਾਮੂਲੀ ਮਜ਼ਹਬੀ ਫਿਰਕਾ ਹੁੰਦੇ, ਜਿਸ ਵਿਚ ਬਹੁਤੇ ਸਾਧੂ ਤੇ ਕੁਝ ਗਰੀਬ ਕੰਗਾਲ ਗ੍ਰਿਹਸਥੀ ਸਿਖ ਸੇਵਕ ਹੁੰਦੇ। ਰਾਜੇ, ਮਹਾਰਾਜੇ, ਸਰਦਾਰਾਂ ਦੀ ਪੂਰੀ ਅਣਹੋਂਦ ਹੁੰਦੀ। ਏਸ ਗੱਲ ਦਾ ਅਫ਼ਸੋਸ ਕਿ ਧਰਮ ਦੀ ਥਾਂ ਪੌਲਿਟਿਕਸ ਨੇ ਲ ਲਈ ਹੈ, ਸਰਦਾਰ ਸਾਹਿਬ ਵਲੋਂ ਹੋਇਆ ਸੋਭਦਾ ਨਹੀਂ। ਉਹਨਾਂ ਦਾ ਵਜੂਦ ਉਸੇ ਗਲ ਦਾ ਨਤੀਜਾ ਹੈ ਅਤੇ ਉਹ ਆਪ ਸਦਾ ਪੌਲਿਟਿਕਸ ਵਿਚ ਜ਼ਬਰਦਸਤ ਹਿਸਾ ਲੈਂਦੇ ਆਏ ਹਨ ਅਤੇ ਹੁਣ ਭੀ ਇਕ ਪੌਲਿਟੀਕਲ ਪਾਰਟੀ ਦੇ ਆਗੂ ਹਨ! ਉਹਨਾਂ ਦੀ ਸ਼ੰਕਾ ਕਿਸੇ ਖਾਸ ਨੀਤੀ ਸਬੰਧੀ ਜਾਪਦੀ ਹੈ। ਅਟਕਲੋਂ ਅਸੀਂ ਕਹਿ ਸਕਦੇ ਹਾਂ ਕਿ ਉਹ ਨੀਤੀ ਸੋਸ਼ਲਿਜ਼ਮ ਹੈ, ਜਿਸਦੇ ਨਿਯਮ ਸਿਖਾਂ ਵਿਚ ਆਮ ਪਸੰਦ ਹੋ ਰਹੇ ਹਨ। ਮੈਨੂੰ ਇਸ ਵਿਚ ਵੀ ਕੁਝ ਨਵਾਂ ਨਹੀਂ ਦਿਸਦਾ। ਸਿਖ ਨੀਤੀ ਦਾ ਮੁਢ ਸੋਸ਼ਲਿਜ਼ਮ ਤੋਂ ਹੀ ਹੋਇਆ ਹੈ। ਬਾਬੇ ਬੰਦੇ ਦੇ ਵੇਲੇ ਦਾ ਖਾਲਸਾ ਅਤੇ ਬੁਢਾ ਦਲ ਤੇ ਤਰੁਣੇ ਦਲ ਦੇ ਸਿੰਘ ਸਭ ਪੰਜਾਬੀ ਹਿੰਦੂਆਂ ਦੇ ਸਭ ਤੋਂ ਨੀਵੇਂ ਤਬਕੇ ਜਾਂ ਪੌਲੀਟਰੀਆ ਤੋਂ ਹੀ ਆਏ ਸਨ। ਉਹਨਾਂ ਦੇ ਸਾਰੇ ਆਦਰਸ਼ ਉਸ ਵੇਲੇ ਸੋਸ਼ੇਲਿਸਟਾਂ ਵਾਲੇ ਸਨ। ਸਭ ਇਕ ਪੱਧਰ ਤੇ ਸਨ, ਸਭ ਦੇ ਹਕ ਬਾਬਰ ਸਨ, ਲੰਗਰ ਸਾਂਝੇ ਸਨ, ਵਖਰੀ ਮਾਲਕੀ ਕੋਈ ਨਹੀਂ ਸੀ, ਸਰਦਾਰਾਂ ਦਾ ਕੋਈ ਦਰਜਾ ਨਹੀਂ ਸੀ, ਜਥੇਦਾਰ ਉਹ ਸਨ ਜੋ ਆਪਣੀ ਬਹਾਦਰੀ, ਬਾਹੂਬਲ, ਜਾਂ ਸਿਆਣਪ ਨਾਲ ਕਿਸੇ ਛੋਟੇ ਵਡੇ ਗ੍ਰੋਹ ਨੂੰ ਆਪਣੇ ਨਾਲ ਰਲਾ ਸਕਦੇ ਸਨ। ਇਹੋ ਉਹਨਾਂ ਦੀ ਤਾਕਤ, ਕੁਰਬਾਨੀ ਅਤੇ ਕਾਮਯਾਬੀ ਦਾ ਭੇਤ ਸੀ। ਸਿਖ ਕੌਮ ਦੇ ਬਣਨ ਵਿਚ ਧਰਮ ਨੇ ਬਸ

ਇਤਨਾ ਹੀ ਕੰਮ ਦਿਤਾ ਹੈ ਜਿਤਨਾ ਮਹਲ ਦੀ ਉਸਾਰੀ ਵਿਚ ਗਾਰਾ ਕੰਮ ਦੇਂਦਾ ਹੈ। ਸਿਖਾਂ ਨੂੰ ਇਕ ਜਮੀਅਤ ਵਿਚ ਇਕੱਠਾ ਕਰਨ ਅਤੇ ਇਕ ਮੁਠ ਬਣਾਈ ਰਖਣ ਲਈ ਧਰਮ ਨਿਮਿਤ ਕਾਰਣ ਬਣਿਆ ਰਿਹਾ ਹੈ। ਹੁਣ ਭੀ ਸਿਖ ਪੰਥ ਦੀ ਜ਼ਿੰਦਗੀ ਪਾਲਿਟਿਕਸ ਉਪਰ ਹੀ ਨਿਰਭਰ ਹੈ। ਜਤਨ ਸਫਲਾ ਹੋਵੇ ਜਾਂ ਨਾਹ, ਕਿਉਂ ਜੋ ਇਹ ਗੱਲ ਬਹੁਤ ਸਾਰੇ ਬਾਹਰ ਦੇ ਅਤੇ ਸਾਰਵਦੇਸ਼ਕ ਕਾਰਣਾਂ ਦੇ ਵੱਸ ਹੈ। ਸਿਖਾਂ ਦੀ ਘਟ ਗਿਣਤੀ ਆਉਣ ਵਾਲੇ ਸਮੇਂ ਲਈ ਇਹਨਾਂ ਦੇ ਰਾਹ ਵਿਚ ਭਾਰੀ ਰੋਕ ਹੈ। ਹੋ ਸਕਦਾ ਹੈ ਕਿ ਹੋਰ ਪਜਾਹ ਵਰ੍ਹੇ ਤਕ ਇਨ੍ਹਾਂ ਦੀ ਅਡ ਹਸਤੀ ਨ ਰਹੇ, ਅਤੇ ਸ਼ਾਇਦ ਸੌ ਡੇਢ ਸੌ ਵਰ੍ਹੇ ਤਕ ਮੌਜੂਦਾ ਸ਼ਕਲ ਦੇ ਸਿਖਾਂ ਦੇ ਦਰਸ਼ਨ ਵੀ ਦੁਰਲਭ ਹੋ ਜਾਣ। ਪਰ ਧਰਮ ਏਸ ਜਗਤ ਵਿਚ ਅਗੇ ਵਾਂਙ ਹੁਣ ਏਹਨਾਂ ਦੀ ਮਦਦ ਨਹੀਂ ਕਰ ਸਕਦਾ, ਨਾ ਨਾਮ ਸਿਮ੍ਰਿਨ ਤੇ ਆਰਤੀਆਂ ਨੇ ਕੰਮ ਆ ਸਕਨਾ ਹੈ। ਸਮਾ ਬਦਲ ਗਿਆ ਹੈ। ਧਾਰਮਕ ਜੀਵਨ ਬਣਾ ਕੇ ਆਪਣੀ ਅਗਲੀ ਦੁਨੀਆਂ ਭਾਵੇਂ ਸਵਾਰ ਲੈਣ, ਅਤੇ ਉਸੇ ਨੂੰ ਜੀਵਨ ਦਾ ਲਾਹਾ ਸਮਝ ਕੇ ਇਹ ਜਨਮ ਸਕਾਰਥਾ ਕਰ ਲੈਣ, ਪਰ ਅਜਿਹੇ ਜੀਵਨ ਲਈ ਥੋੜੇ ਹੀ ਨਿਕਲਣਗੇ, ਕਿਉਂ ਜੋ ਅਗਲੀ ਮਨੌਤੀ ਦੁਨੀਆਂ ਦੇ ਸੁਖਾਂ ਤੋਂ ਪਹਿਲੇ ਉਹਨਾਂ ਨੂੰ ਏਸ ਦਿਸਦੀ ਦੁਨੀਆਂ ਦੇ ਸੁਖਾਂ ਦੀ ਵਧੀਕ ਲੋੜ ਹੈ ਅਤੇ ਉਹ ਮਜ਼ਹਬ ਦੇ ਉਪਦੇਸ਼ ਨੂੰ ਸੁਣ ਕੇ ਏਥੋ ਦੇ ਦੁਖਾਂ ਨੂੰ ਵਿਸਾਰ ਛਡਣ ਲਈ ਤਿਆਰ ਨਹੀਂ ਹੋਣਗੇ । ਏਸ ਜਗਤ ਲਈ ਹੁਣ ਸਭ ਮਰਜ਼ਾਂ ਦੀ ਦਵਾ ਪਾਲਿਟਿਕਸ ਹੈ। ਸੋ ਸਿਖ ਉਸਤੋਂ ਅਡ ਰਹਿ ਕੇ ਆਤਮਘਾਤ ਕਿਉਂ ਕਰਨ? ਸਿਖਾ ਜੋ ਅਜ ਪਾਲਿਟਿਕਸ ਵਿਚ ਵਧੀਕ ਪ੍ਰੇਮ ਦਿਖਾ ਰਹੇ ਹਨ, ਮੈਂ ਸਮਝਦਾ ਹਾਂ ਕਿ ਇਹ ਉਹਨਾਂ ਦੀ ਪੁਰਾਣੀ ਸਿਖਿਆ ਜਾਂ ਆਖੋ ਜਨਮ ਘੁੱਟੀ ਦਾ ਹੀ ਫਲ ਹੈ ਅਤੇ ਜਿਤਨਾ ਭੀ ਹੈ ਸ਼ੁਭ ਹੈ। ਇਹ ਸਿਖਾਂ ਦੇ ਜੀਉਂਦੇ ਹੋਣ ਦੀ ਨਿਸ਼ਾਨੀ ਹੈ।

ਪੁਰਾਣੇ ਸਿਖ ਗੁਰਬਾਣੀ ਪੜ੍ਹਦੇ ਸੁਣਦੇ, ਗੁਰਦਵਾਰੇ ਧਰਮਸਾਲਾ ਜਾਂਦੇ, ਬਾਵਲੀਆਂ ਸਰਾਂ ਵਿਚ ਸ਼ਨਾਨ ਕਰਦੇ ਅਤੇ ਹੋਰ ਜੋ ਚੰਗੇ ਸਿਖਾਂ ਵਾਲੇ ਕੰਮ ਸਮਝੇ ਜਾਂਦੇ ਸਨ ਕਰਦੇ ਸਨ। ਹਿੰਦੂ ਰਸਮ ਰਵਾਜਾਂ ਦੇ ਅਸਰ ਤੋਂ ਪੂਰੇ ਬਚੇ ਹੋਏ ਤਾਂ ਸਿਖ ਕਦੇ ਵੀ ਨਹੀਂ ਸਨ, ਪਰ ਸਿਖਾਂ ਦੇ ਰਾਜ ਸਮੇਂ ਹਰ ਤਬਕੇ ਦੇ ਹਿੰਦੂ ਦੁਨਿਆਵੀ ਲਾਲਚ ਕਰਕੇ ਸਿਖ ਬਣ ਗਏ। ਇਹ ਆਪਣੇ ਖਿਆਲਾਤ ਆਪਣੇ ਨਾਲ ਲਿਆਏ ਅਤੇ ਸਿਖ ਮੰਦਰਾਂ ਵਿਚ ਕਈ ਹਿਦੂ ਰਸਮਾਂ ਆਰਤੀ ਵਗਰਾ ਆ ਵੜੀਆਂ। ਨਿੱਤ ਦੀ ਪੜ੍ਹਨ ਵਾਲੀ ਬਾਣੀ ਵਿਚ ਦੇਵੀ ਦੇ ਛਕੇ ਆਮ ਪਸੰਦ ਹੋ ਗਏ। ਬ੍ਰਾਹਮਣਾਂ ਨੇ ਰਲਕੇ ਪਟਿਆਲੇ ਦੇ ਇਕ ਰਾਜੇ ਤੋਂ ਅਸਵਮੇਧ ਯਗਜ ਵੀ ਚੁਕ ਕਰਾਇਆ ਸੀ। ਜਦ ਪਛਮੀ ਵਿਦਆ ਨੇ ਨਵੇਂ ਖਿਆਲ ਲੈ ਆਂਦੇ ਤਦ ਸਿੰਘ ਸਭਾ ਨੇ ਜਨਮ ਲਿਆ। ਇਹ ਲਹਿਰ ਦੂਜੇ ਲੋਕਾਂ ਦੀ ਰੀਸੇ ਸਿਖ ਧਰਮ ਨੂੰ ਅਨਜਮਤੀਆਂ ਦੇ ਹਮਲਿਆਂ ਤੋਂ ਬਚਾਣ ਖਾਤਰ ਪੈਦਾ ਹੋਈ ਸੀ। ਸਿੰਘ ਸਭਾ ਦੇ ਮੋਢੀਵਾਲਾਂ ਭਾਈ ਦਿੱਤ ਸਿੰਘ, ਭਾਈ ਜਵਾਹਰ ਸਿੰਘ, ਭਾਈ ਗੁਰਮੁਖ ਸਿਘ ਆਰੀਯਾ ਸਮਾਜੀਆਂ ਵਾਂਙ ਹੀ ਈਸਾਈਆਂ ਮੁਸਲਮਾਨਾਂ ਦੇ ਇਤ੍ਰਾਜ਼ਾਂ ਤੋਂ ਬਚਨ ਲਈ ਏਹੋ ਢੰਗ ਸੁਝਾ ਜੋ ਸਨਾਤਨੀ ਰਸਮਾਂ ਨੂੰ ਜਿਨ੍ਹਾਂ ਤੇ ਏਤ੍ਰਾਜ਼ ਹੁੰਦੇ ਸਨ ਛਡ ਦਿਤਾ ਜਾਏ।

ਮੁਢ ਵਿਚ ਏਸ ਤੋਂ ਉੱਚਾ ਪ੍ਰਯੋਜਨ, ਸੁਧਾਰ ਦਾ ਨਹੀਂ ਸੀ। ਜਦ ਤਕ ਇਹ ਤਹਿਰੀਕ ਧਾਰਮਕ ਰਹੀ, ਸਹਿਕਦੀ ਰਹੀ। ਜੋਬਨ ਵਿਚ ਇਹ ਤਦ ਹੀ ਆਈ ਜਦ ਏਸ ਵਿਚ ਪਾਲਿਟਿਕਸ ਨੂੰ ਲਿਆਂਦਾ ਗਿਆ। ਅਤੇ ਏਸਦਾ ਰੂਪਾਂਤ੍ਰ "ਹਮ ਹਿੰਦੂ ਨਹੀਂ" ਬਣ ਗਿਆ। ਇਹ ਨਵਾਂ ਰੂਪ ਦੇਣ ਵਾਲੇ ਮਿਸਟਰ ਮੈਕਾਲਿਫ਼ ਅਤੇ ਸਰਦਾਰ ਬਹਾਦਰ ਭਾਈ ਕਾਹਨ ਸਿੰਘ ਜੀ ਸਨ। ਅਜ ਸਮਝਿਆ ਜਾਂਦਾ ਹੈ ਕਿ ਸਿੰਘ ਸਭਾ ਮਰ ਚੁਕੀ ਹੈ। ਪਰ ਨਹੀਂ, ਜਿਸ ਮਤਲਬ ਲਈ ਉਹ ਬਣੀ ਸੀ ਉਹ ਬਹੁਤ ਕੁਝ ਪੂਰਾ ਹੋ ਚੁਕਾ ਸੀ। ਨਵੀਂ ਲੋੜ ਦੇ ਪੂਰਾ ਕਰਨ ਲਈ ਉਸੇ ਨੇ ਨਵਾਂ ਜਨਮ "ਅਕਾਲੀ-ਲਹਿਰ" ਦੀ ਸ਼ਕਲ ਵਿਚ ਲਿਆ ਹੈ ਅਤੇ ਏਹ ਲਹਿਰ ਹਾਲੀ ਪੂਰੇ ਜ਼ੋਰਾਂ ਵਿਚ ਹੈ। ਸਿਖ ਪੰਥ ਦੀ ਵਰਤਮਾਨ ਦਸ਼ਾ ਜੋ ਕੁਝ ਵੀ ਦੇਖਦੇ ਹੋ, ਏਹ ਸਿੰਘ ਸਭਾ ਅਤੇ ਅਕਾਲੀ ਲਹਿਰ ਦੀ ਕੀਤੀ ਹੋਈ ਹੈ। ਸਿਖਾਂ ਨੂੰ ਨਿਤ ਦੇ ਰਸਮੀ ਧਾਰਮਿਕ ਕੰਮਾਂ ਤੋਂ ਉਦਾਸੀਨ ਕਰਕੇ ਪਾਲਿਟਿਕਸ ਵਲ ਲਿਜਾਨ ਵਾਲੀਆਂ ਏਹੋ ਸਿੰਘ ਸਭਾ ਤੇ ਅਕਾਲੀ ਲਹਿਰਾਂ ਹੀ ਹਨ।

ਪਾਲਿਟਿਕਸ ਵਿਚ ਪਹਿਲਾ ਸਬਕ ਪੜ੍ਹਾਨ ਵਾਲੀ ਸਿੰਘ ਸਭਾ ਸੀ। ਸਿੰਘ ਸਭਾ ਪਛਮੀ ਨਮੂਨੇ ਦੀਆਂ ਸੰਸਥਾਂ ਸਨ, ਉਹਨਾਂ ਵਾਸਤੇ ਪ੍ਰਧਾਨ, ਉਪ-ਪ੍ਰਧਾਨ, ਸਕੱਤ੍ਰ ਵਗੈਰਾ ਉਹਦੇਦਾਰ ਚੁਣਨੇ ਹੁੰਦੇ ਸਨ। ਇਹ ਪਾਰਟੀਆਂ ਬਣਨ ਦਾ ਮੁਢ ਸੀ। ਸਰਕਾਰੇ ਦਰਬਾਰੇ ਸਿਖਾਂ ਦੇ ਹੱਕਾਂ ਦੀ ਰਾਖੀ ਤੇ ਰਿਆਇਤਾਂ ਮੰਗਨ ਦਾ ਕੰਮ ਵੀ ਇਹੋ ਸਿੰਘ ਸਭਾਵਾਂ ਕਰਦੀਆਂ ਸਨ। ਉਸ ਵੇਲੇ ਕਾਂਗਰਸ ਵਰਗੀ, ਖ਼ਾਲਸ ਪੋਲਿਟੀਕਲ ਜਮਾਤ ਵੀ ਮੰਗਤਿਆਂ ਦੀ ਹੀ ਸੀ। ਵਖਰੇ "ਸਿਖ-ਹਕੂਕ" ਅਤੇ "ਸਿਖਾਂ ਨਾਲ ਰਿਆਇਤਾਂ" ਦੇ ਅਰਥ ਤਦ ਹੀ ਕੁਝ ਹੋ ਸਕਦੇ ਸਨ, ਜਦ ਉਹ ਆਪਣੀ ਅੱਡ ਹਸਤੀ ਕਾਇਮ ਕਰ ਲੈਣ। ਏਸਦਾ ਜਵਾਬ—'ਹਮ ਹਿੰਦੂ ਨਹੀਂ' ਸੀ। ਗੁਰਦਵਾਰਾ ਸੁਧਾਰ ਦੇ ਸਬੰਧ ਵਿਚ ਗਵਰਨਮੈਂਟ ਨਾਲ ਟਾਕਰਾ, ਜਥੇਬੰਦੀ ਅਤੇ ਮੋਰਚੇ, ਇਹ ਪਾਲਿਟਿਕਸ ਵਿਚ (Advanced Course) ਉਚੇਰੀਆਂ ਜਮਾਤਾਂ ਦੀ ਪੜ੍ਹਾਈ ਸਨ। ਇਮਤਿਹਾਨ ਪਾਸ ਕਰਨ ਪੁਰ ਜਦ 'ਗੁਰਦਵਾਰਾ-ਐਕਟ' ਦੀ ਸ਼ਕਲ ਵਿਚ ਯੋਗਜਤਾ ਦਾ ਸਰਟਿਫਿਕਟ ਮਿਲ ਗਿਆ ਤਦ ਪਥ ਦੀ ਹਾਲਤ ਹੀ ਹੋਰ ਹੋ ਗਈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਹੋਰ ਗੁਰਦਵਾਰਾ ਕਮੇਟੀਆਂ ਦੀਆਂ ਚੋਣਾਂ ਵਿਚ ਹੀ ਸਿਖਾਂ ਦਾ ਸਾਰਾ ਸਮਾ, ਤਾਕਤ, ਤੇ ਫਾਲਤੂ ਰੁਪਿਆ ਖਰਚ ਹੋਣ ਲੱਗਾ। ਪਾਰਟੀ-ਬਾਜ਼ੀ ਨੇ ਅਵੱਸ਼ ਜ਼ੋਰ ਪਕੜਨਾ ਸੀ। ਇਕ ਚੋਣ ਹੋ ਕੇ ਹਟਦੀ ਈ ਹੈ ਜੋ ਅਗਲੀ ਵਾਸਤੇ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ। ਆਪੋ ਆਪਣੀ ਪਾਰਟੀ ਨੂੰ ਮਜ਼ਬੂਤ ਬਨਾਣ ਲਈ ਗੋਂਦਾਂ ਗੁੰਦੀਆਂ ਜਾਂਦੀਆਂ ਹਨ। ਸ਼ਤ੍ਰੰਜ ਦੀਆਂ ਚਾਲਾਂ ਅਤੇ ਆਪੋ ਅਪਣੇ ਪਖ ਦੇ ਪ੍ਰਾਪੇਗੰਡਾ ਕਰਨ ਵਿਚ ਦਿਮਾਗ਼ਸੋਜ਼ੀ ਕੀਤੀ ਜਾਂਦੀ ਹੈ। ਅਗੇ ਲਈ ਕਮਾਈ ਕਰਨ, ਪਾਠ-ਬਾਣ। ਵਲ ਧਿਆਨ ਦੇਣ ਦੀ ਵਿਹਲ ਹੀ ਕਿਸ ਨੂੰ ਹੈ ? ਅਤੇ ਜੇ ਕੋਈ ਚਾਹੇ ਵੀ ਤਦ ਇਤਨੀ ਹਿੰਮਤ ਕਿਥੋਂ ਲਿਆਵੇ, ਮਨੁਖ ਦਾ ਦਿਮਾਗ਼ ਇਕ ਵੇਲੇ ਇਕ ਹੀ ਕੰਮ ਕਰ ਸਕਦਾ ਹੈ ਅਤੇ ਸਰੀਰ ਨਾਲ ਮਿਹਨਤ ਦੀ ਭੀ ਹੱਦ ਹੈ। ਦੀਨ ਤੇ ਦੁਨੀਆਂ ਦੋਹਾਂ ਵਿਚੋਂ ਜੇਹੜਾ ਘਟ ਜ਼ਰੂਰੀ ਹੈ ਉਹ ਪਿਛੇ ਪੈ ਜਾਂਦਾ ਹੈ। ਜਿਥੇ ਪਾਠ ਰਖੇ ਵੀ

ਜਾਂਦੇ ਹਨ ਜਾਂ ਹੋਰ ਮਿਲ ਬੈਠਨ ਦੇ ਸਾਮਾਨ ਪੈਦਾ ਕੀਤੇ ਜਾਂਦੇ ਹਨ, ਉਹ ਭੀ ਲੋਕਾਂ ਨੂੰ ਇਕੱਠਾ ਕਰਕੇ ਪਾਰਟੀ ਪ੍ਰਾਪੇਗੰਡਾ ਲਈ ਹੀ ਹੁੰਦੇ ਹਨ।

ਜਿਨ੍ਹਾਂ ਗੱਲਾਂ ਦੀ ਥੋੜ ਸਰਦਾਰ ਜੋਗਿੰਦਰ ਸਿੰਘ ਪੰਥ ਵਿਚ ਮਹਿਸੂਸ ਕਰਦੇ ਹਨ, ਉਹਨਾਂ ਨੂੰ ਪਹਿਲੀ ਕਾਰੀ ਸੱਟ ਮਾਰਨ ਵਾਲੀ ਸਿੰਘ ਸਭਾ ਦੀ ਸੀ। ਸਿੰਘ ਸਭਾ ਨੇ ਆਪਣੇ ਸਾਰੇ ਢੰਗ ਆਰੀਆ ਸਮਾਜ, ਬ੍ਰਹਮੂ ਸਮਾਜ ਵਗੈਰਾ ਤੋਂ ਮਾਂਗਵੇ ਲਏ ਸਨ। ਸਿੰਘ ਸਭਾ ਦੇ ਜੋੜਮੇਲ ਹਫ਼ਤਾਵਾਰ ਐਤਵਾਰ ਨੂੰ ਹੋਇਆ ਕਰਦੇ ਸਨ। ਇਹਨਾਂ ਜੋੜਮੇਲਾਂ ਵਿਚ ਰਹਿਰਾਸ ਵਗੈਰਾ ਦਾ ਪਾਠ, ਗੁਰੂ ਗ੍ਰੰਥ ਸਾਹਿਬ ਦੀ ਕਥਾ, ਵਖਿਆਨ ਹੁੰਦੇ ਸਨ। ਇਤਿਹਾਸ ਪੁਸਤਕਾਂ ਵਿਚੋਂ ਸ਼ਹੀਦੀ ਸਾਕੇ ਪੜ੍ਹੇ ਜਾਂਦੇ ਸਨ। ਕੀਰਤਨ ਹੁੰਦੇ ਸਨ। ਰਬਾਬੀ ਤੇ ਰਮਤੇ ਸਾਧੂ ਭੀ ਉਥੇ ਹੀ ਆ ਜਾਂਦੇ ਸਨ। ਜੋੜਮੇਲ ਨੀਯਤ ਦਿਨ ਤੇ ਨੀਯਤ ਸਮੇਂ ਹੁੰਦੇ ਸਨ, ਅਗੇ ਵਾਲੀ ਬੇਠੁਕੀ ਨਹੀਂ ਸੀ। ਇਹਨਾਂ ਜੋੜਮੇਲਾਂ ਵਿਚ ਸ਼ਾਮਲ ਹੋਣ ਵਾਲਿਆਂ ਦੇ ਮਨ ਪਰ ਸਹਿਜ ਸੁਭਾ ਇਹ ਅਸਰ ਪਿਆ ਕਿ ਅਗੇ ਲਈ ਬਸ ਏਹ ਸਤਾਂ ਦਿਨਾਂ ਪਿਛੋਂ ਕੀਤੀ ਕਮਾਈ ਬਹੁਤੇਰੀ ਹੈ। ਨਿਤ ਦੇ ਕਰਮ ਦੀ ਕੀ ਲੋੜ ਹੈ। ਮੁਨਸ਼ੀਆਂ ਬਾਬੂਆਂ ਨੂੰ ਤੇ ਵਿਹਲ ਭੀ ਨਹੀਂ ਮਿਲਦੀ ਸੀ। ਰਬਾਬੀ, ਢਾਡੀ ਤੇ ਰਮਤੇ ਸਾਧੂ ਭੀ ਉਥੇ ਹੀ ਪਹੁੰਚਦੇ ਸਨ, ਜਿਥੇ ਉਹਨਾਂ ਨੂੰ ਕੁਝ ਪ੍ਰਾਪਤ ਹੋਵੇ, ਇਹ ਉਹਨਾਂ ਦੇ ਰੋਟੀ ਦੇ ਆਹਰ ਹਨ। ਜੋ ਯਾਫਤ ਹੁੰਦੀ, ਉਹ ਕਿਸੇ ਸਮੇਂ ਤਾਂ ਗੁਜ਼ਾਰੇ ਲਈ ਬਸ ਸੀ, ਪਰ ਹੁਣ ਨਹੀਂ ਸੀ। ਆਰਥਕ ਸਥਿਤਿ ਵਿਚ ਬੜਾ ਫਰਕ ਪੈ ਗਿਆ ਹੈ, ਪਿਛੇ ਦੇ ਟਾਕਰੇ ਤੇ ਰੁਪਏ ਦਾ ਮੁਲ ਹੁਣ ਪੰਜ ਆਨੇ ਨਾਲੋਂ ਵੀ ਘਟ ਹੈ। ਜਿਨ੍ਹਾਂ ਲੋਕਾਂ ਦੀ ਰੋਟੀ ਨ ਟੁਰੇ ਉਹ ਠਟਿਆਂ ਵਿਚ ਜਾਕੇ ਕੀਹ ਕਰਨ। ਪਿੰਡਾਂ ਦੇ ਕਦੀਮੀ ਸੇਪੀ ਕਮੀਆਂ ਨੇ ਤੇ ਪੁਰਾਣੇ ਰੁਜ਼ਗਾਰਾਂ ਨਾਲ ਗੁਜ਼ਾਰਾ ਹੁੰਦਾ ਨ ਵੇਖਕੇ ਸ਼ਹਿਰਾਂ ਵਿਚ ਮਿਹਨਤ ਮਜ਼ੂਰੀ ਕਰ ਲਈ ਹੈ। ਮਿਰਾਸੀ, ਰਬਾਬੀ ਢਾਡੀ ਤੇ ਰਮਤੇ ਸਾਧੂ ਜੋ ਪਿੰਡ ਦੀ ਕਮਜੂਨਿਟੀ ਦਾ ਕੋਈ ਕਾਰਾਮਦ ਹਿਸਾ ਨਹੀਂ, ਐਵੇਂ ਮੁਫ਼ਤ ਖੋਰ ਸਨ, ਉਹ ਜੇ ਟੁਰਦੇ ਹੋਣ ਤਦ ਏਸ ਵਿਚ ਹੈਰਾਨੀ ਵਾਲੀ ਕੇਹੜੀ ਗੱਲ ਹੈ। ਸ਼ਹਿਰਾਂ ਕਸਬਿਆਂ ਵਿਚ ਏਹਨਾਂ ਦੀ ਥਾਂ ਹੁਣ ਕੀਰਤਨੀ-ਜਥਿਆਂ ਨੇ ਮਲ ਲਈ ਹੈ-ਜੋ ਸਦਾ ਦੌਰੇ ਹੀ ਚੜ੍ਹੇ ਰਹਿੰਦੇ ਹਨ, ਇਕ ਗੁਰਦਵਾਰੇ ਤੋਂ ਦੂਜੇ ਤੇ ਦੂਜੇ ਤੋਂ ਤੀਜੇ ਪਏ ਫਿਰਦੇ ਹਨ। ਅਤੇ ਬੜੇ ਬੇਰੱਜ ਸਾਬਤ ਹੋ ਰਹੇ ਹਨ, ਸੈਂਕੜੇ ਉਗਰਾਹ ਕੇ ਵੀ ਤ੍ਰਿਸ਼ਨਾ ਨਹੀਂ ਮਿਟਦੀ। ਮੈਂ ਅਗੇ ਕਦੇ ਸਿਖ ਮੰਗਤੇ ਨਹੀਂ ਸਨ ਵੇਖੇ, ਪਿਛਲੇ ਕੁਝ ਵਰ੍ਹਿਆਂ ਵਿਚ ਕਿਤਨੇ ਹੀ ਅਕਾਲੀ ਤੇ ਸੰਤ ਬਾਣਿਆਂ ਵਿਚ ਪਿੰਨਦੇ ਵੇਖੇ ਹਨ। ਇਹ ਜ਼ਰੂਰ ਹੈ ਜੋ ਇਹ ਲੋਕ ਹਾਲੀ ਸਿਖ ਘਰਾਂ ਅਗੇ ਹੀ ਜਾਂਦੇ ਹਨ। ਗੁਰਦਵਾਰੇ ਬਨਾਣ ਜਾਂ ਲੰਗਰ ਦੇ ਬਹਾਨੇ ਜਾਂ ਹੋਰ ਤਰ੍ਹਾਂ ਦੀ ਠੱਗੀ ਨਾਲ ਰੁਪਿਆ ਇਕੱਠੇ ਕਰਨ ਵਾਲੇ ਵੀ ਬਹੁਤ ਵਧ ਗਏ ਹਨ। ਮੈਂ ਏਸ ਤੋਂ ਇਹ ਹੀ ਸਿੱਟਾ ਕਢਦਾ ਹਾਂ ਜੋ ਧਰਮ-ਭੇਖੀਆਂ ਦੀ ਗਿਣਤੀ ਬਹੁਤ ਹੋ ਗਈ ਹੈ, ਅਰ ਰੋਜ਼ਗਾਰ ਦੇ ਅਗਲੇ ਢੰਗ ਏਸ ਵਧਦੀ ਗਿਣਤੀ ਲਈ ਕਾਫ਼ੀ ਨਹੀਂ ਰਹੇ।

ਅਕਾਲੀ ਲਹਿਰ ਤਾਂ ਉਠੀ ਹੀ ਗੁਰਦਵਾਰਿਆਂ ਦੇ ਸੁਧਾਰ ਅਤੇ ਅਛੂਤਾਂ ਦੇ ਉਧਾਰ ਲਈ ਸੀ। ਅਨਪੜ੍ਹ ਤੇ ਬਦਚਲਨ ਮਹੰਤ ਪੁਜਾਰੀ ਨਿਕਲ ਭੀ ਗਏ ਹਨ ਅਤੇ ਉਹਨਾਂ ਦੀ ਥਾਂ ਨਿਸਬਤਨ ਚੰਗੇਰੇ ਆਦਮੀਆਂ ਨੇ ਲੈ ਲਈ ਹੈ। ਪਿਛਲੇ ਚਾਲੀ ਵਰ੍ਹਿਆਂ ਵਿਚ ਜੋ ਲਹਿਰ ਸਿਖਾਂ ਅੰਦਰ ਉਠੀ ਹੈ ਉਹ ਧਰਮ ਦੇ ਵਾਧੇ ਅਤੇ ਧਾਰਮਕ ਸੰਸਥਾਵਾਂ, ਮੰਦਰਾਂ ਆਦਿ ਦੇ ਸੁਧਾਰ ਲਈ ਸੀ। ਕੋਈ ਕੰਮ ਧਰਮ ਵਲੋਂ ਅਰੁਚੀ ਪੈਦਾ ਕਰਨ ਵਾਲਾ ਜਾਣ ਬੁਝ ਕੇ ਨਹੀਂ ਹੋਇਆ। ਫੇਰ ਏਹ ਸ਼ਿਕਾਇਤ ਕਿਉਂ? ਅੰਤ ਅਜਿਹੇ ਫਲ ਨਿਕਲਨ ਦਾ ਕੀਹ ਸਬਬ? ਜੇ ਇਹ ਸ਼ਿਕਾਇਤ ਸੱਚੀ ਹੈ ਤੇ ਹੈ ਸੱਚੀ, ਤਦ ਏਸਦਾ ਕਾਰਣ ਇਕ ਹੀ ਹੋ ਸਕਦਾ ਹੈ। ਅਤੇ ਉਹ ਹੈ ਪਛਮੀ ਸਾਊ ਕੌਮਾਂ ਨਾਲ ਸੰਸਰਗ ਅਤੇ ਪਛਮੀ ਵਿਦਿਆ ਦਾ ਪ੍ਰਚਾਰ। ਏਸੇ ਵਿਦਿਆ ਦੇ ਪ੍ਰਚਾਰ ਲਈ ਅਸਾਂ ਸੈਂਕੜੇ ਸਕੂਲ ਤੇ ਕਈ ਕਾਲਜ ਖੋਲ੍ਹੇ ਹਨ ਅਤੇ ਆਪਣੇ ਏਸ ਕੰਮ ਪੁਰ ਫ਼ਖ਼ਰ ਵੀ ਕਰਦੇ ਹਾਂ। ਪਰ ਜਦ ਇਹ ਵਿਦਿਆ ਆਪਣਾ ਫਲ ਦੇਂਦੀ ਹੈ ਤਦ ਪਛਤਾਂਦੇ ਹਾਂ ਅਤੇ ਕਹਿੰਦੇ ਹਾਂ ਕਿ ਪੜ੍ਹੇ ਲਿਖੇ ਲਾ-ਮਜ਼ਹਬ ਹੁੰਦੇ ਜਾਂਦੇ ਹਨ, ਸਵੇਰੇ ਦਾ ਵੇਲਾ ਚਾਹ ਪੀਨ ਤੇ ਅਖ਼ਬਾਰਾਂ ਦੇ ਪੜ੍ਹਨ ਵਿਚ ਗੁਜ਼ਾਰਦੇ ਹਨ ਅਤੇ ਸੰਧਿਆ ਨੂੰ ਟੈਨਿਸ, ਬੇਡਮਿੰਟਨ ਆਦ ਖੇਡਾਂ ਅਤੇ ਕਲੱਬਾਂ ਵਿਚ ਤਾਸ਼ ਖੇਡਕੇ ਲੰਘਾ ਦੇਂਦੇ ਹਨ, ਜਾਂ ਸਿਨਿਮਾ ਰਾਗ-ਪਾਰਟੀਆਂ ਵਿਚ ਚਲੇ ਜਾਂਦੇ ਹਨ। ਪਿੰਡਾਂ ਤਕ ਵਿਚ ਸ਼ਾਂਝ ਦੇ ਸ਼ੁਗਲ ਹੁਣ ਗ੍ਰਾਮੋਫ਼ੋਨ ਰੇਡਿਓ ਤੇ ਬ੍ਰਿਜ ਹੋ ਗਏ ਹਨ। ਜਪੁਜੀ, ਆਸਾ ਦੀ ਵਾਰ, ਰਹਿਰਾਸ, ਕੀਰਤਨ ਸੋਹਿਲਾ ਵਗੈਰਾ ਦੀ ਕਿਸੇ ਨੂੰ ਪ੍ਰਵਾਹ ਨਹੀਂ ਰਹੀ। ਏਹ ਗਲਾਂ ਬਹੁਤ ਹਦ ਤਕ ਠੀਕ ਹਨ, ਪਰ ਇਸਦੀ ਜ਼ਿਮੇਵਾਰੀ ਕਿਸੇ ਦੂਜੇ ਦੇ ਸਿਰ ਤੇ ਨਹੀਂ ਹੈ।

ਗਲ ਇਹ ਹੈ ਜੋ ਪੁਰਾਣੇ ਸਮੇਂ ਨਿਸਚੇ ਭਰੋਸੇ ਦੇ ਡੁਲਾਣ ਲਈ ਕੋਈ ਸਬਬ ਮੌਜੂਦ ਨਹੀਂ ਸਨ, ਲੋਕ ਸਿਧੇ ਸਾਦੇ ਸਨ, 'ਸ਼ਬਦ'-ਪ੍ਰਮਾਣ ਉਹਨਾਂ ਲਈ ਅਲੰਘ ਸੀ, ਜੋ ਸੁਣਦੇ ਪੜ੍ਹਦੇ ਸਨ ਬਿਨਾ ਸੋਚ ਵਿਚਾਰ ਸੱਚ ਮੰਨ ਲੈਂਦੇ ਸਨ। ਇਹੋ ਸਬਬ ਸੀ ਜੋ ਬਾਣੀ ਦੇ ਪੜ੍ਹਨ ਸੁਣਨ ਅਤੇ ਨਿਤਨੇਮ ਕਰਨ ਦਾ ਵਧੇਰੇ ਪ੍ਰਚਾਰ ਸੀ। ਇਹ ਕੰਮ ਭਲਿਆਂ ਲੋਕਾਂ ਦੇ ਸਮਝੇ ਜਾਂਦੇ ਸਨ ਤੇ ਲੋਕ ਰੀਸੋ ਰੀਸੀ ਭੀ ਕਰਦੇ ਸਨ। ਫੇਰ ਸੰਝ ਦਾ ਸਮਾਂ ਲੰਘਾਣ ਦੇ ਅੱਜ ਕਲ ਵਰਗੇ ਕਈ ਸਾਮਾਨ ਤੇ ਸੁਥਰੇ ਢੰਗ ਮੌਜੂਦ ਨਹੀਂ ਸਨ ਜਿਨ੍ਹਾਂ ਨਾਲ ਦਿਨ ਭਰ ਦੀ ਥਕਾਵਟ, ਸਰੀਰ ਦੀ ਤੇ ਮਨ ਦੀ ਦੂਰ ਕਰ ਸੱਕਣ ਅਤੇ ਦਿਲ ਬਹਲਾ ਸਕਣ। ਪੈਲੀ ਬੰਨੇ ਜਾਂ ਹੱਟੀ ਤੇ ਘਰ ਆਏ, ਵੇਹਲੇ ਹੋਏ ਕੁਝ ਬਾਣੀ ਪੜ੍ਹੀ ਤੇ ਸਵੀਂ ਸਾਂਝੀਂ ਸੌਂ ਗਏ। ਸ਼ਬਦੇ ਹੀ ਸੁਤੇ ਤੇ ਸ਼ਬਦੇ ਹੀ ਉਠ ਬੈਠੇ। ਬੁਢਿਆਂ ਨੂੰ ਨੀਂਦ ਵੈਸੇ ਹੀ ਘਟ ਆਉਂਦੀ ਹੈ, ਦੁਪਹਿਰ ਭੀ ਅਕਸਰ ਨੇ ਕਟ ਲੈਂਦੇ ਹਨ। ਅੰਮ੍ਰਿਤ ਵੇਲੇ ਤਿਨ ਚਾਰ ਵਜੇ ਹੀ ਜਾਗ ਖੁਲ੍ਹ ਗਈ। ਮੰਜੇ ਤੇ ਉਸਲਵੱਟੇ ਲੈਣ ਦੀ ਥਾਂ ਬਾਣੀ ਪੜ੍ਹਨ ਲਗ ਪਏ ਅਤੇ ਸਮਝੇ ਜੋ ਬੜਾ ਚੰਗਾ ਕੰਮ ਕਰ ਰਹੇ ਹਾਂ, ਅਗਾ ਸਵਾਰ ਰਹੇ ਹਾਂ।

ਪਰ ਹੁਣ ਦੁਨੀਆਂ ਬਦਲ ਗਈ ਹੈ। ਜੇ ਕਈ ਕਿਸੇ ਕਲੱਬ ਜਾਂ ਹੋਰ ਮਜਲਿਸ ਵਿਚ ਜਾਕੇ ਧਰਮ ਕਰਮ ਦੀ ਗਲ ਛੇੜ ਦੇਵੇ ਤਦ ਉਸਨੂੰ ਸਿਸ਼ਠ ਸੋਸਾਇਟੀ ਵਿਚ ਮਿਲ

-ਅਹਿਲ ਸਮਝਿਆ ਜਾਂਦਾ ਹੈ । ਸ਼ਹਿਰਾਂ ਕਸਬਿਆਂ ਨੂੰ ਛਡ ਦਿਓ, ਪਿੰਡਾਂ ਤੇ ਵਧੀਕ ਦਿਲ ਪਰਚਾਵੇ ਅਤੇ ਸਿਖਿਆ ਲੈਣ ਦੇ ਸੁਥਰੇ ਸਾਮਾਨ ਮੁਹੱਯਾ । ਅਤੇ ਲੋਕੀ ਗੁਰਦਵਾਰੇ ਵਿਚ ਬਾਣੀ ਪੜ੍ਹਨ ਸੁਣਨ ਦੀ ਥਾਂ ਉਧਰ ਵਧੇਰੇ ਨ । ਇਹ ਤਬਦੀਲੀ ਮਾੜੀ ਹੈ ਜਾਂ ਚੰਗੀ ਪਰ ਹੋ ਜ਼ਰੂਰ ਗਈ ਹੈ ਅਤੇ ਹੁਣ ਨਾ ਅਤੇ ਪੁਰਾਣੀ ਦੁਨੀਆਂ ਨੂੰ ਮੋੜ ਲਿਆਉਣਾ ਅਜਿਹਾ ਹੀ ਸੌਖਾ ਦਿਸਦਾ ਹੈ ਨੂੰ ਮੋੜਕੇ ਆਪਣੇ ਸੋਮੇ ਵਲ ਲੈ ਜਾਣਾ । ਸਿਖ ਭੀ ਏਸ ਦੁਨੀਆਂ ਦਾ ਹਿੱਸਾ ਬਦੀਲੀ ਤੋਂ ਬਚੇ ਨਹੀਂ ਰਹਿ ਸਕਦੇ, ਇਸ ਵਾਸਤੇ ਏਹ ਅਸਰ ਉਨ੍ਹਾ ਤੇ ।

ਾ ਇਲਾਜ ਕੀ ਹੋਵੇ ? ਇਹ ਤਬਦੀਲੀ ਕੀ ਨੁਕਸਾਨ ਪੁਚਾ ਰਹੀ ਹੈ ? ਾਨਾਂ ਨੇ ਸੋਚਣਾ ਹੈ ।

ਦੁਨੀਆਂ ਦੇ ਕੰਮ ਨਹੀਂ ਆ ਸਕਦੀ ਉਹ 'ਅੰਦਰਲੀ ਪਵਿਤ੍ਰਤਾ' ਕੀਹ ਵਸਤੂ ।ਸੀਂ ਨਹੀਂ ਜਾਣਦੇ ! ਮਜ਼ਹਬਾਂ ਵਾਲੇ ਜੋ ਕੁਝ ਕਰ ਰਹੇ ਹਨ, ਸੰਗਤ ਵਿਚ ਕੇਲੇ ਬੈਠਕੇ ਉਹਨਾਂ ਤੋਂ ਵਖ ਜੋ ਕੁਝ ਹੋਰ ਮੁਜ਼ਹਬੀ ਸੁਚਾਈ ਹੈ ਤਾਂ ਉਹ ਕਿਸ ਾ realise ਕਰਨਾ ਕੇਹੜੇ ਅਰਥ ਜੇ ਏਸ ਜਗਤ ਵਿਚ ਧਰਮ ਦੀ ਸੁਚਾਈ ਨੇ ਰੈਣਾ ਤਦ ਉਸਦਾ ਹੋਣਾ ਅਨਹੋਣਾ ਇਕ ਬ੍ਰਾਬਰ ਹੈ ਸਚ ਇਹ ਹੈ ਜੇ ਅਜ ਕਲ ੜੇ ਲਫ਼ਜ਼ (Truth of religion, Realising this truth, Inner purity) ਬੇ-ਮਾਅਨੇ ਲਫ਼ਜ਼ ਹਨ, ਜਿਹਨਾਂ ਦੇ ਪਿਛੇ ਕੁਝ ਭੀ ਸਾਰ ਨਹੀਂ ਖਾਲੀ ਸ ਦੇਣ ਲਈ ਘੜੇ ਗਏ ਹਨ ਤੇ (Mere Verbiage) ਹਨ !

---

# ਕੀ ਤੁਸੀਂ ਜਾਣਦੇ ਹੋ

ਟੇਟਰਾਂ ਵਿਚ ਬਾਹਲੇ ਖਾਣ ਪੀਣ ਵਿਚ ਵੈਸ਼ਨੋ ਹਨ। ਅਰਥਾਤ ਨਹੀਂ ਖਾਂਦੇ ।

ਤਬ੍ਰੇਰੀਆ ਵਿਚ ਰਵਾਜ ਹੈ ਕਿ ਜਿਸ ਘਰ ਵਿਚ ਕੋਈ ਕੁਆਰੀ ਕੁੜੀ ਾਹ-ਯੋਗ ਰਹਿੰਦੀ ਹੋਵੇ ਉਸਦੇ ਬਾਹਰ ਗੁਡੀਆਂ ਲਟਕਾ ਦੇਂਦੇ ਹਨ ।

। ਵਿਚ ਮੰਗਤਿਆਂ ਦਾ ਆਪਣਾ ਅਖਬਾਰ ਹੈ ।

ਟਰੀਆ ਵਿਚ ਵੋਟਰਾਂ ਨੂੰ ਜੁਰਮਾਨਾ ਕੀਤਾ ਜਾਂਦਾ ਹੈ ਜੇ ਉਹ ਵੋਟ ਪਾਣ ਦਿਨ ਵੋਟ ਪਾਉਣ ਨਾਂ ਜਾਣ ।

ਅਸਲ ਵਿਚ ਆਇਰਿਸ਼ ਲੁਟੇਰਿਆਂ ਨੂੰ ਕਿਹਾ ਜਾਂਦਾ ਸੀ !

ਗੀਅਰ ਫਰਾਂਸ ਦੇ ਪ੍ਰਾਈਮ ਮਨਿਸਟਰ ਨੂੰ ਇਕ ਵੇਰਾਂ ਫੈਸਿਸਟ ਕੇ ਲੈ ਗਏ ਸਨ !

ਫੁਲਵਾੜੀ ਮਾਰਚ 1939

ਖਾਸ ਲੇਖ:—

# ਬੁਰਛਾ-ਗਰਦੀ ਦੀ ਬੀਮਾਰੀ

ਇਕ ਵੇਰਾਂ ਫਿਰ ਸਿੱਖਾਂ ਦੇ ਸ੍ਰੋਮਣਿ, ਸਤਿਕਾਰ ਯੋਗ ਤੇ ਮੁਖੀ ਧਰਮ ਅਸਥਾਨ ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਬੁਰਛਾ-ਗਰਦੀ ਦ ਦੁਖ ਭਰੇ ਨਜ਼ਾਰੇ ਵੇਖੇ ਗਏ। ਇਹ ਦੁਰ... ਘਟਨਾ ੧੦ ਮਾਰਚ੧੯੩੯ ਨੂੰ ਹੋਈ। ੬ ਮਾਰਚ ਨੂੰ ਹੋਲੇ ਮਹੱਲੇ ਦੇ ਜਲੂਸ ਦੇਸਬੰਧ ਵਿ... ਗੜ-ਬੜੀ ਵਧ ਰਹੀ ਸੀ। ਮੌਜੂਦਾ ਪ੍ਰਬੰਧ ਦੇ ਵਿਰੁਧ ਕਈ ਤਰ੍ਹਾਂ ਦੀਆਂ ਨਾਰਾਜ਼ਗੀਆਂ... ਇਕੱਠੀਆਂ ਹੋ ਗਈਆਂ ਸਨ। ਆਖਰ ੧੦ ਮਾਰਚ ਨੂੰ ਉਸ ਪਵਿਤ੍ਰ ਇਤਿਹਾਸਕ... ਧਾਰਮਕ ਅਸਥਾਨ ਉਤੇ—ਜਿਥੋਂ ਸਚੇ ਧਰਮ, ਮਿਲਾਪ, ਸਹੀ ਜਥੇ-ਬੰਦੀ, ਰਾਇ ਦੀ ਆਜ਼ਾ... ਤੇ ਮਤ੍ਰਿਭੇਦ ਦੇ ਸਤਿਕਾਰ, ਕੁਰਬਾਨੀ ਤੇ ਸੇਵਾ ਦੀ ਸਿਖਿਆ ਲੈਣੀ ਚਾਹੀਦੀ ਹੈ—ਨਿਹਾਇ... ਅਫ਼ਸੋਸ ਨਾਕ ਬੁਰਛਾ-ਗਰਦੀ ਦੇ ਸੀਨ ਨਜ਼ਰ ਆਏ। ਲੜਾਈ ਹੋਈ, ਗਾਲ੍ਹਾਂ ਦਿੱਤੀ... ਗਈਆਂ ਕੁਟਾਪੇ ਹੋਏ ਪਰ ਖੁਸ਼ੀ ਦੀ ਗੱਲ ਹੈ ਕਿ ਇਸ ਬੁਰਛਾ-ਗਰਦੀ ਦੀ ਜ਼ੋਰਦ... ਨਿਖੇਧੀ ਵੀ ਸ਼ੁਰੂ ਹੋ ਗਈ ਹੈ। ਬੁਰਛੇ-ਗਰਦੀ ਜਥੇ-ਬੰਦੀ ਅਨੁਸਾਰ ਕੰਮ ਕੀਤੇ ਗਏ ਪ... ਨੂੰ ਖੱਪ ਪਾ ਕੇ ਨਸ਼ਟ ਭ੍ਰਸ਼ਟ ਕਰਨ ਦਾ ਦੂਜਾ ਨਾਂ ਹੈ ਅਤੇ ਇਸ ਦੀ ਨਾ ਸਿਰਫ਼ ਹਰ ਪਾਸਿ... ਜ਼ੋਰਦਾਰ ਨਿਖੇਧੀ ਹੋਣੀ ਲਾਜ਼ਮੀ ਹੈ ਬਲਕਿ ਇਸ ਬੀਮਾਰੀ ਦੀ ਖੋਜ ਕਰ ਕੇ ਇਸ... ਜੜ੍ਹ ਹੀ ਟਣ ਦੀ ਲੋੜ ਹੈ, ਨਹੀਂ ਤਾਂ ਕੋਈ ਵੀ ਪਾਰਟੀ ਕਿਸੇ ਪ੍ਰਬੰਧ ਨੂੰ ਕਦੀ... ਆਰਾਮ ਨਾਲ ਨਹੀਂ ਚਲਾ ਸਕੇਗੀ।

ਜੇ ਏਹ ਇਕੋ ਇਕ ਤਖਤ ਅਕਾਲ ਸਾਹਿਬ ਵਾਲੀ ਘਟਨਾ ਹੋਈ ਹੁੰਦੀ ਤਾਂ ਬ... ਤੌਖਲਾ ਨਾ ਹੋਂਦਾ ਪਰ ਮਨੂੰ ਤਾਂ ਪ੍ਰਥਕ ਸਰੀਰ ਵਿਚ ਬੁਰਛਾ-ਗਰਦੀ ਇਕ chronic de... ਪੁਰਾਣੀ ਬੀਮਾਰੀ ਵਾਂਗ ਚਮੜੀ ਹੋਈ ਦਿਸ ਰਹੀ ਹੈ ਇਸ ਵਾਸਤੇ ਜਦ ਤੀਕਣ... ਬੀਮਾਰੀ ਦੀ ਜੜ੍ਹ ਨੂੰ ਪਕੜ ਕੇ ਉਸਦਾ ਪੂਰਾ ਪੂਰਾ ਇਲਾਜ ਨਹੀਂ ਸੋਚਿਆ ਜਾਏ... ਸਥਾਨਕ ਤੇ ਆਰਜ਼ੀ ਨਿਖੇਧੀਆਂ ਨਾਲ ਕੇਵਲ ਆਰਜ਼ੀ ਹੀ ਅਸਰ ਹੋਵੇਗਾ।

ਜਿਵੇਂ ਕਿਸੇ ਪਿੰਡ ਜਾਂ ਸ਼ਹਿਰ ਵਿਚ ਗੰਦਗੀ ਤੇ ਮੱਛਰਾਂ ਦੀ ਭਰਮਾਰ ਹੈ... ਮਲੇਰੀਆ ਜ਼ਰੂਰ ਹੋਵੇਗਾ। ਇਕੜ ਦੁਕੜ ਬੀਮਾਰ ਤਾਂ ਹਮੇਸ਼ਾਂ ਹੀ ਰਹਿਣਗੇ, ਪਰ... ਵਿਚ ਤਾਂ ਏਹ ਬੁਰੀ ਤਰ੍ਹਾਂ ਫੁਟੇਗਾ ਤੇ ਘਾਣ ਲਾਹੇਗਾ। ਇਲਾਜ ਤਾਂ ਇਕੱਲੇ ਇ... ਬੀਮਾਰ ਦਾ ਵੀ ਹੋਣਾ ਚਾਹੀਦਾ ਹੈ ਪਰ ਪਿੰਡ ਜਾਂ ਸ਼ਹਿਰ ਵਿਚੋਂ ਬੀਮਾਰੀ ਦੀਆਂ... ਪਟਣ ਲਈ ਗੰਦਗੀ ਤੇ ਮੱਛਰਾਂ ਨੂੰ ਬਿਲਕੁਲ ਖਤਮ ਕਰਨ ਦੀ ਲੋੜ ਪਏਗੀ।

[illegible] ਸਾਫ ਹੋ ਜਾਵੇ ਫਿਰ, ਬੀਮਾਰੀ ਦਾ ਵੀ [illegible]

[illegible] ਗਰਦੀ ੧੦ ਮਾਰਚ ਨੂੰ ਤਖਤ ਅਕਾਲ ਸਾਹਿਬ ਦੇ [illegible] ਅਚਨ-ਚੇਤੀ ਘਟਨਾ ਨਹੀਂ ਹੈ। ਇਸਦੇ ਕਾਰਨ [illegible] ਪਿਛਲੀਆਂ ਗੁਰਦੁਆਰਾ ਚੋਣਾਂ ਨਾਲ ਵੀ ਜੁੜਦੇ [illegible] ਦੀਵਾਨਾਂ ਵਿਚ ਖੱਪਾਂ ਪਈਆਂ, ਗੁਰੂ ਗ੍ਰੰਥ [illegible] ਬਰਛਾ ਗਰਦੀਆਂ ਮਚੀਆਂ, ਗਾਲੋ ਗਾਲੀ ਤੇ [illegible] ਚੋਣਾਂ ਵਿਚ ਡਾਂਗਾਂ ਚਲੀਆਂ, ਤੀਵੀਆਂ ਵਿਚ ਵੀ [illegible] ਗਰਦੀ ਤੇ ਬਰਛਾ ਗਰਦੀ ਲਈ ਸ਼ਰਾਬਾਂ ਵੰਡੀਆਂ [illegible] ਉਤੇ [illegible] ਪਾਣ ਵਾਲੀਆਂ ਤੀਵੀਆਂ ਮਗਾਈਆਂ [illegible] ਪਧਤ ਕੀਤੀਆਂ ਗਈਆਂ, ਵਡੇ ਵਡੇ ਲੀਡਰਾਂ [illegible] ਸਿਖ ਪੰਥ ਦੇ ਸਭ ਤੋਂ ਉਚੇ ਮੰਨੇ ਗਏ ਧਰਮ [illegible] ਨਜ਼ਾਰੇ ਵੇਖਣੇ ਪਏ। ਗੁਰਦੁਆਰਾ ਚੋਣਾਂ [illegible] ਗਰਦੀ ਹੋਂਦੀ ਰਹੀ ਉਹ ਲੀਡਰਾਂ ਤੇ [illegible] ਸਿਲਸਿਲਾ ਬੰਦ ਕਰਨ ਦਾ ਸਹੀ ਤੇ [illegible] ਅਗੇਰੇ ਅਗੇ ਤੁਰਿਆ ਗਿਆ ਤੇ [illegible] ਅਤੇ ਪੱਗਾਂ ਦੀ ਥਾਂ ਸਿਰ ਲਹਿਣ [illegible]

[illegible] ਫੈਲਾਣ ਤੋਂ ਹੋਂਦਾ ਹੈ, ਫਿਰ ਗਾਲਾਂ ਤੇ [illegible] ਫਿਰ ਹਥੋ ਪਾਈ, ਪਗੋ ਹੱਥੀ ਤੇ ਜੁਤੀਓ ਜੁਤੀ ਹੋਈਦਾ, [illegible] ਸ਼ੁਰੂ ਹੋਂਦੀ ਹੈ। ਜਦੋਂ ਅਦਾਲਤਾਂ ਵਿਚ ਛਿੱਦਾਂ [illegible] ਤੇ ਝੂਠੀਆਂ ਘਾੜਤਾਂ ਸ਼ੁਰੂ ਹੋਂਦੀਆਂ ਹਨ, ਵੈਰ ਵਿਰੋਧ [illegible] ਭੜਕਦੀ ਹੀ ਜਾਂਦੀ ਹੈ ਤਾਂ ਫ਼ਿਰ ਕ੍ਰਿਪਾਨਾਂ ਤੇ ਛਵ੍ਹੀਆਂ ਦੀ [illegible] ਇਸ ਤਰ੍ਹਾਂ ਜਦੋਂ ਬੇ-ਇਤਬਾਰੀ, ਸ਼ੱਕ, ਵੈਰ ਵਿਰੋਧ, ਤੇ ਬਦਲਾ [illegible] ਹਾਲਾਤ ਪੈਦਾ ਹੋ ਜਾਣ ਤਾਂ ਹਰ ਜਗਾ ਗੜਬੜੀ ਮਚਣੀ ਸ਼ੁਰੂ ਹੋ ਜਾਂਦੀ ਹੈ। ਸੁ [illegible] ਇਕ ਘਟਨਾ ਦੀ ਨਿਖੇਧੀ ਨਾਲ ਕੀ ਬਣੇਗਾ? ਲੋੜ ਹੈ, ਸਮੁੱਚੇ ਤੌਰ ਤੇ ਇਸ [illegible] ਦੀ ਤਹਿ ਤਕ ਪਹੁੰਚਣ ਤੇ ਇਲਾਜ ਕਰਨ ਦੀ।

ਸਿਖ ਪੰਥ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਦੇ ਮਗਰੋਂ, ਸਿਖ ਰਾਜ ਦੇ ਅੰਤਲੇ [illegible] ਬਰਛਾ ਗਰਦੀ ਸਿਖਰ ਤੇ ਪੁੱਜੀ ਹੋਈ ਸੀ। ਜਦੋਂ ਰਾਜ ਪ੍ਰਬੰਧ ਦੀ ਵਾਗ ਡੋਰ [illegible] ਤਾਕਤ ਦੀ ਗੱਦੀ ਤੇ ਪੋਜੀਸ਼ਨਾਂ ਸਾਂਭਣ ਲਈ ਵਖ ਵਖ ਪਾਰਟੀਆਂ ਵਿਚ ਘੋਲ ਸ਼ੁਰੂ [illegible] ਸੀ, ਓਦੋਂ ਹੀ ਬਰਛਾ ਗਰਦੀ ਦਾ ਬੀਜ ਬੀਜਿਆ ਗਿਆ। ਫ਼ੌਜ ਦੀ ਖੁਸ਼ਾਮਦ ਸ਼ੁਰੂ [illegible]। ਕਦੀ ਇਕ ਧਿਰ ਫੌਜੀ ਪੰਚੈਤ ਨੂੰ ਤਨਖਾਹਾਂ ਦੀਆਂ ਤਰੱਕੀਆਂ ਤੇ ਇਨਾਮਾਂ ਦਾ

ਲਾਲਚ ਦੇਕੇ ਆਪਣੇ ਵਿਰੋਧੀ ਨੂੰ ਮਰਵਾਕੇ ਬੁਰਛਾ ਗਰਦੀ ਕਰਾਂਦੀ ਸੀ। ਕਦੀ ਦੂਜੀ ਧਿਰ ! ਇਕ ਡੂੰਘੀ ਗੂੰਦ ਨੇ ਜਦੋਂ ਮਹਾਰਾਜਾ ਖੜਗ ਸਿੰਘ ਜੀ ਤੇ ਨੌ ਨਿਹਾਲ ਸਿੰਘ ਦਾ ਖਾਤਮਾਂ ਕੀਤਾ। ਫਿਰ ਵਾਰੋ ਵਾਰੀ ਰਾਣੀ ਚੰਦ ਕੌਰ, ਮਹਾਰਾਜਾ ਸ਼ੇਰ ਸਿੰਘ, ਧਿਆਨ ਸਿੰਘ, ਹੀਰਾ ਸਿੰਘ, ਜਵਾਹਰ ਸਿੰਘ ਆਦਿ ਕਤਲ ਹੋਂਦੇ ਚਲੇ ਗਏ ! ਅਸਲ ਹਕੂਮਤ ਦੀ ਵਾਗ ਡੋਰ ਫੌਜੀ ਪੰਚੇਤ ਦੇ ਹਥ ਚਲੀ ਗਈ ਸੀ, ਜਿਸ ਨੂੰ ਰਾਜ ਪ੍ਰਬੰਧ ਤੇ ਰਾਜ ਨੀਤੀ ਨਾਲ ਕੋਈ ਵਾਸਤਾ ਨਹੀਂ ਸੀ। ਜੇਹੜੇ ਆਦਮੀ ਆਪਣੀਆਂ ਖੁਦਗਰਜੀਆਂ ਲਈ ਪਹਿਲਾਂ ਫੌਜ ਨੂੰ ਪ੍ਰੇਰਕੇ ਉਸਤੋਂ ਬੁਰਛਾ ਗਰਦੀ ਕਰਵਾਕੇ ਉਸਦੀ ਸਰਪ੍ਰੱਸਤੀ ਕਰਦੇ ਰਹੇ, ਮਗਰੋਂ ਉਹ ਆਪ ਵੀ ਉਸੇ ਬੁਰਛਾ ਗਰਦੀ ਦਾ ਸ਼ਿਕਾਰ ਹੋ ਗਏ!ਹਾਲਤ ਇਥੋਂ ਤਕ ਅਪੜ ਗਈ ਕਿ "ਜੇਹੜਾ ਬਹੇ ਗਦੀ ਉਹਨੂੰ ਮਾਰ ਦੇਂਦੇ, ਨਹੀਂ ਛਡਣਾ ਸਾਧ ਤੇ ਸੰਤ ਮੀਆਂ।" ਅੰਤ ਨੂੰ ਇਸਦਾ ਉਹ ਭਿਆਨਕ ਤੇ ਦੁਖ ਮਈ ਨਤੀਜਾ ਨਿਕਲਿਆ ਕਿ ਜਿਸ ਨੂੰ ਯਾਦ ਕਰਕੇ ਹੁਣ ਵੀ ਅਖਾਂ ਡੁਲ੍ਹ ਪੈਂਦੀਆਂ ਹਨ । ਪੰਜਾਬ ਵਿਚ ਸਿਖ ਪੰਥ ਦੀਆਂ ਪੰਚੈਤੀ-ਜੁਗ ਲਿਆਉਣ ਵਾਲੀਆਂ ਅਦੁੱਤੀ ਘਾਲਾਂ ਹੀ ਨਸ਼ਟ-ਭ੍ਰਿਸ਼ਟ ਨਹੀਂ ਹੋਈਆਂ ਬਲਕੇ ਮਹਾਰਾਜਾ ਰਣਜੀਤ ਸਿੰਘ ਦੀ ਬਣਾਈ ਪੰਜਾਬ ਦੀ ਜ਼ਬਰਦਸਤ ਫੌਜੀ ਤਾਕਤ ਅਤੇ ਪੰਜਾਬੀ ਰਾਜ ਦੇ ਸੁਪਨੇ ਬਰਬਾਦ ਹੋਣ ਨਾਲ ਹਿੰਦੁਸਤਾਨ ਵੀ ਪਕੇ ਤੌਰ ਤੇ ਗੁਲਾਮ ਬਣ ਗਿਆ ! ਜਿਸਦਾ ਫਲ ਅਸੀਂ ਸੌ ਸਾਲ ਤੋਂ ਗੁਲਾਮੀ ਦੀਆਂ ਛਟਾਂ ਢੋ ਰਹੇ ਤੇ ਬੇ-ਇਜ਼ਤ ਹੋ ਰਹੇ ਹਾਂ। ਪਰ ਜੋ ਕੁਝ ਵੀ ਹੋਇਆ, ਹਾਲਤ ਦੇ ਮੁਤਾਬਕ ਹੋਇਆ। ਬੁਰਛਾ-ਗਰਦੀ ਗੱਦੀ-ਦਾਰੀ ਦੀ ਨੀਂਹ ਵਿਚ ਹੈ । ਇਸ ਵਿਚੋਂ ਪੈਦਾ ਹੋਕੇ ਇਸ ਨੂੰ ਹੀ ਤਬਾਹ ਕਰਦੀ ਰਹਿੰਦੀ ਹੈ । ਸਖਸ਼ੀ ਲਾਭਾਂ ਤੇ ਤਾਕਤਾਂ ਤੇ ਪੋਜ਼ੀਸ਼ਨਾਂ ਉਤੇ ਕਬਜ਼ਿਆਂ ਲਈ ਗੋਂਦਾਂ, ਬੇ-ਇਤਬਾਰੀਆਂ, ਸ਼ਕਾਂ ਦਾ ਫਲ ਕਤਲ ਅਤੇ ਤਬਾਹੀ ਬਗੈਰ ਹੋਰ ਨਿਕਲ ਵੀ ਕੀ ਸਕਦਾ ਹੈ ।

ਬੁਰਛੇ-ਗਰਦੀ ਬੜੀ ਤਬਾਹਕੁਨ ਚੀਜ਼ ਹੈ। ਇਹ ਪ੍ਰਬੰਧ ਨੂੰ, ਤਾਕਤ ਨੂੰ, ਜਥੇਬੰਦੀ ਨੂੰ ਧਰਮ ਦੇ ਅਸੂਲਾਂ ਨੂੰ ਅਤੇ ਉਮੰਗਾਂ ਤੇ ਆਸਾਂ ਨੂੰ ਬਰਬਾਦ ਕਰਨ ਵਾਲੀ ਹੈ। ਜਿਸ ਘਰਾਣੇ ਵਿਚ, ਜਿਸ ਕੌਮ ਵਿਚ, ਜਿਸ ਦੇਸ਼ ਵਿਚ ਇਹ ਪੈਰ ਆ ਧਰੇ ਉਹ ਤਬਾਹ ਹੋ ਜਾਂਦਾ ਹੈ। ਉਹ ਦੂਜਿਆਂ ਦਾ ਗੁਲਾਮ ਬਣ ਜਾਂਦਾ ਹੈ ਉਸ ਵਿਚ ਨਿਰਾ ਪਖੰਡ ਤੇ ਵਿਖਾਵਾ ਰਹਿ ਜਾਂਦਾ ਹੈ, ਅਸਲੀਅਤ ਗੁੰਮ ਹੋ ਜਾਂਦੀ ਹੈ।

ਬੁਰਛਾ-ਗਰਦੀ ਬੁਰੀ ਹੈ, ਬੁਰਛਾ-ਗਰਦੀ ਮਚਾਣ ਵਾਲੇ ਨਿੰਦਣ ਯੋਗ ਤੇ ਸਜ਼ਾ ਦੇ ਹੱਕਦਾਰ ਹਨ ਪਰ ਵਿਚਾਰਨਾ ਤਾਂ ਏਹ ਹੈ ਕਿ ਬੁਰਛਾ-ਗਰਦੀ ਜੰਮਦੀ ਕਿਥੋਂ ਹੈ। ਚੋਰੀ ਬਹੁਤ ਬੁਰੀ ਹੈ, ਚੋਰ ਬੁਰਾ ਹੈ ਤੇ ਉਸ ਨੂੰ ਜ਼ਰੂਰ ਸਜ਼ਾ ਮਿਲਣੀ ਚਾਹੀਦੀ ਹੈ ਪਰ ਚੋਰੀ ਨੂੰ ਬੰਦ ਕਰਨ ਲਈ ਤਾਂ ਚੋਰ ਦੀ ਮਾਂ ਨੂੰ ਪਕੜਨਾ ਤੇ ਮਾਰਨਾ ਚਾਹੀਦਾ ਹੈ ਤਾਂ ਉਹ ਚੋਰ ਨੂੰ ਜਨਮ ਹੀ ਨਾ ਦੇਵੇ। ਚੋਰ ਦੀ ਮਾਂ ਦੀ ਮੌਜੂਦਗੀ ਵਿਚ ਚੋਰ ਜੰਮਦੇ ਰਹਿਣਗੇ ਤੇ ਚੋਰੀ ਜਾਰੀ ਰਹੇਗੀ। ਇਸ ਵਾਸਤੇ ਬੁਰਛਾ-ਗਰਦੀ ਦੇ ਸਬੰਧ ਵਿਚ ਵੀ ਏਹ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ—

[illegible] ਬੁਰਛਾ-ਗਰਦੀ ਦੀ ਮਾਂ ਗੱਦੀ-ਦਾਰੀ (FEUDALISM) ਹੈ [illegible]

[illegible] ਗੱਦੀਦਾਰ ਜਾਂ ਗੱਦੀ-ਦਾਰੀ ਦੀ ਰੁਚੀ ਵਾਲੇ ਸੱਜਣ ਕਈ ਵਾਰੀ [illegible] ਬੁਰਛਾ-ਗਰਦੀ ਮਚਾਉਂਦੇ ਹਨ, ਕਈ ਵੇਰੀ ਦੂਜਿਆਂ ਨੂੰ ਹੱਥ ਠੋਕੇ ਬਣਾਂਦੇ ਹਨ। [illegible] ਬੁਰਛਾ-ਗਰਦੀ-ਦਾਰ ਤੇ ਗੱਦੀ-ਦਾਰੀ ਦੀ ਰੁਚੀ ਵਾਲੇ ਗਰੁਹ ਆਪੋ ਵਿਚ ਵੀ ਟਕਰਾਂਦੇ [illegible] ਪੰਚੈਤ ਤੇ ਜਮਹੂਰ ਦੇ ਨਾਵਾਂ ਦਾ ਵੀ ਫਾਇਦਾ ਉਠਾਂਦੇ ਹਨ [illegible] ਮੂਰਖਤਾ ਅਤੇ ਮੌਜੂਦਾ ਨਿਜ਼ਾਮ ਦੀਆਂ ਖਰਾਬੀਆਂ ਨਾਲ ਵਿਗੜੇ ਹੋਏ ਤੇ ਜਾਂ [illegible] ਬੇਰੁਜ਼ਗਾਰੀ ਦੇ ਕਾਰਨ ਧੱਕੇ ਖਾ ਰਹੇ ਲੋਕ ਗੱਦੀ-ਦਾਰੀ ਦੇ ਹੱਥ ਠੋਕੇ ਬਣਦੇ [illegible] ਹਨ। [illegible]

[illegible] ਸਿਖ ਪੰਥ ਦੀ ਨੀਂਹ ਆਰਥਕ, ਰਾਜਸੀ ਅਤੇ ਧਾਰਮਕ ਤੌਰ ਤੇ ਪੂਰਨ [illegible] ਸਮਾਨਤਾ ਦੇ ਅਸੂਲਾਂ ਉਤੇ ਹੈ ਜਿਸਦਾ ਨਾਂ ਹੈ "ਸੰਗਤ"। ਸੰਗਤ ਵਿਚ ਪੂਰਨ [illegible] ਰਾਏ ਦੀ ਆਜ਼ਾਦੀ, ਮਤਿ-ਭੇਦ ਦਾ ਸਹਾਰਾ ਅਤੇ ਪੰਚੈਤੀ ਅਸੂਲਾਂ ਦੀ [illegible] ਹੈ। ਸੰਗਤ ਦਾ ਸਿਧਾਂਤ ਗੱਦੀ-ਦਾਰੀ ਦੇ ਐਨ ਉਲਟ ਹੈ। [illegible]

[illegible] ਗੱਦੀ-ਦਾਰੀ ਧਰਮ-ਕਿਰਤ ਕਰਨ ਵਾਲਿਆਂ ਦੀ ਲੁੱਟ ਖਸੁਟ ਦੇ ਕਾਰਨ [illegible] ਬਦਨਾਮ ਹੋ ਚੁਕੀ ਹੈ, ਇਸ ਵਾਸਤੇ ਏਹ ਹੁਣ ਚੰਗੇ ਤੇ ਹਰਮਨ ਪਿਆਰੇ ਨਾਵਾਂ [illegible] ਜੀਉਂਦੀ ਹੈ। [illegible]

[illegible] ਗੱਦੀ-ਦਾਰੀ ਆਪਣੇ ਧਨ ਅਤੇ ਖਜ਼ਾਨਿਆਂ ਦੀ ਸ਼ਕਤੀ ਨਾਲ ਸੰਗਤ [illegible] ਤੇ ਹੋਰ ਚੰਗੇ ਚੰਗੇ ਹਰਮਨ ਪਿਆਰੇ ਧਾਰਮਕ ਤੇ ਭਾਈ-ਚਾਰਕ ਨਾਵਾਂ ਨੂੰ [illegible] ਵਰਤ ਲੈਂਦੀ ਹੈ ਅਤੇ ਇਨ੍ਹਾਂ ਦੇ ਪਰਦੇ ਹੇਠਾਂ ਬੁਰਛਾ-ਗਰਦੀ ਨੂੰ ਖੁਲ੍ਹ ਦੇ ਦੇਂਦੀ ਹੈ। [illegible] ਜਦੋਂ ਕਿਸੇ ਚੰਗੀ ਹਰਮਨ ਪਿਆਰੀ ਜਥੇ-ਬੰਦੀ ਜਾਂ ਧਰਮ ਅਸਥਾਨਾਂ ਦੇ [illegible] ਉਤੇ ਗੱਦੀ-ਦਾਰੀ ਦੇ ਲਾਭਾਂ ਦੀ ਰਾਖੀ ਸ਼ੁਰੂ ਹੋ ਜਾਵੇ, ਜਨਤਾ ਨਾਲ ਕੀਤੇ [illegible] ਜ਼ੁਲਮ ਤੇ ਅਨਿਆਂ ਉਤੇ ਪੜਦੇ ਪੋਸ਼ੀ ਅਤੇ ਸੰਗਤ ਦੇ ਸਿਧਾਂਤਾਂ ਨੂੰ ਮੰਨਣ [illegible] ਵਾਲਿਆਂ ਦੀ ਨਿੰਦਿਆ ਤੇ ਨਿਖੇਧੀ ਆਰੰਭ ਹੋ ਜਾਵੇ ਅਤੇ ਬੁਰਛਾ-ਗਰਦੀ ਕਰਨ [illegible] ਵਾਲਿਆਂ ਅਸੂਲਾਂ ਨੂੰ ਤੋੜਨ ਵਾਲਿਆਂ ਦੀ ਸਰ-ਪ੍ਰਸਤੀ ਤੇ ਹੌਸਲਾ ਅਫਜ਼ਾਈ ਕੀਤੀ [illegible] ਤਾਂ ਜੁਵਾਬੀ ਬੁਰਛਾ-ਗਰਦੀ ਹੋ ਕੇ ਵਧਨੀ ਫੁਲਨੀ ਸ਼ੁਰੂ ਹੋ ਜਾਂਦੀ ਹੈ ਅਤੇ ਅਖੀਰ [illegible] ਇਕ ਦਿਨ ਉਸ ਗਲਤ ਜਥੇ-ਬੰਦੀ ਨੂੰ ਵੀ ਲੈ ਡੁਬਦੀ ਹੈ।

[illegible] ਬੁਰਛਾ-ਗਰਦੀ ਗੱਦੀ-ਦਾਰੀ ਤੋਂ ਜੰਮਦੀ ਹੈ ਅਤੇ ਗੱਦੀ-ਦਾਰੀ ਦਾ ਖਾਤਮਾ [illegible] ਇਸੇ ਦੇ ਹਥੋਂ ਹੋਵੇਗਾ। ਸਿਖ ਪੰਥ ਦੇ ਵਧਣ ਫੁਲਣ, ਡਿਗਣ ਤੇ ਡਿਗਡਿਗ ਉਠਣ [illegible] ਇਤਿਹਾਸ ਨੂੰ ਵਾਚਦਿਆਂ ਪਤਾ ਲੱਗਦਾ ਹੈ ਕਿ ਮਿਸਲਾਂ ਦਾ ਜ਼ਮਾਨਾ ਸਮਾਨਤਾ [illegible] ਅਤੇ ਸੰਗਤ ਦੇ ਸਿਧਾਂਤਾਂ ਦੀ ਵਰਤੋਂ ਦਾ ਉਸ ਸਮੇਂ ਦੇ ਅਨੁਸਾਰ ਇਕ ਸੋਹਣਾ [illegible] ਪ੍ਰਮਾਣ ਸੀ ਪਰ ਹਿੰਦੁਸਤਾਨ ਵਿਚ ਅਤੇ ਹੋਰ ਮੁਲਕਾਂ ਵਿਚ ਅਜੇ ਗੱਦੀ-ਦਾਰੀ [illegible] ਦੌਰ ਸੀ। ਬਲਕੇ ਇਮਪੀਰਅਲਿਜ਼ਮ ਤੇ ਸਰਮਾਏ-ਦਾਰੀ ਵੀ ਵਧ ਫੁਲ ਰਹੀ [illegible] ਹਿੰਦੁਸਤਾਨ ਦੇ ਹੋਰ ਕਿਸੇ ਹਿਸੇ ਵਿਚ ਸੰਗਤ ਜਾਂ ਪੰਚੈਤ ਦੇ ਰਾਜ ਦਾ ਕੋਈ ਨਸ਼ਾਨ

[illegible] ਦਾ ਆਰੰਭਕ ਇਨਕਲਾਬੀ ਵਰਗ ਹਦੋਂ ਵਧ ਸਖਤੀ ਨਾਲ ਕੁਚਲਿਆ ਗਿਆ ਅਤੇ ਬਾਕੀ ਰਹਿੰਦੇ ਪ੍ਰਭਾਵ ਤੇ ਰਸੂਖ ਨੂੰ ਜਦ ਪੂਰੀ ਤਰ੍ਹਾਂ ਗਦੀ ਦਾਰੀ ਦਾ ਪਰਨਾ ਦਿਤਾ ਗਿਆ ਤਾਂ ਹੀ ਅੰਗ੍ਰੇਜ਼ ਹਾਕਮਾਂ ਨੂੰ ਸ਼ਾਂਤੀ ਹੋਈ।

ਸਿੰਘ ਸਭਾ ਲਹਿਰ ਦੇ ਉਠਦਿਆਂ ਹੀ ਇਸ ਦੀ ਅਗਵਾਈ ਸੁਰਖਤ ਹਥਾਂ ਵਿਚ ਦਿਤੀ ਗਈ।

ਰਾਜਿਆਂ ਮਹਾਰਾਜਿਆਂ ਗਦੀਦਾਰਾਂ, ਸਰਕਾਰ ਪ੍ਰਜਾਂ ਤੇ ਮਜ਼ਹਬੀ ਗਦੀ ਦਾਰਾਂ ਦੀ ਇਨ੍ਹਾਂ ਨੂੰ ਪੂਰੀ ਸਰ ਪ੍ਰਸਤੀ ਪ੍ਰਾਪਤ ਸੀ ਤੇ ਅਗਵਾਈ ਵੀ ਇਨ੍ਹਾਂ ਤੋਂ ਹੀ ਮਿਲਦੀ ਸੀ। ਲਗ ਭਗ ੪੦ ਸਾਲ ਸਿਖ ਜਨਤਾ ਦੇ ਅਗੇ ਇਹੋ ਬਣੀ ਬਣਾਈ ਅਗਵਾਈ ਰਖੀ ਜਾਂਦੀ ਰਹੀ।

ਅਕਾਲੀ ਲਹਿਰ ਪਿਛਲੇ ੭੫-੮੦ ਸਾਲਾਂ ਦੇ ਅੰਗ੍ਰੇਜ਼ੀ ਰਾਜ ਦੀਆਂ ਵਧੀਕੀਆਂ ਅਤੇ ਗਦੀਦਾਰੀ ਦੀਆਂ ਬੁਰਛਾ ਗਰਦੀਆਂ ਦਾ ਪ੍ਰਤੀ ਕਰਮ (Reaction) ਸੀ ਪਰ ਇਹ ਦੁਖ ਦੀ ਗਲ ਹੈ ਕਿ ਅਕਾਲੀ ਲਹਿਰ ਵਿਚ ਵੀ ਹੁਣ ਤਕ ਗਦੀ-ਦਾਰੀ ਸੰਗਤ ਦੇ ਅਸੂਲਾਂ ਦਾ ਘਮਸਾਣ ਤੇ ਟਕਰ ਹੋ ਰਹੀ ਹੈ ਅਤੇ ਕਹਿ ਨਹੀਂ ਸਕਦੇ ਇਸ ਘਮਸਾਣ ਵਿਚ ਸੰਗਤ ਦੇ ਸਿਧਾਂਤ ਕਿਤਨੀਆਂ ਘਾਲਾਂ ਤੇ ਕੁਰਬਾਨੀਆਂ ਦੇ ਕੇ ਕਦੋਂ ਸਪਸ਼ਟ ਤੇ ਸਫਲ ਹੋ ਕੇ ਚਮਕਣਗੇ।

ਅਸੀਂ ਇਸ ਸਮੇਂ ਸਿਖ ਪੰਥ ਵਿਚ ਇਕ ਖਤਰਨਾਕ ਬੀਮਾਰੀ ਦੀ ਖੋਜ ਕਰ ਰਹੇ ਹਾਂ ਅਤੇ ਚਾਹੁੰਦੇ ਹਾਂ ਕਿ ਇਸ ਖਤਰਨਾਕ ਬੁਰਛਾ ਗਰਦੀ ਦੀਆਂ ਜੜ੍ਹਾਂ ਹੀ ਪੁਟ ਕੇ ਖਾਰੇ ਸਮੁੰਦਰ ਵਿਚ ਸੁਟੀਆਂ ਜਾਣ ਅਤੇ ਸਿਖ ਪੰਥ ਸੰਗਤ ਦੇ ਪਵਿਤ੍ਰ ਸਮਾਨਤਾ ਤੇ ਬਰਾਬਰੀ ਦੇ ਅਸੂਲਾਂ ਉਤੇ ਜਥੇਬੰਦੀ ਕਾਇਮ ਕਰੇ ਜਿਸ ਵਿਚ ਮਤਭੇਦ ਤੇ ਰਾਇ ਦੀ ਅਜ਼ਾਦੀ ਦੀ ਖੁਲ ਹੋਵੇ। ਚੌਧਰ ਨਾਲੋਂ ਸੇਵਾ, ਜ਼ਾਤੀ ਤੇ ਸ਼ਖਸੀ ਲਾਭਾਂ ਨਾਲੋਂ ਸਾਂਝੇ ਲਾਭਾਂ ਦੀ ਲਟਕ ਪੈਦਾ ਹੋਵੇ। ਇਸ ਵਾਸਤੇ ਅਕਾਲੀ ਲਹਿਰ ਸਮੇਂ ਛਪੀਆਂ ਜਾਂ ਛਪਾਈਆਂ ਹੋਈਆਂ ਸਚਿਆਈਆਂ ਨੂੰ ਹੁਣ ਪਰਗਟ ਕਰਨ ਵਿਚ ਕੋਈ ਹਰਜ ਨਹੀਂ ਹੋਵੇਗਾ।

ਮੈਂ ਅਕਾਲੀ ਲਹਿਰ ਦੇ ਆਰੰਭ ਤੋਂ ਅਖੀਰ ਤਕ ਇਸ ਦੇ ਘੋਲਾਂ ਤੇ ਮੋਰਚਿਆਂ ਨਾਲ ਸਬੰਧ ਰਖਦਾ ਰਿਹਾ ਹਾਂ ਇਸ ਲਈ ਮੈਂ ਹੇਠਾਂ ਲਿਖੀਆਂ ਗਲਾਂ ਆਪਣੀ ਵਾਕਫੀ ਤੇ ਤਜਰਬੇ ਦੇ ਆਧਾਰ ਤੇ ਲਿਖ ਰਿਹਾ ਹਾਂ ਤੇ ਮੈਨੂੰ ਯਕੀਨ ਹੈ ਕਿ ਨਿਰਪੱਖ ਅਕਾਲੀ ਮੁਖੀਏ ਤੇ ਇਤਿਹਾਸ ਲੇਖਕ ਇਨ੍ਹਾਂ ਦੀ ਤਰਦੀਦ ਨਹੀਂ ਕਰ ਸਕਣਗੇ:–

੧. ਲਹਿਰ ਦੇ ਜ਼ੋਰ ਪਕੜਦਿਆਂ ਹੀ ਗਦੀਦਾਰੀ ਦੀ ਰੁਚੀਆਂ ਵਾਲੇ ਸਰਦਾਰ, ਜਗੀਰਦਾਰ, ਸਿੰਘ ਸਭਾ ਲਹਿਰ ਦੇ ਆਗੂ ਅਤੇ ਵਡੇ ਵਡੇ ਲੋਕ ਅਗੇ ਆਉਣ ਲਗ ਪਏ, ਗੁਰਦਵਾਰਿਆਂ ਦੀ ਅਜ਼ਾਦੀ ਦੇ ਸਾਂਝੇ ਧਾਰਮਕ ਕੰਮ ਤੋਂ ਇਹ ਪਿਛੇ ਕਿਉਂ ਰਹਿੰਦੇ।

੨. ਜੇ ਇਕ ਗਰੋਹ ਨੂੰ ਕਿਸੇ ਕਾਰਨ ਕਰਕੇ ਪਿਛੇ ਹਟਣਾ ਪਿਆ ਤਾਂ ਮਾਮੂਲੀ ਫ਼ਰਕ ਨਾਲ ਉਹੋ ਜਿਹਾ ਇਕ ਹੋਰ ਗਰੋਹ ਅਗੇ ਆ ਗਿਆ। ਗਦੀ-ਦਾਰੀ ਦੀਆਂ ਰੁਚੀਆਂ ਤੇ ਲਾਭਾਂ ਨੇ ਅਖੀਰ ਦਮ ਤਕ ਅਕਾਲੀ ਲਹਿਰ ਦਾ ਖਹਿੜਾ ਨਹੀਂ ਛਡਿਆ।

੩. ਰਾਜਿਆਂ ਮਹਾਰਾਜਿਆਂ ਨੇ ਵੀ ਅਕਾਲੀ ਲਹਿਰ ਦੀ ਆਰਥਕ ਤੇ ਅਸੂਲੀ

ਨਹੀਂ ਸੀ। ਇਸ ਹਾਲਤ ਵਿਚ ਜਿਤਨਾ ਚਿਰ ਵੀ ਮਿਸਲਾਂ ਦਾ ਪੰਚੈਤੀ ਰਾਜ ਚਲਿਆ ਏਹ ਇਕ ਸੰਗਤ ਦੇ ਸਿਧਾਂਤ ਦਾ ਚਮਤਕਾਰਾ ਸੀ ਪਰ ਇਸਦੇ ਚਾਰ ਚੁਫੇਰੇ ਗੱਦੀ-ਦਾਰੀ ਦਾ ਘੇਰਾ ਸੀ। ਇਸ ਵਾਸਤੇ ਇਹ ਮਿਸਲਾਂ ਦਾ ਜ਼ਮਾਨਾ ਵੀ ਬਹੁਤ ਛੇਤੀ ਮਹਾਰਾਜਾ ਰਣਜੀਤ ਸਿੰਘ ਦੇ ਸਿਖ ਰਾਜ ਦੀ ਸ਼ਖਸੀ ਗੱਦੀ ਵਿਚ ਬਦਲ ਗਿਆ।

ਜਦੋਂ ਸਿਖ ਰਾਜ ਵਿਚ ਅੰਦਰਲੀ ਬੁਰਛਾ-ਗਰਦੀ ਅਤੇ ਕਈ ਹੋਰ ਕਮਜ਼ੋਰੀਆਂ ਦੇ ਕਾਰਨ ਅੰਗਰੇਜ਼ਾਂ ਨੂੰ ਪੰਜਾਬ ਉਤੇ ਕਬਜ਼ਾ ਜਮਾਣ ਦਾ ਸੁਨਹਿਰੀ ਮੌਕਾ ਮਿਲਿਆ ਤਾਂ ਉਨ੍ਹਾਂ ਨੇ ਇਸ ਤੋਂ ਫੌਰਨ ਫ਼ਾਇਦਾ ਉਠਾਇਆ। ਅੰਗਰੇਜ਼ ਬੜੇ ਤਜਰਬੇਕਾਰ ਅਤੇ ਨੀਤੀਵਾਨ ਹਨ। ਯੂਰਪ ਵਿਦਿਆ, ਹੁਨਰ, ਤਹਿਜ਼ੀਬ ਅਤੇ ਰਾਜ-ਪ੍ਰਬੰਧਾਂ ਦੀਆਂ ਤਬਦੀਲੀਆਂ ਵਿਚ ਹਿੰਦੁਸਤਾਨ ਤੋਂ ਕਾਫੀ ਅਗੇ ਜਾ ਚੁਕਾ ਸੀ। ਫ਼ਰਾਂਸ ਦੇ ੧੭੮੯ ਦੇ ਇਨਕਲਾਬ ਨਾਲ ਯੂਰਪ ਦੇ ਰਾਜ-ਨੀਤਕ ਵਿਚਾਰਾਂ ਵਿਚ ਭਾਰੀ ਥੜਥੱਲੀ ਮੱਚ ਚੁਕੀ ਸੀ। ਪੰਚੈਤੀ ਰਾਜਾਂ, ਪਾਰਲੀਮੈਂਟਾਂ ਅਤੇ ਮਨੁਖੀ ਅਧਿਕਾਰਾਂ ਦੀ ਖੂਬ ਚਰਚਾ ਚੱਲ ਰਹੀ ਸੀ। ਸੁ ਅੰਗਰੇਜ਼ ਚੰਗੀ ਤਰ੍ਹਾਂ ਜਾਣਦੇ ਸਨ ਕਿ ਸੰਗਤ ਅਤੇ ਪੰਚੈਤੀ ਸਿਧਾਤਾਂ ਦੇ ਖਿਆਲ ਗੱਦੀ-ਦਾਰੀ ਅਤੇ ਲੁਟ-ਖਸੁਟ ਲਈ ਕਿਤਨੇ ਖਤਰ-ਨਾਕ ਹਨ ਇਸ ਵਾਸਤੇ ਏਹ ਜ਼ਰੂਰੀ ਸੀ ਕਿ ਸੰਗਤ ਦੇ ਪੂਰਨ ਸਮਾਨਤਾ ਦੇ ਸਿਧਾਤਾਂ ਨੂੰ ਦਬਾਣ ਲਈ ਗੱਦੀ-ਦਾਰੀ ਦੀ ਸਰ-ਪ੍ਰਸਤੀ ਕੀਤੀ ਜਾਵੇ, ਇਸਨੂੰ ਪੱਕਾ ਤੇ ਮਜ਼ਬੂਤ ਕੀਤਾ ਜਾਵੇ ਅਤੇ ਇਸਦੇ ਅਧਿਕਾਰਾਂ ਦੀ ਮਹਾਨਤਾ ਵਧਾਈ ਜਾਵੇ ਤਾਂ ਜੇ ਪੰਜਾਬ ਦੇ ਕਿਰਸਾਨਾਂ ਤੇ ਕਿਰਤੀਆਂ ਦੀ ਕਮਾਈ ਦੀ ਲੁਟ-ਖਸੁਟ ਤੋਂ ਬਰਤਾਨੀਆਂ ਨੂੰ ਵਧ ਤੋਂ ਵਧ ਅਤੇ ਜ਼ਿਆਦਾ ਦੇਰ ਲਾਭ ਪੁਜੇਦਾ ਰਹੇ। ਸੁ ਇਸ ਨੀਤੀ ਅਨੁਸਾਰ ਹੀ ਇਕ ਤਾਂ ਵਖ ਵਖ ਰਿਆਸਤਾਂ ਦੀਆਂ ਰਾਜ ਗੱਦੀਆਂ ਬਣੀਆਂ ਰਹਿਣੀਆਂ ਜ਼ਰੂਰੀ ਸਨ। ਦੂਜੇ ਧਰਮ ਅਸਥਾਨਾਂ ਦੀਆਂ ਮਹੰਤੀਆਂ ਦੀਆਂ ਗੱਦੀਆਂ ਪੱਕੀਆਂ ਕਰਨੀਆਂ ਤੇ ਉਨ੍ਹਾਂ ਦੀ ਸਰ-ਪ੍ਰਸਤੀ ਕਰਨੀ ਵੀ ਜ਼ਰੂਰੀ ਸੀ।

੧੮੪੯ ਵਿਚ ਸਿਖ ਰਾਜ ਦਾ ਮੁਕੰਮਲ ਤੌਰ ਤੇ ਕੀਰਤਨ ਸੋਹਲਾ ਪੜ੍ਹਿਆ ਗਿਆ। ਪਰ ਸੰਗਤ ਦੇ ਸਮਾਨਤਾ ਵਾਲੇ ਸਚੇ ਇਨਕਲਾਬੀ ਖਿਆਲਾਂ ਦੇ ਬੀਜ ਕਦੀ ਨਸ਼ਟ ਨਹੀਂ ਹੁੰਦੇ। ਗੁਰੂ ਸਾਹਿਬਾਂ ਦੇ ਉਪਦੇਸ਼ ਤੇ ਅਮਲੀ ਕਾਰਨਾਮਿਆਂ ਨੇ ਜੋ ਸਿਖ ਪੰਥ ਅੰਦਰ ਪੂਰਨ ਏਕਤਾ ਤੇ ਸਮਾਨਤਾ ਅਤੇ ਸੰਗਤ ਦੇ ਸਿਧਾਤਾਂ ਦੇ ਬੀਜ ਬੀਜੇ ਹੋਏ ਹਨ, ਉਹ ਸਮੇ ਸਮੇਂ ਅਨੁਸਾਰ ਜ਼ਰੂਰ ਫੁਟਦੇ ਹਨ। ਅੰਗ੍ਰੇਜ਼ੀ ਰਾਜ ਆਉਣ ਦੇ ਬਾਅਦ ਜਦ-ਕਦੀ ਵੀ ਸਿਖਾਂ ਵਿਚ ਏਕਤਾ, ਸਮਾਨਤਾ, ਪਵਿਤ੍ਰਤਾ ਅਤੇ ਸੰਗਤ ਦੇ ਸਿਧਾਤਾਂ ਨੂੰ ਅਸਥਾਪਨ ਕਰਨ ਵਾਲੀ ਲਹਿਰ ਉਠੀ, ਉਸ ਨੂੰ ਅੰਗ੍ਰੇਜ਼ੀ ਰਾਜਨੀਤੀ ਨੇ ਯਾ ਤਾਂ ਸਖਤੀ ਨਾਲ ਦਬਾ ਦਿਤਾ, ਯਾ ਉਸ ਨੂੰ ਗਦੀ-ਦਾਰੀ ਦੀ ਸ਼ਕਲ ਦੇ ਦਿਤੀ ਜਾਂ ਗਦੀ ਦਾਰੀ ਦੀ ਰੁਚੀ ਵਾਲਿਆਂ ਨੂੰ ਅਗੇ ਲਾ ਕੇ ਉਸ ਨੂੰ ਕਾਬੂ ਕਰ ਲਿਆ। **ਕਿਉਂਕਿ ਸੰਗਤ ਦੇ ਸਿਧਾਤਾਂ ਦੀ ਕਾਮਯਾਬੀ ਦੇ ਅਰਥ ਬ੍ਰਿਟਿਸ਼ ਇਮਪੀਰਅਲਿਜ਼ਮ ਅਤੇ ਗਦੀ-ਦਾਰੀ ਦੀ ਸਮਾਪਤੀ ਹੈ।**

ਇਨਕਲਾਬੀ ਮਹਾਨਤਾ ਘਟਾਣ ਵਿਚ ਘਟ ਹਿਸਾ ਨਹੀਂ ਲਿਆ। ਇਸ ਨੂੰ ਕਦੀ ਇਕ ਗਦੀ ਦੀ ਰਾਖੀ ਤੇ ਦੂਜੀ ਦੇ ਵਿਰੋਧ ਵਿਚ, ਕਦੀ ਦੂਜੀ ਦੀ ਸਹਾਇਤਾ ਤੇ ਤੀਜੀ ਦੇ ਵਿਰੋਧ ਵਿਚ ਚੰਗੀ ਤਰ੍ਹਾਂ ਰੁਝਾਈ ਰਖਿਆ। ਸਿਖ ਰਾਜਿਆਂ ਦੀਆਂ ਥੈਲੀਆਂ ਨੇ ਅਕਾਲੀ ਲਹਿਰ ਨੂੰ ਅਸਲ ਨਿਸ਼ਾਨਿਓਂ ਉਲਟਾ ਕੇ ਗਦੀ-ਦਾਰੀ ਦੇ ਝਗੜਿਆਂ ਤੇ ਝੰਬੇਲਿਆਂ ਵਿਚ ਖੂਬ ਫਸਾਇਆ। ਰਿਆਸਤ ਪਟਿਆਲਾ ਦਾ ਨਾਂ ਇਸ ਬਹਾਦਰੀ ਵਿਚ ਇਤਿਹਾਸ ਵਿਚ ਸਦਾ ਹੀ ਯਾਦ ਰਹੇਗਾ।

੪. ਸ਼੍ਰੋ: ਗੁ: ਕਮੇਟੀ ਅਤੇ ਸ੍ਰੋਮਣੀ ਅਕਾਲੀ ਦ ਦੇ ਰਸੂਖ, ਅਧਿਕਾਰ ਅਤੇ ਤੇਜ ਪ੍ਰਤਾਪ ਦੇ ਜੋਬਨ ਵੇਲੇ ਵੀ ਕੁਝ ਜਥੇ ਤੇ ਜਥੇਦਾਰ ਬਿਨਾ ਪੁਛੇ ਤੇ ਬਿਨਾ ਹੁਕਮੋਂ ਮੋਰਚੇ ਲਾਉਂਦੇ ਰਹੇ, ਅਤੇ ਉਨ੍ਹਾਂ ਦੀ ਜਥੇਬੰਦੀ ਤੋੜੂ ਕਾਰਵਾਈਆਂ ਦੀ ਪੜਦਾ ਪੋਸ਼ੀ ਹੁੰਦੀ ਰਹੀ ਅਤੇ ਇਸ ਤਰ੍ਹਾਂ ਆਰੰਭ ਤੋਂ ਹੀ ਬਰਛੇ ਗਰਦੀ ਦੀ ਪਾਲਨਾ ਜਾਰੀ ਰਹੀ ਤੇ ਇਸਨੂੰ ਉਤਸ਼ਾਹ ਮਿਲਦਾ ਰਿਹਾ।

੫. ਮਹੰਤਾਂ ਨੂੰ, ਹਾਕਮਾਂ ਨੂੰ, ਜਾਂ ਵਿਰੋਧੀਆਂ ਨੂੰ ਗਾਲ੍ਹਾਂ ਕੱਢਣ, ਉਹਨਾਂ ਦੀਆਂ ਭੰਡੀਆਂ ਕਰਨ, ਬੇ-ਇਜ਼ਤੀਆਂ ਤੇ ਬਦਨਾਮੀਆਂ ਕਰਨ, ਗਲਤ ਫਹਿਮੀਆਂ ਫੈਲਾਣ ਅਤੇ ਉਹਨਾਂ ਵਿਰੁਧ ਫਤਵੇ ਜਾਰੀ ਕਰਨ ਦੀ ਖਾਸੀ ਖੁਲ੍ਹ ਰਹੀ। ਅਖਬਾਰਾਂ, ਇਸ਼ਤਿਹਾਰਾਂ ਤੇ ਦੀਵਾਨਾਂ ਵਿਚ ਉਸ ਸਮੇਂ ਅਸੀ ਆਪਣੇ ਵਿਰੋਧੀਆਂ ਬਾਰੇ ਜੋ ਖੁਲ੍ਹਾਂ ਦਈ ਰੱਖੀਆਂ ਸਨ ਉਹ ਹੁਣ ਆਪੋ ਵਿਚ ਵੀ ਵਰਤੀਆਂ ਜਾ ਰਹੀਆਂ ਹਨ।

੬. ਅਕਾਲੀ ਲਹਿਰ ਨੇ ਅਖਬਾਰਾਂ ਤੇ ਦੀਵਾਨਾਂ ਵਿਚ ਗਾਲ੍ਹਾਂ ਕੱਢਣ, ਭੰਡੀਆਂ ਕਰਨ ਲੀਡਰਾਂ ਦੀਆਂ ਪੱਗਾਂ ਲਾਹੁਣ ਤੇ ਬਰਛਾ-ਗਰਦੀਆਂ ਮਚਾਣ ਵਿਚ ਕਈ ਨਾਮੀ ਪਹਿਲਵਾਨ ਪੈਦਾ ਕੀਤੇ ਹਨ। ਉਹ ਜਿਸ ਪਾਰਟੀ ਦੇ ਹੱਕ ਵਿਚ ਹੋਂਦੇ, ਉਹ ਉਹਨਾਂ ਦੀ ਪ੍ਰਤਿਪਾਲਨਾ ਕਰਦੀ, ਅਤੇ ਉਤਸ਼ਾਹ ਦੇਂਦੀ। ਅਤੇ ਜੇ ਉਹ ਹੀ ਦੂਜੀ ਪਾਰਟੀ ਵੱਲ ਚਲੇ ਜਾਂਦੇ ਤਾਂ ਉਥੋਂ ਵੀ ਸਤਿਕਾਰ ਮਿਲ ਜਾਂਦਾ ਤੇ ਉਨ੍ਹਾਂ ਨੂੰ ਆਪਣੀ ਆਦਤ ਤੇ ਝਸ ਪੂਰਾ ਕਰਨ ਦੀ ਖੁਲ੍ਹ ਰਹਿੰਦੀ। ਰੁਪਏ ਵੀ ਮਿਲਦੇ ਇਜ਼ਤ ਵੀ ਮਿਲਦੀ ਫਿਰ ਇਸ ਹੁਨਰ ਵਿਚ ਦਿਨੋ ਦਿਨ ਤਰੱਕੀ ਕਿਉਂ ਨਾ ਕਰਦੇ!

੭. ਗਦੀਦਾਰੀ ਦੀ ਰੁੱਚੀ ਤੇ ਪ੍ਰਭਾਵ ਦੇ ਮੰਡਲ ਵਿਚ ਅਕਾਲੀ ਲਹਿਰ ਦੇ ਵਧਣ ਫੁਲਣ ਕਰਕੇ ਆਰੰਭ ਵਿਚ ਇਨਕਲਾਬੀ ਸੁਭਾ ਰਖਣ ਵਾਲੇ ਕੁਝ ਆਗੂਆਂ ਵਿਚ ਵੀ ਅਜਹੀ ਰੁਚੀ ਪ੍ਰਵੇਸ਼ ਕਰਨੋਂ ਨਾ ਰਹੀ। ਇਸ ਲਈ ਜੋ ਪਾਰਟੀਆਂ ਅਤੇ ਧੜੇ ਬਣਦੇ ਗਏ, ਉਨ੍ਹਾਂ ਵਿਚ ਅਸਲੀ ਮਤਭੇਦ ਇਤਨਾ ਨਹੀਂ ਸੀ ਜ਼ਿਤਨਾ ਤਾਕਤ ਤੇ ਪੋਜ਼ੀਸ਼ਨ ਨੂੰ ਕਾਬੂ ਕਰਨ ਦੀ ਰੁਚੀ। ਭਾਵੇਂ ਇਹ ਰੁਚੀ ਪੰਥਕ ਬੇਹਤਰੀ ਦੀ ਨੀਯਤ ਨਾਲ ਹੀ ਹੋਵੇ ਪਰ ਪਾਰਟੀ ਘੋਲ ਵਿਚ ਨਿਖੇਧੀ ਅਤੇ ਇਲਜ਼ਾਮ ਸਿਰਫ ਦੂਜਿਆਂ ਲਈ ਸਨ। ਆਪਣੇ ਧੜੇ ਵਾਲਿਆਂ ਦੀਆਂ ਸਭ ਤਰ੍ਹਾਂ ਦੀਆਂ ਯੋਗ ਅਯੋਗ ਗਲਾਂ ਕਰਨ, ਗਾਲ੍ਹਾਂ ਤੇ ਭੰਡੀਆਂ ਕਰਨ ਅਤੇ ਦੀਵਾਨਾਂ ਵਿਚ ਖਪਾਂ ਪਾਣ ਦੀ ਖੁਲ੍ਹ ਰਹਿੰਦੀ ਸੀ ਬਰਛੇ ਗਰਦੀ ਦੀ ਘਟ ਜਾਂ ਵਧ-ਸਰ ਪ੍ਰਸਤੀ ਜ਼ਰੂਰ ਰਹਿੰਦੀ ਸੀ।

ਲਹਿਰ ਵਿਚ ਉਪਰੋਕਤ ਦੁਖਦਾਈ ਗਲਾਂ ਦੀ ਹੋਂਦ ਦੇ ਕਾਰਨ ਹੀ ਅਗੇ ਦੀਵਾਨਾਂ ਵਿਚ ਖਪਾਂ ਪਈਆਂ, ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਸ੍ਰੀ ਅਕਾਲ ਤਖਤ ਦੇ ਹਜ਼ੂਰ ਵੀ ਬੁਰਛੇ ਗਰਦੀਆਂ ਹੁੰਦੀਆਂ ਰਹੀਆਂ।

ਇਸ ਵਾਸਤੇ ਮੈਂ ਤਾਂ ਵੇਖ ਰਿਹਾ ਹਾਂ ਕਿ ਸਿਖ ਪੰਥ ਦੇ ਸਰੀਰ ਵਿਚ ਬੁਰਛੇ ਗਰਦੀ ਪੁਰਾਣੀ ਬੀਮਾਰੀ ਵਾਂਗ ਹੈ। ਇਸ ਦੇ ਕਾਰਨ ਇਤਿਹਾਸਕ ਹਨ ਅਤੇ ਸਿੰਘ ਸਭਾ ਲਹਿਰ ਸਮੇਂ ਜੋ ਅਸਾਂ ਇਸ ਵਲੋਂ ਅਖਾਂ ਬੰਦ ਰਖੀਆਂ ਜਾਂ ਆਪਣੇ ਹਕ ਵਿਚ ਸਮਝਕੇ ਉਤਸ਼ਾਹ ਦੇਂਦੇ ਰਹੇ ਉਸ ਦਾ ਪ੍ਰਤਿਕਰਮ ਹੁਣ ਭੁਗਤ ਰਹੇ ਹਾਂ।

ਹੁਣ ਹੀ ਵੇਲਾ ਹੈ ਕਿ ਅਸੀਂ ਨਿਰਪੱਖ ਹੋਕੇ, ਈਮਾਨਦਾਰੀ ਨਾਲ ਇਸ ਦੇ ਕਾਰਨ ਇਸਦੇ ਖਤਰ-ਨਾਕ ਸਿੱਟਿਆਂ ਨੂੰ ਵਿਚਾਰੀਏ ਅਤੇ ਇਸਤੋਂ ਬਚਣ ਦਾ ਉਪਾ ਹੈ ਕਿ ਅਸੀਂ ਗੱਦੀਦਾਰੀ ਅਤੇ ਸੰਗਤ ਦੇ ਸਿਧਾਂਤਾਂ ਨੂੰ ਚੰਗੀ ਤਰ੍ਹਾਂ ਸਮਝ ਕੇ ਉਤੇ ਪਿਛਲੇ ਇਤਿਹਾਸ ਨੂੰ ਪਰਖੀਏ ਅਤੇ ਜੇ ਅਸੀਂ ਸਿਖੀ ਸਿਧਾਂਤਾਂ ਨੂੰ ਅਤੇ ਸੰਗਤ ਨੂੰ ਸੁਚ ਮੁਚ ਜੀਉਂਦੇ ਰਖਣਾ ਹੈ, ਪੂਰਨ ਏਕਤਾ ਤੇ ਸਮਾਨਤਾ ਭਾਈਚਾਰਾ ਬਣਾਕੇ ਉਸ ਵਿਚ ਪੰਚੈਤੀ ਜੁਗ ਦਾ ਪ੍ਰਬੰਧ ਕਰਕੇ ਸ਼ਾਂਤੀ ਵਰਤਣੀ ਹੈ ਸਭਾਈਅਤਾਂ ਤੇ ਸੁਖੁਸੀ ਪਾਰਟੀਆਂ ਅਤੇ ਗੱਦੀਦਾਰੀ ਦੇ ਲਾਭਾਂ ਨੂੰ ਇਕ ਪਾਸੇ ਕੇਵਲ ਅਸੂਲਾਂ ਨੂੰ ਸਮਝੀਏ ਅਤੇ ਬੁਰਛਾ ਗਰਦੀ ਦੀਆਂ ਜੜ੍ਹਾਂ ਪੁਟ ਕੇ ਲਈ ਖਤਮ ਕਰ ਦਈਏ।

ਬੁਰਛਾ ਗਰਦੀ ਜਦ ਵੀ ਹੋਵੇ, ਜਿਥੇ ਵੀ ਹੋਵੇ ਅਤੇ ਜਿਸ ਵਲੋਂ ਵੀ ਹੋਵੇ ਉਸਦੀ ਦਿਲੋਂ ਮਨੋਂ ਨਿਖੇਧੀ ਹੋਣੀ ਚਾਹੀਦੀ ਹੈ। ਪਰ ਇਹ ਤਾਂ ਤਦ ਹੀ ਹੋਵੇਗਾ ਸੰਗਤ ਦੇ ਸਿਧਾਂਤਾਂ ਨੂੰ ਚੰਗੀ ਤਰ੍ਹਾਂ ਸਮਝਣ ਅਤੇ ਮੰਨਣ ਵਾਲੇ, ਗੱਦੀਦਾਰੀ ਦੇ ਵਿਰੋਧੀ ਤੇ ਪੋਜੀਸ਼ਨਾਂ ਦੀ ਬਜਾਏ ਸਾਂਝੀਵਾਲਤਾ ਵਿਚ ਵਿਸ਼ਵਾਸ਼ ਰਖਣ ਵਾਲੇ ਇਕ ਅਗੇ ਆਉਣਗੇ ਅਤੇ ਇਸ ਗਲ ਦਾ ਪ੍ਰਣ ਕਰਨਗੇ ਕਿ ਨਾ ਤਾਂ ਉਹ ਆਪ ਨਾਲ ਗੁਪਤ ਪ੍ਰਗਟ ਸਬੰਧ ਰਖਣਗੇ ਅਤੇ ਨਾ ਹੀ ਉਹ ਕਿਸੇ ਹਾਲਤ ਵਿਚ ਵਲੋਂ ਭੀ ਇਸਨੂੰ ਬਰਦਾਸ਼ਤ ਕਰਨਗੇ।

---

ਜ਼ਰੂਰੀ ਨੋਟ—

ਅਖ਼ਬਾਰ ... ਸ੍ਰੀ ਗੁਰੂ ... ਸਰਹੱਦੀ ...

# ਪ੍ਰੀਤਲੜੀ

ਜੂਨ 1938

## ਸਰਹੱਦੀ

### ਸੂਬੇ ਵਿਚ ਸਿਖਾਂ ਦਾ ਕਤਲ

ਪਸ਼ੌਰ ਵਿਚ ਅਤੇ ਮਰਦਾਨ ਵਿਚ ਕੁਝ ... ਹੋਏ ਮੁਸਲਮਾਨਾਂ ਦੇ ਹਥੋਂ ਦੋ ਸਿਖਾਂ ਦੇ ਕਤਲ ਦੀ ਖਬਰ ਸਾਰੇ ਹੀ ਦੇਸ ਵਿਚ ... ਦੁਖ ਨਾਲ ਸੁਣੀ ਗਈ ਹੈ। ਇਹ ਕੰਮ ... ਨਿੰਦਣੀਯ ਅਤੇ ਨਿਖੇਧੀ ਦੇ ਲਾਇਕ ... ਜੋ ਬੇਗੁਨਾਹਾਂ ਦੇ ਕਤਲਾਂ ਦਾ ਕਾਰਨ ... ਰਹੇ ਹਨ ਅਤੇ ਕਈਆਂ ਲਈ ਫਾਂਸੀਆਂ ... ਕਰ ਰਹੇ ਹਨ ਤੇ ਕਈ ਘਰਾਂ ਵਿਚ ... ਦੇ ਮਾਤਮ ਦੀਆਂ ਸਫਾਂ ਵਿਛਾ ਰਹੇ ਹਨ। ਕਤਲ ਕਰਨ ਤੇ ਕਤਲਾਂ ਲਈ ਹਮਲੇ ਕਰਨ ... ਆਂ ਨੂੰ ਭੇਦ ਪਤਾ ਹੀ ਨਹੀਂ ਹੋਣਾ ... ਸ਼ਹੀਦ ਗੰਜ ਕੀ ਹੈ, ਕਿੰਵੇਂ ਬਣਿਆ ... ਇਸ ਦੀ ਕਥਾ ਕੀ ਹੈ ਪਰ ਉਨ੍ਹਾਂ ਨੂੰ ... ਦੇ ਨਾਂ ਤੇ ਗੁਮਰਾਹੀ ਦਾ ਨਸ਼ਾ ਪਿਲਾ ... ਇਤਨਾ ਬੇਹੋਸ਼ ਕਰ ਦਿਤਾ ਗਿਆ ਹੈ ਕਿ ... ਨੂੰ ਹਰ ਇਕ ਕੇਸਾਂ ਵਾਲਾ ਕਸੂਰਵਾਰ ... ਰਿਹਾ ਹੈ। ਇਸੇ ਤਰ੍ਹਾਂ ਮਕਤੂਲਾਂ ਨੂੰ ਵੀ ... ਪਤਾ ਨਹੀਂ ਹੋਣਾ ਕਿ ਏਹ ਗਲ ... ਗਈ ਹੈ, ਕਿਸਨੇ ਅਜਿਹਾ ... ਕੀਤਾ ਹੈ ਕਿ ਚੁਪ ਚੁਪੀਤੇ ਹੀ ਪਿਛੇ ... ਰਹੇ ਹਨ। ਉਨ੍ਹਾਂ ਨੂੰ ਇਸ ਵੇਲੇ ... ਮੁਸਲਮਾਨ ਖ਼ੂਨੀ ਦਿਸ ਰਹੇ ਹੋਣਗੇ। ... ਕੇਹੜਾ ਬੰਦਾ ਹੈ ਜਿਸ ਵਿਚ ਕਿ ... ਕੁਝ ਵੀ ਅਨੁਸਰ ਮੌਜੂਦ ਹੋਵੇ ਤੇ ਇਸ ਦੁਖ ਭਰੀ ਹਾਲਤ ਉਪਰ ਚਾਰ ਹੰਝੂ ਨਾ ਕਰੇਗਾ ?

ਕਸੂਰ ਕਿਸਦਾ ਹੈ ? ਕਿਸੇ ਇਕ ਆਗੂ ਜਾਂ ਫਿਰਕੇ ਦਾ ਨਹੀਂ। ਏਹ ਤਾਂ ਮੌਜੂਦਾ ਗ਼ਲਤ ਸਰਮਾਏਦਾਰੀ ਨਜ਼ਾਮ ਦਾ ਹੀ ਨਤੀਜਾ ਹੈ ਜੋ ਅਜਿਹੇ ਫਿਰਕੂ ਜਥੇ ਤੇ ਆਗੂ ਪੈਦਾ ਕਰ ਰਿਹਾ ਹੈ ਜੋ ਮਜ਼ਹਬੀ ਹਤਕਾਂ ਦਾ ਪ੍ਰਚਾਰ ਕਰਕੇ ਆਮ ਜਨਤਾ ਵਿਚ ਜੋਸ਼ ਭਰ ਦੇਂਦੇ ਹਨ ਅਤੇ ਕਈ ਸਾਫ ਦਿਲ, ਭੋਲੇ ਭਾਲੇ ਕਿਰਤੀ ਤੇ ਕਿਰਸਾਨ ਬੰਦੇ ਮਜ਼ਹਬੀ ਨਸ਼ੇ ਵਿਚ ਬੇਸੁਧ ਹੋ ਕੇ ਅਜਿਹੀਆਂ ਨਿੰਦਨੀਅ ਕਾਰਵਾਈਆਂ ਕਰ ਬੈਠਦੇ ਹਨ।

ਜੇ ਆਮ ਜਨਤਾ ਨੂੰ ਸਮਝ ਆ ਜਾਏ ਤਾਂ ਫਿਰਕੂ ਗੱਦੀਆਂ ਦੀ ਦੁਕਾਨਦਾਰੀ ਬੰਦ ਹੋ ਜਾਵੇ ਅਤੇ ਅਜਿਹੇ ਕਾਇਰਾਨਾ ਕਾਰੇ ਵੀ ਨਾ ਵਰਤਨ।

ਮੈਨੂੰ ਇਹ ਵੇਖ ਕੇ ਬਹੁਤ ਹੀ ਤਸੱਲੀ ਹੋਈ ਹੈ ਕਿ ਸਰਹੱਦੀ ਸੂਬੇ ਦੀ ਕਾਂਗਰਸ ਮਨਿਸਟਰੀ ਨੇ ਦਿਲੋਂ ਮਨੋਂ ਅਤੇ ਪੂਰੇ ਜ਼ੋਰ ਨਾਲ ਅਜਿਹੀਆਂ ਨਿੰਦਨੀਅ ਕਾਰਵਾਈਆਂ ਰੋਕਣ ਦਾ ਬੀੜਾ ਚੁਕ ਲਿਆ ਹੈ ਅਤੇ ਹਿੰਦੂਆਂ ਤੇ ਸਿਖਾਂ ਨੂੰ ਪੂਰੀ ਪੂਰੀ ਤਸੱਲੀ ਦਵਾਈ ਹੈ ਕਿ ਉਹ ਉਨ੍ਹਾਂ ਦੀ ਹਰ ਤਰ੍ਹਾਂ ਰਾਖੀ ਦੀ ਜ਼ਿਮੇਵਾਰ ਬਣੇਗੀ ਤੇ ਦੋਸ਼ੀਆਂ ਤੇ

ਗੁਮਰਾਹੀਆਂ ਪੈਦਾ ਕਰਨ ਵਾਲਿਆਂ ਦੀ ਪੂਰੀ ਤਰ੍ਹਾਂ ਖਬਰ ਲਵੇਗੀ।

ਪੰਜਾਬ ਵਿਚ ਮਲਕ ਬਰਕਤ ਅਲੀ ਤੇ ਉਸਦੇ ਕੁਝ ਹੋਰ ਸਾਥੀਆਂ ਨੇ ਸ਼ਹੀਦ-ਗੰਜ ਬਾਰੇ ਇਕ ਅਜਿਹਾ ਬਿਲ ਪੇਸ਼ ਕਰਨ ਦੀ ਤਿਆਰੀ ਕੀਤੀ ਹੋਈ ਸੀ ਜੋ ਅਨਿਆਇ ਤੇ ਧੱਕੇ ਨਾਲ ਭਰਪੂਰ ਸੀ ਅਤੇ ਡਰ ਸੀ ਕਿ ਜੇ ਏਹ ਪੰਜਾਬ ਅਸੈਂਬਲੀ ਵਿਚ ਪੇਸ਼ ਹੋਗਿਆ ਤਾਂ ਸੂਬੇ ਦਾ ਅਮਨ ਖਤਰੇ ਵਿਚ ਪੈ ਜਾਵੇਗਾ; ਪਰ ਸਰ ਸਕੰਦਰ ਹਯਾਤ ਨੇ ਨਿਆਇਤ ਸਿਆਣਪ ਅਤੇ ਦਲੇਰੀ ਤੋਂ ਕੰਮ ਲਿਆ ਹੈ ਕਿ ਇਸਦੀ ਜ਼ੋਰ ਨਾਲ ਵਿਰੋਧਤਾ ਕੀਤੀ ਅਤੇ ਲਾਟ ਸਾਹਿਬ ਨੂੰ ਵੀ ਲਿਖ ਦਿਤਾ ਕਿ ਇਸ ਬਿਲ ਦੇ ਪੇਸ਼ ਹੋਣ ਦੀ ਇਜਾਜ਼ਤ ਨਾ ਦਿਤੀ ਜਾਵੇ।

ਲੋੜ ਹੈ ਕਿ ਕੌਮ ਪੂਜ ਤੇ ਸਿਆਣੇ ਆਗੂ ਇਸ ਮੌਕੇ ਤੋਂ ਲਾਭ ਉਠਾਣ ਅਤੇ ਅਗੇ ਆ ਕੇ ਸ਼ਹੀਦ-ਗੰਜ ਦੇ ਸੁਵਾਲ ਨੂੰ ਹਮੇਸ਼ਾਂ ਵਾਸਤੇ ਨਜਿੱਠਣ ਲਈ ਕੋਈ ਉਪਰਾਲਾ ਕਰਨ ਅਤੇ ਕੋਈ ਅਜਿਹਾ ਫ਼ੈਸਲਾ ਕਰਨ ਕਿ ਸੂਬੇ ਵਿਚੋਂ ਅਜਿਹੀਆਂ ਘਟਨਾਵਾਂ ਸਦਾ ਲਈ ਬੰਦ ਹੋ ਜਾਣ।

## ਹਰੀਪੁਰ ਕਾਂਗਰਸ

ਹਰੀਪੁਰ ਕਾਂਗਰਸ ਦੀ ਕਾਰਵਾਈ ਮੈਨੂੰ ਮਲਾਇਆ ਵਿਚ ਕੁਝ ਚਿਰਾਕੀ ਹੀ ਮਿਲੀ ਹੈ ਪਰ ਇਸ ਨੂੰ ਪੜ੍ਹ ਕੇ ਹਰ ਇਕ ਹਿੰਦੁਸਤਾਨੀ ਜਿਥੇ ਵੀ ਉਹ ਬੈਠਾ ਹੈ ਆਜ਼ਾਦੀ ਤੇ ਦੇਸ਼-ਪਿਆਰ ਦੇ ਨਸ਼ੇ ਵਿਚ ਝੂਮ ਰਿਹਾ ਹੈ। ਨੌਜਵਾਨ ਦਿਲਾਂ ਦੇ ਸਰਦਾਰ ਸ੍ਰੀ ਯੁਤ ਸੁਭਾਸ ਚੰਦਰ ਜੀ ਦਾ ਪ੍ਰਧਾਨਗੀ ਐਡ੍ਰੈਸ ਤਾਂ ਹਰ ਪਹਿਲੂ ਤੋਂ ਸ਼ਲਾਘਾ ਯੋਗ ਤੇ ਪੂਰਨ ਹੈ। ਮਿ: ਸੁਭਾਸ਼ ਜੀ ਦੀ ਦੀਰਘ-ਦ੍ਰਿਸ਼ਟੀ ਨੇ ਬੜੀ

ਸਿਆਣਪ ਤੇ ਨੀਤੀ ਨਾਲ ਸਾਰੇ
ਮੌਜੂਦਾ ਰਾਜਸੀ ਸ਼ਤ੍ਰੰਜ ਦਾ ਸਾਰਾ
ਪੇਸ਼ ਕਰ ਦਿਤਾ ਹੈ ਜਿਸਦੇ ਵੇਖਣ ਤੋਂ
ਤਾਂ ਕੌਮਾਂਤਰੀ ਹਾਲਾ ਦਾ ਤੇ ਦੂਜੇ ਖਾਸ
ਬਰਤਾਨੀਆਂ ਦੀ ਅਸਲ ਪੁਜੀਸ਼ਨ ਦਾ
ਚੰਗੀ ਤਰ੍ਹਾਂ ਚਾਨਣ ਹੋ ਜਾਂਦਾ ਹੈ
ਨਾਲ ਹਿੰਦੁਸਤਾਨ ਦੀਆਂ
ਜ਼ਰੂਰੀ ਲੋੜਾਂ ਤੇ ਹਿੰਦੀਆਂ ਦੇ ਫ਼ਰਜ਼
ਵੀ ਪਤਾ ਲਗ ਜਾਂਦਾ ਹੈ। ਇਸ ਤੋਂ
ਇਹ ਵੀ ਪਤਾ ਲਗ ਜਾਂਦਾ ਹੈ ਕਿ
ਆਜ਼ਾਦੀ ਦੀ ਲਹਿਰ ਹੁਣ ਅਗੇ
ਪੜਾਵਾਂ ਤੋਂ ਲੰਘਣ ਵਾਲੀ ਹੈ ਅਤੇ
ਪ੍ਰਯੋਜਨ ਦੀ ਪ੍ਰਾਪਤੀ ਕਰ ਲੈਣ
ਅਸਾਂ ਨੇ ਦੇਸ਼ ਲਈ ਤੇ ਦੇਸ਼ ਵਾਸੀਆਂ
ਕੀ ਕੁਝ ਕਰਨਾ ਹੈ। ਮਿ: ਬੋਸ
ਪਾਤਸ਼ਾਹੀਆਂ ਦੀਆਂ ਚੜ੍ਹਦੀਆਂ ਤੇ ਢਹਿੰਦੀਆਂ
ਕਲਾਂ ਦਾ ਇਤਿਹਾਸ ਦਸਕੇ ਸਾਨੂੰ ਦੱਸਿਆ
ਕਿ ਹੁਣ ਹਕੂਮਤ ਬਰਤਾਨੀਆ
ਅੰਤ ਹੋਣ ਵਾਲਾ ਹੈ। ਹਕੂਮਤ ਬਰਤਾਨੀਆ
ਵੀ ਯਾ ਤਾਂ ਪੁਰਾਣੀ ਪਾਤਸ਼ਾਹੀ
ਮੌਜੂਦਾ ਤੁਰਕੀ ਜਾਂ ਆਸਟਰੀਆ
ਅਥਵਾ ਹਿੰਦੁਸਤਾਨ ਦੀ ਮੁਗੀਆ
ਮੁਗਲ ਪਾਤਸ਼ਾਹੀਆਂ ਵਾਂਗ ਖਤਮ
ਜਾਂ ਆਜ਼ਾਦ ਕੌਮਾਂ ਦੀ ਇਕ ਸਾਂਝੀ
ਦੀ ਸ਼ਕਲ ਵਿਚ ਬਦਲ ਜਾਏਗੀ
ਵਰਗੀ ਸ਼ਹਿਨਸ਼ਾਹੀ ਕਿਸੇ
ਨਹੀਂ ਰਹਿ ਸਕਦੀ। ਮਿ:
ਇਹ ਵਾਕ ਉਨ੍ਹਾਂ ਲੋਕਾਂ ਦੀਆਂ
ਵਾਲੇ ਹਨ ਜੇਹੜੇ ਪਰਾਈਆਂ
ਗਵਾਹੀਆਂ ਤੋਂ ਅੱਖਾਂ ਬੰਦ ਕਰੀ
ਅਤੇ ਏਹ ਮੰਨੀ ਬੈਠੇ ਹਨ ਕਿ
ਦੀ ਹਕੂਮਤ ਦੀ ਖਾਤਰ

ਮੁਲਤਵੀ ਰਹੇਗਾ। ਅਗੇ ਚਲਕੇ ਮਿ: ਸੁਭਾਸ਼ ਜੀ ਨੇ 'ਪਾੜੋ ਤੇ ਰਾਜ ਕਰੋ' ਦੀ ਨੀਤੀ ਦਾ ਚੰਗੀ ਤਰ੍ਹਾਂ ਵਿਸਥਾਰ ਕਰਕੇ ਦਸਿਆ ਕਿ ਇਸ ਗਲਤ ਪਾਲਸੀ ਨੇ ਹਕੂਮਤ ਬਰਤਾਨੀਆਂ ਨੂੰ ਬਹੁਤ ਬੁਰੀ ਤਰ੍ਹਾਂ ਔਕੜਾਂ ਵਿਚ ਫਸਾ ਦਿਤਾ ਹੈ। ਹੁਣ ਇੰਗਲੈਂਡ ਨੂੰ ਸੁਝਦਾ ਨਹੀਂ ਕਿ ਉਹ ਕੀ ਕਰੇ ਤੇ ਕੀ ਨਾ ਕਰੇ। ਹਿੰਦੁਸਤਾਨ ਵਿਚ ਹਿੰਦੂਆਂ ਨੂੰ ਖੁਸ਼ ਕਰੇ ਕਿ ਮੁਸਲਮਾਨਾਂ ਨੂੰ ? ਫਲਸਤੀਨ ਵਿਚ ਅਰਬਾਂ ਦਾ ਸਾਥ ਦੇਵੇ ਕਿ ਯਹੂਦੀਆਂ ਦਾ; ਇਰਾਨ ਵਿਚ ਕਰੂਦਾਂ ਦੀ ਹਮਾਇਤ ਕਰੇ ਕਿ ਅਰਬਾਂ ਦੀ, ਮਿਸਰ ਵਿਚ ਪਾਤਸ਼ਾਹ ਦੇ ਨਾਲ ਨਿਭਾਵੇ ਕਿ ਕੌਮ-ਪੂਜ ਵਫਦ ਪਾਰਟੀ ਦੀ ਬਹੁ-ਸੰਮਤੀ ਅਗੇ ਨਿਵੇਂ; ਇਸੇ ਤਰ੍ਹਾਂ ਸਪੇਨ ਵਿਚ ਜਨਰਲ ਫਰਾਂਕੋ ਦਾ ਪਖ ਕਰੇ ਕਿ ਉਥੋਂ ਦੀ ਹਕੂਮਤ ਦਾ। ਇਧਰ ਤਾਂ ਇਹ ਝੰਬੇਲੇ ਹਨ ਦੂਜੇ ਪਾਸੇ ਇਟਲੀ, ਜਰਮਨੀ ਤੇ ਜਪਾਨ ਛੇੜਖਾਨੀਆਂ ਕਰਦੇ, ਮਛਰੇ ਹੋਏ ਸਿਰ ਚੜ੍ਹਦੇ ਆਉਂਦੇ ਹਨ, ਉਨ੍ਹਾਂ ਨਾਲ ਕਿਵੇਂ ਕਰੇ ? ਆਇਰਲੈਂਡ ਵਿਚ ਅਲਸਟਰ ਵਾਲੇ ਅਜੇ ਤਕ ਖੱਪ ਪਾ ਰਹੇ ਹਨ, ਅਤੇ ਸਭ ਤੋਂ ਵਧ ਕੇ ਰੂਸ ਦੇ ਸੋਸ਼ਲਿਜ਼ਮ ਦਾ ਭੂਤ ਵੇਖ ਕੇ ਇਨ੍ਹਾਂ ਨੂੰ ਕੰਬਣੀ ਆ ਜਾਂਦੀ ਹੈ। ਇਨ੍ਹਾਂ ਗੱਲਾਂ ਨੇ ਬਰਤਾਨੀਆਂ ਨੂੰ ਹੱਥਾਂ ਪੈਰਾਂ ਦੀ ਪਾਈ ਹੋਈ ਹੈ ਗੱਲ ਕੀ ਇਸ ਸਮੇਂ ਬਰਤਾਨੀਆਂ ਚੁਫੇਰਿਓਂ ਆਪਣੀਆਂ ਹੀ ਪੈਦਾ ਕੀਤੀਆਂ ਮੁਸੀਬਤਾਂ ਨਾਲ ਘਿਰਿਆ ਹੋਇਆ ਹੈ। ਇਸਦਾ ਨਤੀਜਾ ਕੀ ਨਿਕਲੇ ਗਾ ? ਕੁਝ ਨਾ ਕੁਝ ਹੋ ਕੇ ਹੀ ਰਹੇਗਾ। ਜ਼ਰੂਰ ਹੀ ਚੋਠਲੀ ਉਤੇ ਹੋਕੇ ਰਹੇਗੀ। ਮਿ: ਸੁਭਾਸ਼ ਜੀ ਨੇ ਬੜੀ ਵਿਦਵਤਾ ਨਾਲ ਉਪ੍ਰੋਕਤ ਗੱਲਾਂ ਤੇ ਚਾਨਣਾ ਪਾਇਆ।

ਐਤਕਾਂ ਕਾਂਗ੍ਰਸ ਦੀ ਹਾਜ਼ਰੀ, ਉਤਸ਼ਾਹ, ਜੋਸ਼ ਖਰੋਸ਼ ਤੇ ਆਜ਼ਾਦੀ ਦੀ ਤੜਪ ਵੇਖਣ ਲਾਇਕ ਸੀ। ਇਸ ਸਮਾਗਮ ਨੇ ਦੁਨੀਆਂ ਦੀਆਂ ਅੱਖਾਂ ਖੋਲ੍ਹ ਦਿਤੀਆਂ ਹਨ ਤੇ ਇਹ ਵੀ ਨਿਸਚਾ ਕਰਾ ਦਿਤਾ ਹੈ ਕਿ ਹਿੰਦੁਸਤਾਨ ਆਜ਼ਾਦੀ ਪ੍ਰਾਪਤ ਕੀਤੇ ਬਗੈਰ ਹੁਣ ਚੈਨ ਨਹੀਂ ਲੈ ਸਕਦਾ।

## ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰ ਗਦੀ

ਕਿਤਨੇ ਹੀ ਚਿਰ ਤੋਂ 'ਖਾਲਸਾ ਸਮਾਚਾਰ' ਅਤੇ ਰਸਾਲਾ ਅੰਮ੍ਰਿਤ ਵਿਚ ਇਕ ਚਰਚਾ ਚਲ ਰਹੀ ਹੈ ਅਤੇ ਜਿਉਂ ਜਿਉਂ ਗੁਰਦੁਆਰਾ ਚੋਣ ਨੇੜੇ ਆ ਰਹੀ ਹੈ ਤਿਉਂ ਤਿਉਂ ਇਹ ਚਰਚਾ ਹੋਰ ਵੀ ਵਧੇਰੇ ਗਰਮ ਹੋ ਰਹੀ ਹੈ। ਵਿਦਿਆ ਅਤੇ ਸਮਝ ਦੇ ਵਾਧੇ ਦੇ ਨਾਲ ਸਿਧਾਂਤਾਂ ਅਤੇ ਅਸੂਲਾਂ ਉਤੇ ਬਹਿਸਾਂ ਵਿਚਾਰਾਂ ਤੇ ਖੋਜਾਂ ਹੋਣੀਆਂ ਬੁਰੀ ਗਲ ਨਹੀਂ ਸਗੋਂ ਉੱਨਤੀ ਦੀ ਨਸ਼ਾਨੀ ਹੈ; ਪਰ ਅਸੀ ਇਸ ਸਮੇਂ ਰਾਜਸੀ ਘੋਲ ਦੇ ਕਾਰਨ ਕਈ ਤਰਾਂ ਦੀਆਂ ਪਾਰਟੀਆਂ ਦੇ ਝਗੜਿਆਂ ਨਾਲ ਪੈਦਾ ਕੀਤੇ ਹੋਏ ਇਕ ਅਜਿਹੇ ਵਾਯੂ ਮੰਡਲ ਵਿਚ ਦੀ ਗੁਜ਼ਰ ਰਹੇ ਹਾਂ ਕਿ ਅਜਿਹੀਆਂ ਲਾਭਦਾਇਕ ਵਿਚਾਰਾਂ ਹੋਣੀਆਂ ਬਹੁਤ ਹੀ ਕਠਨ ਬਣ ਗਈਆਂ ਹਨ। ਸਚ ਝੂਠ ਦਾ ਨਿਰਨਾ ਹੋਣਾ ਅਸੰਭਵ ਦੇ ਬਰਾਬਰ ਬਣ ਗਿਆ ਹੋਇਆ ਹੈ। ਦਲੀਲ, ਵਿਚਾਰ, ਪ੍ਰਮਾਣ ਤੇ ਖੋਜ ਦੇ ਜ਼ੋਰ ਨਾਲੋਂ ਪਾਰਟੀ ਦੇ ਪਖ ਵਿਚ ਬਹੁਤ ਜ਼ੋਰ ਹੈ। ਇਹੋ ਕਾਰਨ ਹੈ ਕਿ ਉਪ੍ਰੋਕਤ ਬਹਿਸ ਭੀ ਵਧੇਰੇ ਪਾਰਟੀ ਤੇ ਚੋਣ ਦੇ ਅਸਰਾਂ ਹੇਠਾਂ ਦਬਦੀ ਚਲੀ ਜਾ ਰਹੀ ਹੈ ਅਤੇ ਮੇਰਾ ਖਿਆਲ ਹੈ ਗੁਰਦੁਆਰਾ ਚੋਣ ਦੇ ਘੋਲ ਸਮੇਂ ਇਹ ਸੁਆਲ ਸ਼ੈਦ ਇਕ ਦੂਜੇ ਨੂੰ ਸਿਖੀਓਂ ਖ਼ਾਰਜ ਕਰਨ

ਦਾ ਬਹੁਤ ਸਾਰਾ ਕੰਮ ਦਏਗਾ।

ਮੈਂ ਅੰਮ੍ਰਿਤ ਅਤੇ ਖਾਲਸਾ ਸਮਾਚਾਰ ਦੇ ਇਸ ਸਬੰਧੀ ਸਾਰੇ ਲੇਖ ਤਾਂ ਨਹੀਂ ਪੜ੍ਹੇ ਪਰ ਬਹੁਤ ਸਾਰੇ ਪੜ੍ਹੇ ਹਨ। ਸ਼ਰੋਮਣੀ ਗੁਰਦੁਆਰਾ ਕਮੇਟੀ ਦੀਆਂ ਚਿਠੀਆਂ ਵੀ ਪੜ੍ਹੀਆਂ ਹਨ। ਮੈਂ ਵੇਖ ਰਿਹਾ ਹਾਂ ਕਿ ਕਿਸ-ਤਰ੍ਹਾਂ ਸੁਆਲ ਦੀ ਅਸਲ ਬਹਿਸ (issue) ਨੂੰ ਲਾਂਭੇ ਕਰਨ ਦੇ ਯਤਨ ਕਰਕੇ ਕੇਵਲ ਰਾਜਸੀ ਵਿਰੋਧਾਂ ਨੂੰ ਅਗੇ ਲਿਆਂਦਾ ਜਾ ਰਿਹਾ ਹੈ ਅਤੇ ਆਮ ਜਨਤਾ ਨੂੰ ਭੁਲੇਖਿਆਂ ਵਿਚ ਪਾਇਆ ਜਾ ਰਿਹਾ ਹੈ।

ਮੈਂ ਇਸ ਬਹਿਸ ਦੇ ਕਿਸੇ ਵੀ ਪਖ ਵਿਚ ਧੜੇਦਾਰ ਨਹੀਂ ਬਣਨਾ ਚਾਹੁੰਦਾ। ਕੇਵਲ ਜਨਤਾ ਦੀ ਜਾਣਕਾਰੀ ਲਈ ਇਸ ਸੁਆਲ ਦੀ ਅਸਲ ਦੀ ਬਹਿਸ (issue) ਨੂੰ ਸਪਸ਼ਟ ਕਰਨਾ ਚਾਹੁੰਦਾ ਹਾਂ ਤਾਂ ਜੋ ਸੰਗਤਾਂ ਨੂੰ ਇਹ ਪਤਾ ਲਗ ਜਾਵੇ ਕਿ ਅਸਲ ਬਹਿਸ ਨੂੰ ਕੌਣ, ਕਿਉਂ ਤੇ ਕਿਸਤਰ੍ਹਾਂ ਲਾਂਭੇ ਕਰਕੇ ਤੇ ਹੋਰ ਵਾਧੂ ਲੰਮੇ ਝਗੜੇ ਖੜੇ ਕਰ ਰਿਹਾ ਹੈ।

੧. ਕਿਹਾ ਜਾਂਦਾ ਹੈ ਕਿ ਪ੍ਰੋ: ਗੰਗਾ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਤੋਂ ਇਨਕਾਰੀ ਹਨ। ਅੰਮ੍ਰਿਤ ਦੇ ਲੇਖ ਪੜ੍ਹਨ ਤੋਂ ਮੈਨੂੰ ਇਹ ਗਲ ਬਿਲਕੁਲ ਗਲਤ ਮਲੂਮ ਹੋਂਦੀ ਹੈ। ਪ੍ਰੋਫੈਸਰ ਜੀ ਬਾਰ ਬਾਰ ਐਲਾਨ ਕਰ ਚੁਕੇ ਹਨ ਕਿ ਉਹ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਦੇ ਹਨ। ਅਜਿਹੇ ਐਲਾਨਾਂ ਤੇ ਲਿਖਤਾਂ ਦੀ ਮੌਜੂਦਗੀ ਵਿਚ ਜੋ ਸਜਨ ਜੋ ਅਖ਼ਬਾਰ ਏਹ ਪ੍ਰਚਾਰ ਕਰੇ ਕਿ ਪ੍ਰੋਫੈਸਰ ਜੀ ਗੁਰੂ ਗ੍ਰੰਥ ਜੀ ਨੂੰ ਗੁਰੂ ਮੰਨਣ ਤੋਂ ਇਨਕਾਰੀ ਹਨ ਉਹ ਬਹਿਸ ਨਹੀਂ ਕਰ ਰਿਹਾ ਬਲਕੇ ਕਿਸੇ ਗੁਪਤ ਪ੍ਰਯੋਜਨ ਲਈ ਜਨਤਾ ਨੂੰ ਗੁਮਰਾਹ ਕਰ ਰਿਹਾ ਹੈ।

੨. ਪ੍ਰੋਫ਼ੈਸਰ ਗੰਗਾ ਸਿੰਘ ਜੀ ਨੇ ਕਿਸੇ ਸਜਨ ਦੇ ਸੁਆਲ ਦੇ ਉਤਰ ਵਿਚ ਇਹ ਜ਼ਰੂਰ ਕਿਹਾ ਹੈ ਕਿ—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋਤਿ ਜੋਤ ਸਮਾਉਣ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਪੰਜ ਪੈਸੇ ਤੇ ਨਲਏਰ ਰਖਕੇ ਮਥਾ ਟੇਕ ਕੇ ਗੁਰ ਗਦੀ ਨਹੀਂ ਦਿਤੀ। ਆਪ ਦੇ ਖਿਆਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਆਦਿ ਤੋਂ ਹੀ ਗੁਰੂ ਹਨ, ਅਜਿਹੀ ਰਸਮ ਕਰਕੇ ਗਦੀ ਦੇਣ ਦੀ ਲੋੜ ਹੀ ਨਹੀਂ ਸੀ। ਖੋਜੀ ਤੇ ਵਿਦਵਾਨਾਂ ਲਈ ਅਜਹੀਆਂ ਵਿਚਾਰਾਂ ਕਰਨ ਵਿਚ ਕੋਈ ਹਰਜ ਨਹੀਂ ਹੈ।

ਅਸਲ ਬਹਿਸ ਯੋਗ ਤੇ ਨਿਰਨਾ ਕਰਨ ਯੋਗ ਇਹੀ ਸੁਆਲ ਹੈ ਅਤੇ ਬਹੁਤ ਸਾਰੇ ਸਜਨਾਂ ਨੇ ਅਖਬਾਰਾਂ ਰਾਹੀਂ ਵੀ ਤੇ ਸ੍ਰੋ: ਗੁ: ਕਮੇਟੀ ਤੋਂ ਚਿਠੀਆਂ ਰਾਹੀਂ ਵੀ ਇਸੇ ਸੁਆਲ ਦਾ ਨਿਰਨਾ ਕਰਨ ਦੀ ਮੰਗ ਕੀਤੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸਬੰਧੀ ਜਿਤਨੇ ਇਤਿਹਾਸ ਲਿਖੇ ਗਏ ਅਤੇ ਛਪੇ ਹਨ, ਜਿਨ੍ਹਾਂ ਦਾ ਹੁਣ ਤਕ ਪਤਾ ਲਗਾ ਹੈ, ਉਨ੍ਹਾਂ ਸਾਰਿਆਂ ਵਿਚ ਹੀ ਇਹੋ ਗਲ ਲਿਖੀ ਹੋਈ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ-ਜੋਤਿ ਸਮਾਉਣ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਗੇ ਮਥਾ ਟੇਕ ਕੇ ਆਪਣਾ ਜਾ-ਨਸ਼ੀਨ ਮੁਕਰਰ ਕੀਤਾ। ਸਿਖਾਂ ਵਿਚ ਇਹ ਇਕ ਮੰਨਿਆ-ਪ੍ਰਮੰਨਿਆ ਇਤਹਾਸਕ ਵਾਕਿਆ ਚਲਾ ਆਉਂਦਾ ਹੈ। ਪ੍ਰੋਫ਼ੈਸਰ ਗੰਗਾ ਸਿੰਘ ਜੀ ਦੀ ਲਿਖਤ ਦੇ ਏਹ ਅਰਥ ਹਨ ਕਿ ਇਹ ਇਤਹਾਸਕ ਵਾਕਿਆ ਗਲਤ ਹੈ। ਉਨ੍ਹਾਂ ਦੇ ਖਿਆਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਆਦਿ ਤੋਂ ਅਥਵਾ ਧੁਰ ਤੋਂ ਹੀ ਗੁਰੂ ਸਨ ਇਸ ਕਰਕੇ ਗਦੀ ਦੇਣ ਦੀ ਲੋੜ ਨਹੀਂ ਸੀ ਅਤੇ ਨਾਹੀ ਗੁਰੂ ਜੀ ਨੇ ਅਜੇਹੀ ਕੋਈ ਰਸਮ ਕੀਤੀ ਹੈ।

ਸਭ ਇਤਿਹਾਸਾਂ ਦੀਆਂ ਲਿਖਤਾਂ ਕਰਕੇ ਅਤੇ ਸਦੀਆਂ ਦੇ ਪ੍ਰਚਾਰ ਕਰਕੇ ਆਮ ਸਿਖ ਸੰਗਤਾਂ ਦਾ ਏਹ ਨਿਸਚਾ ਚਲਾ ਆਉਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ-ਜੋਤਿ ਸਮਾਉਣ ਸਮੇਂ ਉਪ੍ਰੋਕਤ ਰਸਮ ਜ਼ਰੂਰ ਕੀਤੀ ਹੈ ਅਤੇ ਉਹ ਇਸ ਵਾਕਿਆ ਨੂੰ ਇਕ ਖਾਸ ਮਹਾਨਤਾ ਵਾਲੀ ਆਖ਼ਰੀ ਧਾਰਮਕ ਰਸਮ ਮੰਨਦੇ ਹਨ। ਇਸ ਵਾਸਤੇ ਹੁਣ ਨਿਰਨਾ ਕਰਨ ਯੋਗ ਸੁਆਲ ਏਹ ਹਨ:—

੧. ਕੀ ਦਸਮ ਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ-ਗਦੀ ਦੇਣ ਦੀ ਰਸਮ ਜੋ ਸਭ ਇਤਿਹਾਸਾਂ ਨੇ ਲਿਖੀ ਹੈ, ਗਲਤ ਹੈ?

੨. ਇਸਦੇ ਗਲਤ ਸਿਧ ਕਰਨ ਲਈ ਇਤਿਹਾਸਕ ਖੋਜ ਦੇ ਕੀ ਪ੍ਰਮਾਣ ਹਨ?

੩. ਕੀ ਜੋ ਸਜਨ ਏਹ ਰਾਇ ਰਖਦਾ ਹੈ ਕਿ ਉਪ੍ਰੋਕਤ ਰਸਮ ਨਹੀਂ ਹੋਈ, ਇਤਿਹਾਸਾਂ ਨੇ ਗਲਤ ਲਿਖਿਆ ਹੈ, ਉਹ ਕਿਸੇ ਸਿਖ ਸਿਧਾਂਤ ਦਾ ਘਾਤਕ ਗਿਣਿਆ ਜਾਵੇ?

੪. ਸ੍ਰੋਮਣੀ ਗੁਰਦੁਆਰਾ ਕਮੇਟੀ ਦੀ ਇਸ ਬਾਰੇ ਕੀ ਰਾਇ ਹੈ? ਕੀ ਸ਼੍ਰੋ: ਗੁ: ਕਮੇਟੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ-ਗਦੀ ਦੇਣ ਦੀ ਰਸਮ ਨੂੰ ਗਲਤ ਮੰਨਦੀ ਹੈ? ਜੇ ਗਲਤ ਮੰਨਦੀ ਹੈ ਤੇ ਕਿਨ੍ਹਾਂ ਖੋਜਾਂ ਤੇ ਪ੍ਰਮਾਣਾਂ ਦੇ ਅਧਾਰ ਤੇ?

ਮੇਰੇ ਖਿਆਲ ਵਿਚ ਉਪ੍ਰੋਕਤ ਚੌਹਾਂ ਗਲਾਂ ਉਤੇ ਹੀ ਚਾਨਣਾ ਪਾਣ ਦੀ ਲੋੜ ਹੈ, ਹੋਰ ਵਾਧੂ ਬਹਿਸਾਂ ਕਰਨੀਆਂ ਜਨਤਾ ਨੂੰ ਗੁਮਰਾਹ ਕਰਨਾ ਹੈ।

ਨੰ: ੧ ਦੇ ਬਾਰੇ ਮੇਰੀ ਆਪਣੀ ਜ਼ਾਤੀ ਰਾਇ ਏਹ ਹੈ ਕਿ ਗੁਰ-ਗੱਦੀ ਦੇਣ ਦਾ ਇਹ ਇਤਿਹਾਸਕ ਵਾਕਿਆ ਦਰੁਸਤ ਹੈ। ਮੈਨੂੰ ਇਸ ਵਿਚ ਕੋਈ ਧਾਰਮਕ ਜਾਂ ਸਿਧਾਂਤਕ ਔਗੁਣ ਵੀ ਨਹੀਂ ਦਿਸਦਾ।

ਨੰ: ੨ ਦੇ ਅਨੁਸਾਰ ਇਸਨੂੰ ਗਲਤ ਸਿਧ ਕਰਨ ਲਈ ਕੋਈ ਇਤਿਹਾਸਕ ਖੋਜ ਦੇ ਪ੍ਰਬਲ ਪ੍ਰਮਾਣ ਜਾਂ ਦਲੀਲਾਂ ਵੀ ਮੇਰੀ ਨਜ਼ਰੀਂ ਨਹੀਂ ਪਈਆਂ। ਇਤਿਹਾਸਾਂ ਵਿਚ ਕਈ ਗਲਾਂ ਗਲਤ ਲਿਖੀਆਂ ਜਾਂਦੀਆਂ ਹਨ ਇਸ ਵਿਚ ਸ਼ਕ ਨਹੀਂ ਪਰ ਜਦ ਤੀਕਣ ਏਹ ਨ ਸਿਧ ਹੋਵੇ ਕਿ ਉਹ ਗਲ ਸਚਮੁਚ ਮਾੜੀ ਹੈ ਤੇ ਕਿਸੇ ਨੇ ਸ਼ਰਾਰਤ ਕਰਕੇ ਪਾ ਦਿਤੀ ਹੈ ਤਦ ਤੀਕਣ ਉਸਦੇ ਮੰਨਣ ਵਿਚ ਕੋਈ ਹਰਜ ਨਹੀਂ। ਸ: ਕਰਮ ਸਿੰਘ ਜੀ ਹਿਸਟੋਰੀਅਨ ਨੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਜਨਮ ਕਤਕ ਦੀ ਥਾਂ ਵਿਸਾਖ ਅਤੇ ਭਾਈ ਬਾਲੇ ਦੇ ਨਾਂਹ ਹੋਣ ਬਾਬਤ ਕਈ ਇਤਿਹਾਸਕ ਦਲੀਲਾਂ ਪੇਸ਼ ਕਰਕੇ ਇਹ ਗਲਾਂ ਪਬਲਕ ਦੇ ਪੇਸ਼ ਕੀਤੀਆਂ, ਪਰ ਇਥੇ ਕੋਈ ਅਜੇਹੀ ਦਲੀਲ ਸਾਡੇ ਸਾਮ੍ਹਣੇ ਨਹੀਂ ਆਈ।

ਨੰਬਰ ੩ ਦੇ ਬਾਰੇ ਮੇਰੀ ਜ਼ਾਤੀ ਰਾਇ ਏਹ ਹੈ ਕਿ ਕਿਸੇ ਇਤਿਹਾਸਕ ਵਾਕਿਆ ਦੇ ਮੰਨਣ ਜਾਂ ਨ ਮੰਨਣ ਕਰਕੇ ਕਿਸੇ ਅਸੂਲ ਦਾ ਘਾਤ ਨਹੀਂ ਹੁੰਦਾ। ਅਜੇਹੀਆਂ ਵਿਚਾਰਾਂ ਤੇ ਬਹਿਸਾਂ ਠੰਢੇ ਦਿਲ ਨਾਲ ਖੋਜਾਂ ਤੇ ਦਲੀਲਾਂ ਨਾਲ ਹੋਣੀਆਂ ਚਾਹੀਦੀਆਂ ਹਨ।

ਨੰਬਰ ੪ ਬਾਰੇ—ਸ੍ਰੋ: ਗੁ: ਕਮੇਟੀ ਨੇ ਜੋ ਐਲਾਨ ਕਢੇ ਹਨ ਉਨ੍ਹਾਂ ਵਿਚ ਇਸ ਅਸਲ ਸੁਆਲ ਨੂੰ ਲਾਂਭੇ ਕਰਨ ਦਾ ਯਤਨ ਕੀਤਾ ਹੈ। ਸ੍ਰੋ: ਗੁ: ਕਮੇਟੀ ਵਰਗੀ ਧਾਰਮਕ ਤੇ ਮੁਖੀ ਸੁਸਾਇਟੀ ਨੂੰ ਅਜਿਹੇ ਮੁਹਮਲ ਜਵਾਬ ਨਹੀਂ ਦੇਣੇ ਚਾਹੀਦੇ, ਬਲਕੇ ਸਾਫ਼ ਸਾਫ਼ ਲਿਖਣਾ ਚਾਹੀਦਾ ਹੈ ਤੇ ਨਿਰਨਾ ਕਰਨਾ ਚਾਹੀਦਾ ਹੈ ਕਿ ਉਹ ਕੀ ਮੰਨਦੀ ਹੈ। ਜੇ ਉਸਨੂੰ ਪ੍ਰੋ: ਗੰਗਾ

ਸਿੰਘ ਜੀ ਨਾਲ ਇਤਫ਼ਾਕ ਹੈ ਤਾਂ ਸਾਫ਼ ਸਾਫ਼ ਲਿਖ ਦੇਣਾ ਚਾਹੀਦਾ ਹੈ ਕਿ ਸਭ ਇਤਹਾਸਾਂ ਨੇ ਏਹ ਗਲ ਗਲਤ ਲਿਖੀ ਹੈ, ਸੁਆਲ ਏਹ ਨਹੀਂ ਕਿ ਪ੍ਰੋ: ਗੰਗਾ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦੇ ਹਨ ਕਿ ਨਹੀਂ। ਸੁਆਲ ਤਾਂ ਏਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਸਮੇਂ ਗੁਰ-ਗੱਦੀ ਦੇਣ ਦੀ ਰਸਮ ਅਦਾ ਕੀਤੀ ਹੈ ਕਿ ਨਹੀਂ। ਇਸ ਵਾਸਤੇ ਮੇਰੀ ਰਾਇ ਵਿਚ ਸ੍ਰੋ: ਕਮੇਟੀ ਨੂੰ ਝਕਣਾ ਨਹੀਂ ਚਾਹੀਦਾ ਤੇ ਨਾਹੀ ਇਸ ਸੁਆਲ ਨੂੰ ਟਾਲਣ ਦਾ ਯਤਨ ਕਰਨਾ ਚਾਹੀਦਾ। ਸਾਫ਼ ਤੇ ਸਪੱਸ਼ਟ ਐਲਾਨ ਕਰ ਦੇਣਾ ਚਾਹੀਦਾ।

ਏਹ ਇਕ ਇਤਹਾਸਕ ਖੋਜ ਦਾ ਸੁਆਲ ਹੈ, ਇਸਨੂੰ ਚੋਣ ਦੇ ਘੋਲ ਲਈ ਘਸੀਟਣਾ ਸਖਤ ਅਨਿਆਇ ਹੈ। ਮੇਰੀ ਵਿਚਾਰਵਾਨ ਤੇ ਬਹਿਸ ਵਿਚ ਹਿਸਾ ਲੈਣ ਵਾਲੇ ਸਜਨਾਂ ਦੀ ਸੇਵਾ ਵਿਚ ਬਿਨੈ ਹੈ ਕਿ ਉਹ ਕਿਰਪਾ ਪੂਰਬਕ ਵਿਚਾਰ ਮਿੱਠੇ ਸਬਦਾਂ ਦੁਆਰਾ ਕੇਵਲ ਦਲੀਲ ਤੇ ਖੋਜ ਦੇ ਅੰਦਰ ਹੀ ਰਖਣ। ਵਾਧੂ ਝਮੇਲੇ ਨ ਪਾਣ। ਮੈਂ ਇਸ ਸਬੰਧ ਵਿਚ ਕੋਈ ਹੋਰ ਵਧੇਰੇ ਹਿਸਾ ਨਹੀਂ ਲਵਾਂਗਾ।

ਹੀਰਾ ਸਿੰਘ 'ਦਰਦ'

## ਗੁਰਦਵਾਰਾ ਸੁਧਾਰ ਲਈ ਲਖਾਂ ਦੀ ਮੰਗ

ਜ਼ਬਰਦਸਤ ਤੇ ਅਦੁਤੀ ਅਕਾਲੀ ਲਹਿਰ ਰਹੀ ਬੇ-ਗਿਣਤ ਕੁਰਬਾਨੀਆਂ ਮਗਰੋਂ ਗੁਰ-ਦੁਆਰਾ ਕਾਨੂੰਨ ਬਣਿਆ। ਚੋਣ ਦੁਆਰਾ ਗੁਰ-ਦੁਆਰਿਆਂ ਦਾ ਪ੍ਰਬੰਧ ਸ਼ੁਰੂ ਹੋਇਆ। ਮਹੰਤਾਂ ਤੇ ਪੁਰਾਣੇ ਪ੍ਰਬੰਧਾਂ ਪਾਸੋਂ ਨਿਕਲ ਕੇ ਬਹੁਤ ਸਾਰੇ ਗੁਰਦੁਆਰੇ ਨਵੇਂ ਪ੍ਰਬੰਧ ਹੇਠਾਂ ਆਏ, ਕਾਫ਼ੀ ਸੁਧਾਰ ਵੀ ਹੋਇਆ ਪਰ ਅਜੇ ਤਕ ਵੀ ਆਮ ਸ਼ਕੈਤਾਂ ਹਨ ਕਿ ਜਿਹੋ ਜਿਹਾ ਸੁਧਾਰ ਹੋਣਾ ਚਾਹੀਦਾ ਸੀ ਨਹੀਂ ਹੋਇਆ, ਅਜੇ ਵੀ ਬੜੀਆਂ ਖਰਾਬੀਆਂ ਤੇ ਨੁਕਸ ਹਨ। ਸੰਗਤਾਂ ਕਈ ਵੇਰਾਂ ਮੌਜੂਦਾ ਪ੍ਰਬੰਧ ਵਿਚ ਨਾ-ਸਹਾਰੀਆਂ ਜਾਣ ਵਾਲੀਆਂ ਸ਼ਕੈਤਾਂ ਸੁਣਕੇ ਬੜੀਆਂ ਉਦਾਸ ਤੇ ਨਿਰਾਸ ਹੋ ਜਾਂਦੀਆਂ ਹਨ। ਇਸਦੇ ਕੀ ਕਾਰਨ ਹਨ ? ਇਨ੍ਹਾਂ ਖਰਾਬੀਆਂ ਦੀ ਜੜ੍ਹ ਕੀ ਹੈ? ਮੌਜੂਦਾ ਹਾਲਤ ਵਿਚ ਚੰਗੇ ਤੋਂ ਚੰਗਾ ਸੁਧਾਰ ਕਿਸਤਰ੍ਹਾਂ ਹੋ ਸਕਦਾ ਹੈ? ਅਮਲੀ ਪ੍ਰੋਗ੍ਰਾਮ ਕੀ ਹੋਵੇ ? ਪੰਥ ਦੇ ਵਿਦਵਾਨਾਂ ਤੇ ਗੁਰਦੁਆਰਾ ਸੁਧਾਰ ਦੇ ਚਾਹਵਾਨਾਂ ਪਾਸੋਂ ਅਸੀ ਮੰਗ ਕਰਦੇ ਹਾਂ ਕਿ ਉਹ ਆਪੋ ਆਪਣੇ ਵਿਚਾਰ ਇਸ ਸਬੰਧੀ ਲਿਖ ਭੇਜਣ। ਕਿਸੇ ਪਾਰਟੀ ਜਾਂ ਸਜਨ ਉਪਰ ਕੋਈ ਜ਼ਾਤੀ ਹਮਲਾ ਨਾ ਹੋਵੇ, ਪ੍ਰੇਮ ਭਰੀ ਤੇ ਖੋਜ ਭਰੀ ਵਿਚਾਰ ਹੋਵੇ। ਅਸੀਂ ਚਾਹੁੰਦੇ ਹਾਂ ਕਿ ਗੁਰਦੁਆਰਾ ਚੋਣ ਤੋਂ ਪਹਿਲਾਂ ਸੰਗਤਾਂ ਦੇ ਸਾਮ੍ਹਣੇ ਮੁਖੀ ਵਿਦ-ਵਾਨਾਂ ਦੇ ਵਿਚਾਰ ਆ ਜਾਣ ਅਤੇ ਉਸਾਰੂ ਪ੍ਰੋਗਰਾਮ ਵੀ ਜਾਵੇ ਅਤੇ ਇਸ ਗਲ ਤੇ ਵੀ ਚੰਗੀ ਤਰ੍ਹਾਂ ਚਾਨਣ ਪੈ ਜਾਵੇ ਕਿ ਨੁਕਸਾਂ ਦੀ ਜੜ੍ਹ ਕਿਥੇ ਹੈ। ਤਾਂ ਜੋ ਚੋਣਕਾਰ ਸਜਨ ਉਨ੍ਹਾਂ ਦੇ ਆਧਾਰ ਤੇ ਅਗਲੀ ਚੋਣ ਵਿਚ ਲਾਭ ਉਠਾਉਣ। ਮਈ ਜਾਂ ਜੂਨ ਤੋਂ ਇਨ੍ਹਾਂ ਲੇਖਾਂ ਦੀ ਲੜੀ ਅਰੰਭ ਕਰਨ ਦੀ ਆਸ ਹੈ।

—:—

ਨੋਟ:—"ਦਰਦ" ਜੀ ਵਲੋਂ ਇਕ ਬੜੀ ਹੀ ਸਵਾਦਲੀ ਤੇ ਨਵੀਂ ਕਹਾਣੀ ਇਸ ਪਰਚੇ ਵਿਚ ਛਪਣ ਲਈ ਦੇਰ ਨਾਲ ਪੁਜਣ ਦੇ ਕਾਰਨ ਨਹੀਂ ਛਪ ਸਕੀ ਮਈ ਦੇ ਪਰਚੇ ਵਿਚ ਛਪੇਗੀ, ਪਾਠਕ ਜਨ ਉਡੀਕ ਕਰਨ।

—:—

# ਸ੍ਰੀ ਬਾਬਾ ਰਾਮ ਸਿੰਘ ਜੀ ਮਹਾਰਾਜ !

ਜਦੋਂ ਸਿਖਾਂ ਨੂੰ ਰਾਜ ਸਾਜ ਪ੍ਰਾਪਤ ਹੋਇਆ ਤਾਂ ਇਨ੍ਹਾਂ ਵਿਚ ਗਿਰਾਵਟ ਆਉਣੀ ਸ਼ੁਰੂ ਹੋ ਗਈ। ਮਹਾਰਾਜਾ ਰਣਜੀਤ ਸਿੰਘ ਜੀ ਦੇ ਮਗਰੋਂ ਤਾਂ ਸਿਖ ਰਾਜ ਦਰਬਾਰ, ਬਹੁਤ ਹੀ ਗਿਰ ਗਿਆ। ਕਈ ਅਚਾਰ-ਭ੍ਰਿਸ਼ਟ ਬੰਦੇ ਅਗੇ ਆ ਗਏ; ਜਿਨ੍ਹਾਂ ਦੀਆਂ ਖੁਦਗਰਜ਼ੀਆਂ ਨੇ ਰਾਜ ਦਰਬਾਰ ਵਿਚ ਗੰਦਾਂ ਤੇ ਸਾਜ਼ਸ਼ਾਂ ਨਾਲ ਤਬਾਹੀ ਮਚਾ ਦਿਤੀ। ਜਥਾ ਰਾਜਾ ਤਥਾ ਪਰਜਾ ਅਨੁਸਾਰ ਸਿਖ ਪੰਥ ਦੀ ਵੀ ਜਥੇਬੰਦੀ ਟੁਟ ਗਈ ਤੇ ਸਿਖੀ ਆਦਰਸ਼ ਵੀ ਭੁਲ ਗਏ। ਠੀਕ ਇਸੇ ਵੇਲੇ ਬਾਬਾ ਰਾਮ ਸਿੰਘ ਜੀ ਮੈਦਾਨ ਵਿਚ ਆਏ। ਆਪ ਨੇ ਪੰਥ ਵਿਚੋਂ ਸ਼ਰਾਬ, ਦੁਰਾਚਾਰ ਤੇ ਪਖੰਡ ਆਦਿਕ ਕਮਜ਼ੋਰੀਆਂ ਦੂਰ ਕਰਕੇ ਨਵੇਂ ਸਿਰੇ ਪੰਥ ਨੂੰ ਜਥੇਬੰਦ ਕਰਨ ਤੇ ਜਾਗ੍ਰਤੀ ਲਿਆਉਣ ਦਾ ਉਦਮ ਆਰੰਭਿਆ।

ਆਪਦਾ ਜਨਮ ਮਾਘ ਸ਼ੁਦੀ ਪੰਜ ਸੰਮਤ ੧੮੭੨ ਬਿ: (੧੮੧੫ ਈ:) ਵਿਚ ਭੈਣੀ ਜ਼ਿਲਾ ਲੁਧਿਆਨਾ ਵਿਚ ਹੋਇਆ। ਕੁਝ ਚਿਰ ਸਿਖ ਫੌਜ ਵਿਚ ਨੌਕਰੀ ਕੀਤੀ ਫਿਰ ਭਾਈ ਬਾਲਕ ਸਿੰਘ ਜੀ ਹਜ਼ਰੋ ਵਾਲਿਆਂ ਦੀ ਸੰਗਤ ਕਰਕੇ ਆਪ ਨੂੰ ਰੰਗਣ ਚੜ੍ਹੀ। ਆਪ ਸ਼ਬਦ, ਬਾਣੀ ਤੇ ਨਾਮ ਦੇ ਰਸੀਏ, ਬੜੇ ਪਵਿਤ੍ਰ ਜੀਵਨ ਵਾਲੇ ਮਹਾਂ ਪੁਰਸ਼ ਸਨ।

ਲਾਹੌਰ ਆਕੇ ਆਪਨੇ ਰਾਜ-ਦਰਬਾਰ ਦੀਆਂ ਖਰਾਬੀਆਂ ਨੂੰ ਵੇਖਕੇ ਤਾੜਨਾ ਕੀਤੀ ਤੇ ਖਤਰਾ ਦਸਿਆ ਕਿ ਅੰਗਰੇਜ਼ੀ ਰਾਜ ਦਬਾਦਬ ਵਧਦਾ ਆ ਰਿਹਾ ਹੈ ਉਸਤੋਂ ਬਚਣਾ ਹੈ ਤਾਂ ਆਪਣਾ ਸੁਧਾਰ ਕਰੋ ਤੇ ਜਥੇਬੰਦ ਹੋ ਜਾਵੋ ਪਰ ਆਪਦੀ ਕਿਸੇ ਨੇ ਇਕ ਨਾ ਸੁਣੀ ਫਿਰ ਆਪ ਨੇ ਭੈਣੀ ਸਾਹਿਬ ਆ ਡੇਰੇ ਲਾਏ ਤੇ ਇਲਾਕੇ ਵਿਚ ਪ੍ਰਚਾਰ ਸ਼ੁਰੂ ਕੀਤਾ। ਅੰਮ੍ਰਿਤ ਛਕੋ, ਪਾਓ, ਗੁਰਮੁਖੀ ਪੜ੍ਹੋ, ਨਾਮ ਜਪੋ, ਸ਼ਰਾਬ ਨਾ ਪੀਓ, ਮਾਸ ਨਾ ਖਾਓ, ਅੰਗਰੇਜ਼ੀ ਤੇ ਬੇਰੇ, ਮੁਕਦਮੇ ਘਰ ਵਿਚ ਫੈਸਲਾ ਕਰੋ, ਅੰਗਰੇਜ਼ੀ ਅਦਾਲਤਾਂ ਵਿਚ ਨਾ ਜਾਓ। ਧਰਮ ਲਈ ਕੁਰਬਾਨ ਹੋਣ ਵਾਸਤੇ ਸਦਾ ਤਿਆਰ ਰਹੋ, ਆਦਿਕ। ਆਪਦੇ ਉਪਦੇਸ਼ਾਂ ਨੇ ਹਜ਼ਾਰਾਂ ਆਦਮੀਆਂ ਵਿਚ ਨਵੀਂ ਜ਼ਿੰਦਗੀ ਪੈਦਾ ਕਰ ਦਿਤੀ।

ਸਿਖ ਰਾਜ ਖਤਮ ਹੋ ਚੁਕਾ ਸੀ ਤੇ ਪੰਜਾਬ ਵਿਚ ਅੰਗਰੇਜ਼ੀ ਰਾਜ ਜਮ ਰਿਹਾ ਸੀ। ਸਰਕਾਰ ਨੇ ਆਪ ਦੀ ਲਹਿਰ ਨੂੰ ਖਤਰਨਾਕ ਸਮਝ ਕੇ ਹਰ ਤਰ੍ਹਾਂ ਨਾਲ ਰੋਕਣਾ ਸ਼ੁਰੂ ਕਰ ਦਿਤਾ।

ਆਪਦੇ ਪੈਰੋਕਾਰ ਕੂਕੇ ਸਦਾਣ ਲਗੇ। ਆਪ ਦਾ ਉਪਦੇਸ਼ ਸੀ ਕਿ ਜਾਨ ਚਲੀ ਜਾਵੇ ਤਾਂ ਵੀ ਸਚਾਈ ਨਾਂ ਛਡੋ।

ਇਕ ਵੇਰਾਂ ਦਾ ਜ਼ਿਕਰ ਹੈ ਕਿ ਆਪ ਦੇ ਕੁਝ ਸਿਖ ਅੰਮ੍ਰਿਤਸਰ ਆਏ। ਅੰਮ੍ਰਿਤਸਰ ਵਿਚ ਗਊ ਹਤਿਆ ਹੁਕਮਨ ਬੰਦ ਸੀ ਪਰ ਉਨ੍ਹਾਂ ਵੇਖਿਆ ਕਿ ਘੰਟਾ ਘਰ ਦੇ ਸਾਮ੍ਹਣੇ ਕਸਾਈਆਂ ਨੇ ਗਊਆਂ ਨੂੰ ਮਾਰਿਆ ਉਨ੍ਹਾਂ ਨੇ ਜੋਸ਼ ਵਿਚ ਆਕੇ ਕਸਾਈ ਵੱਢ ਦਿਤੇ ਆਪ ਨਸ ਗਏ। ਕਤਲ ਦੇ ਜੁਰਮ ਵਿਚ ਨਿਹੰਗ ਸਿੰਘ ਤੇ ਗਰੀਬ ਪਕੜੇ ਗਏ। ਬਿਦੋਸਿਆਂ ਨੂੰ ਗਵਾਹੀਆਂ ਬਣਾਕੇ ਫਾਂਸੀ ਦਾ ਹੁਕਮ ਦੇ ਦਿਤਾ ਗਿਆ।

ਠੀਕ ਇਸੇ ਵੇਲੇ ਬਾਬਾ ਰਾਮ ਸਿੰਘ ਜੀ ਨੂੰ ਅਸਲ [illegible] ਪਤਾ ਲੱਗਾ। ਉਨ੍ਹਾਂ ਨੇ ਆਪਣੇ ਸਿਖਾਂ ਨੂੰ ਬੁਲਾਕੇ ਕਿਹਾ ਭਾਈ ਜਿਸਨੇ ਕਤਲ ਕੀਤਾ ਹੈ ਉਹ ਅੰਮ੍ਰਿਤਸਰ ਜਾਏ ਅਤੇ ਆਪਣੇ ਆਪ ਨੂੰ ਪੇਸ਼ ਕਰਕੇ ਬੇ ਗੁਨਾਹਾਂ ਨੂੰ ਬਚਾਏ ਨਹੀਂ ਤਾਂ ਓਸਨੂੰ ਗੁਰੂ ਦੇ ਦਰ ਢੋਈ ਨਹੀਂ ਮਿਲੇਗੀ। ਇਹ ਸੁਣਦਿਆਂ ਹੀ ਅਸਲ ਕਾਤਲ ਅੰਮ੍ਰਿਤਸਰ ਆਕੇ ਅਦਾਲਤ ਵਿਚ ਹਾਜਰ ਹੋ ਗਏ ਅਤੇ ਬੇ ਗੁਨਾਹਾਂ ਨੂੰ ਛੁੜਵਾਕੇ ਫਾਂਸੀਆਂ ਦੇ ਰਸੇ ਹਸਦਿਆਂ ੨ ਆਪਣੇ ਗਲ ਪਾਏ। ਏਹ ਦਲੇਰੀ ਤੇ ਕੁਰਬਾਨੀ ਆਪਦੇ ਉਪਦੇਸ਼ਾਂ ਨੇ ਹੀ ਪੈਦਾ ਕੀਤੀ ਸੀ।

ਸੰ: ੧੯੨੯ [੧੮੭੨ ਈ:] ਨੂੰ ਕਈ ਕੂਕਿਆਂ ਨੇ ਮਲੌਦ ਤੇ ਮਲੇਰਕੋਟਲੇ ਦੇ ਬੁਚੜ ਵਢ ਦਿਤੇ। ਇਸਤੇ ਮਿ: ਕਾਵਨ ਡਿਪਟੀ ਕਮਿਸ਼ਨਰ ਲੁਧਿਆਣੇ ਨੇ ਕਈ ਕੂਕੇ ਜੀਊਂਦੇ ਤੋਪਾਂ ਅਗੇ ਉਡਾ ਦਿਤੇ ਅਤੇ ਬਾਬਾ ਰਾਮ ਸਿੰਘ ਜੀ ਨੂੰ ਰੰਗੂਨ ਵਿਚ ਜਲਾਵਤਨ ਕਰ ਦਿਤਾ। ਅਤੇ ਪਿਛੋ ਕਈ ਕੂਕਿਆਂ ਉਤੇ ਕਰੜੀ ਪਾਬੰਦੀ ਲਾ ਦਿਤੀ। ਰੰਗੂਨ ਵਿਚ ਆਪਦਾ ਦੇਹਾਂਤ ੧੮੮੫ ਈ: ਵਿਚ ਹੋਇਆ ਕਿਹਾ ਜਾਂਦਾ ਹੈ ਪਰ ਨਾਮਧਾਰੀ ਇਸ ਗਲ ਤੇ ਯਕੀਨ ਨਹੀਂ ਕਰਦੇ।

ਸ੍ਰੀ ਬਾਬਾ ਰਾਮ ਸਿੰਘ ਜੀ ਸਚ ਮੁਚ ਇਕ ਮਹਾਨ ਹਸਤੀ ਸਨ ਜਿਨ੍ਹਾਂ ਨੇ ਥੋੜੇ ਸਮੇਂ ਵਿਚ ਹੀ ਸਿਖਾਂ ਅੰਦਰ ਨਵਾਂ ਜੀਵਨ ਪੈਦਾ ਕਰ ਦਿਤਾ ਸੀ ਪਰ ਆਪਨੂੰ ਪੰਥ ਦੀ ਅਗਵਾਈ ਕਰਨ ਦਾ ਪੂਰਾ ਸਮਾਂ ਨਾ ਮਿਲਿਆ। ਸਾਰਾ ਪੰਥ ਸ੍ਰੀ ਮਹਾਰਾਜ ਰਾਮ ਸਿੰਘ ਜੀ ਤੇ ਜਿਤਨਾ ਮਾਣ ਕਰ ਥੋੜਾ ਹੈ।

---

ਧਾਰਮਕ

# ਅਖੰਡ ਪਾਠ ਦੀ ਰਸਮ !

ਪਿਛੇ ਜਿਹੇ ਦਾਸ ਨੇ ਸ਼੍ਰੋਮਣੀ ਕਮੇਟੀ ਨੂੰ ਲਿਖਿਆ ਸੀ ਕਿ ਅਖੰਡ ਪਾਠ ਦੀ ਰਸਮ **ਕਦੋਂ ਤੇ ਕਿਉਂ** ਚਲੀ। ਉਨ੍ਹਾਂ ਨੇ ਇਸ ਬਾਬਤ ਪੰਥ ਦੇ ਮੁਖੀ ਵਿਦ੍ਵਾਨਾਂ ਤੋਂ ਪੁਛ ਕੀਤੀ ਅਤੇ ਜੋ ਉਤਰ ਆਏ ਉਹ ਦਾਸ ਨੂੰ ਭੇਜਣ ਦੀ ਕ੍ਰਿਪਾਲਤਾ ਕੀਤੀ। ਆਮ ਸੰਗਤਾਂ ਦੀ ਗਿਆਤ ਵਾਸਤੇ ਉਸ ਦੀ ਨਕਲ ਮੈਂ ਹੇਠ ਦੇਂਦਾ ਹਾਂ। ਜੇਕਰ ਕਿਸੇ ਪ੍ਰੇਮੀ ਨੂੰ ਹੇਠ ਲਿਖੇ ਤੋਂ ਵਧ ਪਤਾ ਹੋਵੇ ਤਾਂ ਦਾਸ ਨੂੰ ਲਿਖ ਕੇ ਧੰਨਵਾਦੀ ਕਰਨ।

[ ਸੇਵੀ ਤੇਜਾ ਸਿੰਘ

## ੧. ਭਾਈ ਸਾਹਿਬ ਵੀਰ ਸਿੰਘਜੀ—

ਅਖੰਡ ਪਾਠ ਦੀ ਮਰਯਾਦਾ ਪੁਰਾਣੀ ਚਲੀ ਆਉਂਦੀ ਹੈ, ਪਰ ਮੇਰੇ ਯਾਦ ਨਹੀਂ ਕਿ ਲਿਖਤ ਵਿਚ ਕਦੋਂ ਤੋਂ ਆਉਂਦੀ ਹੈ। ੫੦ ਬਰਸ ਤੋਂ ਮੈਂ ਵੇਖ ਰਿਹਾ ਹਾਂ ਕਿ ਜੋ ਬਜ਼ੁਰਗ ਤਦੋਂ ੭੦–੮੦ ਬਰਸ ਦੇ ਸੇ, ਉਹ ਅਪਣੇ ਵਡਿਆਂ ਤੋਂ ਚਲੀ ਆਈ ਦਸਦੇ ਸੇ। ਏਥੇ ਮੇਰੇ ਪਾਸ ਪੁਸਤਕ ਨਹੀਂ ਹਨ ਜੋ ਵਸ਼ੇਸ਼ ਕੁਛ ਕਹਿ ਸਕਾਂ।

## ੨. ਪ੍ਰੋਫ਼ੈਸਰ ਤੇਜਾ ਸਿੰਘ ਜੀ:—

ਅਖੰਡ ਪਾਠ ਦੀ ਰਸਮ ਗੁਰੂ ਸਾਹਿਬਾਨ ਦੇ ਸਮੇਂ ਤੋਂ ਨਹੀਂ ਚਲੀ, ਪਿਛੋਂ ਚਲੀ ਹੈ। ਬੰਦਾ ਬਹਾਦਰ ਦੇ ਸਮੇਂ ਤੋਂ ਬਾਹਦ ਤੇ ਮਿਸਲਾਂ ਕਾਇਮ ਹੋਣ ਤੋਂ ਪਹਿਲਾਂ ਦੀ ਚਲੀ ਮਲੂਮ ਹੁੰਦੀ ਹੈ। ਸਿਖਾਂ ਨੂੰ ਸ਼ਹਿਰਾਂ ਵਿਚ ਰਹਿਣਾ ਨਹੀਂ ਸੀ ਮਿਲਦਾ। ਮੁਸਲਮਾਨ-ਹਕੂਮਤ ਦਾ ਹੁਕਮ ਸੀ ਕਿ ਕੋਈ ਸਿੱਖ ਮਿਲੇ ਤਾਂ ਉਸ ਨੂੰ ਫੜ ਲਿਆਓ. ਜਾਂ (ਨ ਫੜੀਏ ਤਾਂ) ਮਾਰ ਦਿਓ। ਉਨ੍ਹਾਂ ਦਿਨਾਂ ਵਿਚ ਸਿੱਖ ਪਿੰਡ ਤੇ ਸ਼ਹਿਰ ਛਡਕੇ ਜੰਗਲਾਂ ਜਾਂ ਪਹਾੜਾਂ ਵਿਚ ਰਹਿੰਦੇ ਸਨ। ਓਥੇ ਭੀ ਇਕ ਥਾਂ ਟਿਕ ਕ ਬਹਿਣਾ ਨਹੀਂ ਸੀ ਮਿਲਦਾ, ਕਿਧਰੇ ਦੋ ਦਿਨ ਤੇ ਕਿਧਰੇ ਤਿੰਨ ਦਿਨ ਰਹਿਕੇ ਹੋਰਥੇ ਜਾਣਾ ਪੈਂਦਾ ਸੀ; ਕਿਉਂਕਿ ਵੈਰੀ ਸਿੱਖਾਂ ਦਾ ਖੁਰਾ-ਖੋਜ ਮਿਟਾਣ ਤੇ ਤੁਲੇ ਹੋਏ ਸਨ। ਉਸ ਸਮੇਂ ਸਿੱਖਾਂ ਦੇ ਜਥਿਆਂ ਦੇ ਜਥੇ ਜੰਗਲਾਂ ਵਿਚ ਵਿਚਰਦੇ ਫਿਰਦੇ ਸਨ ਅਤੇ ਜੰਗਲਾਂ ਤੋਂ ਵੇਹਲਾ ਵਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਵਿਚ ਗੁਜ਼ਾਰਦੇ ਸਨ ਅਤੇ ਨਾਲ ੨ ਅਰਦਾਸਾ ਕਰਦੇ ਸਨ ਕਿ "ਜਹਾਂ ੨ ਖਾਲਸਾ ਜੀ ਸਾਹਿਬ, ਤਹਾਂ ੨ ਰੱਛਿਆ ਰਿਆਇਤ"। ਉਨ੍ਹਾਂ ਦਿਨਾਂ ਵਿਚ ਅਖੰਡ ਪਾਠ ਦੀ ਰਸਮ ਚਲੀ, ਅਰਥਾਤ ਸਾਰੇ ਪਾਠ ਨੂੰ ਦੋਂਹ ਦਿਨਾਂ ਵਿੱਚ ਮੁਕਾਣ ਦਾ ਤਰੀਕਾ ਚਲਿਆ, ਕਿਉਂਕਿ ਬਹੁਤ ਚਿਰ ਇਕ ਥਾਂ ਟਿਕ ਕੇ ਬਹਿਣ ਦਾ ਸਮਾ ਨਹੀਂ ਸੀ ਮਿਲਦਾ।

## ੩. ਸ: ਬ: ਸ: ਕਾਨ੍ਹਸਿੰਘਜੀਨਾਭਾ

(੧) ਅਖੰਡਪਾਠ ਦੀ ਰੀਤੀ ਬੁਢੇ ਦਲ ਨੇ ਚਲਾਈ ਹੈ, ਗੁਰੂ ਸਾਹਿਬਾਂ ਦੇ ਵੇਲੇ ਨਹੀਂ ਸੀ।

(੨) ਸਾਧਾਰਨ ਪਾਠ ਕਰਕੇ ਖ਼ਾਲਸਾ ਮੁਲਕਗੀਰੀ ਅਤੇ ਮਨਮਤੀਆਂ ਦੇ ਸੋਧਨ ਲਈ ਚੜ੍ਹਾਈ ਕਰਦਾ। ਕਦੇ ੨ ਇਸ ਵਿਚ ਗ਼ੈਰ ਮਾਮੂਲੀ ਢਿਲ ਹੋ ਜਾਂਦੀ ਤਾਂ ਤੇਰਾਂ ਪਹਿਰਾਂ ਅੰਦਰ ਭੋਗ ਪੁਆਉਣ ਦੀ ਰੀਤੀ ਜਾਪੀ ਗਈ।

### ੪. ਪ੍ਰੋਫ਼ੈਸਰ ਜੋਧ ਸਿੰਘ ਜੀ:—

ਪਿਛਲਾ ਇਤਿਹਾਸ ਵੇਖਕੇ ਮੇਰੀ ਨਜ਼ਰ ਵਿਚ ਇਹਨਾਂ ਨੁਕਤਿਆਂ ਤੇ ਚਾਨਣਾ ਪਾਣ ਵਾਲੀ ਕੋਈ ਸਾਖੀ ਨਹੀਂ ਪਈ।


### ੫. ਪ੍ਰੋਫ਼ੈਸਰ ਸਾਹਿਬ ਸਿੰਘ ਜੀ:—

ਮੈਨੂੰ ਇਤਹਾਸ ਦੀ ਬਹੁਤੀ ਵਾਕਫ਼ੀਅਤ ਨਹੀਂ।

### ੬. ਗਿਆਨੀ ਠਾਕਰ ਸਿੰਘਜੀ:-

ਮਹਾਰਾਜ ਰਣਜੀਤ ਸਿੰਘ ਦੇ ਵੇਲੇ ਜਦੋਂ ਬ੍ਰਾਹਿਮਣਾਂ ਤੇ ਡੋਗਰਿਆਂ ਦਾ ਮਹਾਰਾਜਾ ਦੇ ਘਰ ਵਿਚ ਜ਼ੋਰ ਵਧਿਆ ਤਾਂ ਹਿੰਦੂ ਮਤ ਅਨੁਸਾਰ ਬਰਨੀਆਂ ਬ੍ਰਹਿਮਣ ਕਰਕ ਇਹ ਤਿੰਨਾਂ ਦਿਨਾਂ ਵਿੱਚ ਹੁੰਦੀ ਹੈ, ਇਸ ਨੂੰ ਦੇਖਕੇ ਗਿਆਨੀ ਭਾਈ ਸੰਤ ਸਿੰਘ ਜੀ ਜੋ ਮਹਾਰਾਜ ਦੇ ਘਰ ਵਿਚ ਚੰਗੇ ਮੰਨੇ ਹੋਏ ਸਨ, ਉਨ੍ਹਾਂ ਬ੍ਰਹਿਮਣਾਂ ਦੀ ਲੁਟ ਦੇਖਕੇ (ਸੰਮਤ ੧੮੫੨ ਵਿੱਚ ਜਦੋਂ ਮਹਾਰਾਜਾ ਬੀਮਾਰ ਹੋਏ) ਓਦੋਂ ਬ੍ਰਹਿਮਣ ਬਰਨੀ ਬਿਠਾਏ। ਏਧਰ ਗਿਆਨੀ ਜੀ ਨੇ ਬਾਬੇ ਫੂਲਾ ਸਿੰਘ ਜੀ ਨਿਹੰਗ, ਸ: ਲਹਿਣਾ ਸਿੰਘ ਜੀ ਜਰਨੈਲ ਮਜੀਠਾ ਤੇ ਸ: ਸ਼ਾਮ ਸਿੰਘ ਜੀ ਅਟਾਰੀ ਵਾਲਿਆਂ ਨਾਲ ਗੁਰਮਤਾ ਕਰਕੇ ਬਰਨੀ ਦੇ ਮੁਕਾਬਲੇ ਤੇ ਅਖੰਡ ਪਾਠ ਦੀ ਮਰਯਾਦਾ ਚਲਾਈ।

(੨)ਸਭਤੋਂ ਪਹਿਲਾਂ੧੮੫੨ ਮਹੀਨਾ ਮਾਘ ਵਿਚ ਇਹ ਮਰਯਾਦਾ ਸ਼ੇਰੇ ਪੰਜਾਬ ਦੇ ਘਰ ਗਿ: ਸੰਤ ਸਿੰਘ ਜੀ ਨੇ ਚਲਾਈ, ਕਿਸੇ ਗੁਰੂ ਘਰ ਦੇ ਗ੍ਰੰਥ ਆਦਿਕ ਪੁਸਤਕ ਵਿਚੋਂ ਲਿਖਿਆ ਨਹੀਂ ਪੜ੍ਹਿਆ ਜੋ ਅਖੰਡ ਪਾਠ ਕਦੋਂ ਹੋਇਆ ਹੋਵੇ।



# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ

# ਬੀੜਾਂ ਦੇ ਭੇਦ

ਭਾਵੇਂ ਖਾਲਸਾ ਪੰਥ ਵਿੱਚ ਪੰਜ ਛੇ ਪਰਕਾਰ ਦੀਆਂ ਬੀੜਾਂ ਹਨ, ਪਰੰਤੂ ਇਸ ਵੇਲੇ ਆਮ ਪਰਸਿਧ ਤਿੰਨ ਬੀੜਾਂ ਹਨ; ਉਹਨਾਂ ਦਾ ਵੇਰਵਾ ਇਸ ਪਰਕਾਰ ਹੈ:–

## ੧–ਭਾਈ ਬੰਨੋਂ ਦੀ ਬੀੜ

ਇਤਿਹਾਸ ਇਸ ਗਲ ਦੀ ਗਵਾਹੀ ਦਿੰਦੇ ਹਨ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਪੰਚਮ ਪਾਤਸ਼ਾਹ ਨੇ ਗੋਇੰਦਵਾਲ ਬਾਬੇ ਮੋਨ ਜੀ ਪਾਸੋਂ ਪੋਥੀਆਂ ਆਂਦੀਆਂ, ਅਰ ਹੋਰ ਭੀ ਜੋ ਬਾਣੀ ਉਹਨਾਂ ਨੇ ਮੁਨਾਸਬ ਸਮਝੀ ਸਭ ਇਕੱਤਰ ਕਰਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੀੜ ਤਿਆਰ ਕੀਤੀ ਅਰ ਭਾਈ ਬੰਨੋ ਜੀ ਨੂੰ ਹੁਕਮ ਦਿਤਾ ਕਿ ਇਸ ਦੀ ਜਿਲਦ ਲਾਹੌਰ ਥੀਂ ਬੰਨ੍ਹਵਾ ਲਿਆਓ।

ਭਾਈ ਬੰਨੋ ਜੀ ਨੇ ਇਸ ਸਮੇਂ ਨੂੰ ਅਮੋਲਕ ਸਮਝ ਕੇ ਇਸਦਾ ਉਤਾਰਾ ਇਕ ਹੋਰ ਕਰ ਲਿਆ ਅਰ ਉਸ ਵਿਚ ਕੁਝ ਸ਼ਬਦ 'ਰਣ ਝੁਝਨੜਾ ਗਾਉ ਸਖੀ' ਪੁਨਾ: 'ਜਿਤ ਦਰ ਲਖ ਮੁਹੰਮਦਾ', 'ਰਤਨ ਮਾਲਾ' ਅਰ 'ਸਿਆਹੀ ਕੀ ਬਿਧਿ' 'ਹਕੀਕਤ ਰਾਹਮੁਕਾਮ ਰਾਜੇ ਸ਼ਿਵਨਾਭ ਦੀ' ਆਦਿਕ ਲਿਖ ਕੇ ਉਸ ਦੀ ਭੀ ਜਿਲਦ ਬੰਨ੍ਹਵਾ ਕੇ ਦੋਵੇਂ ਬੀੜਾ ਲੈ ਆਂਦੀਆਂ ਤਾਂ ਗੁਰੂ ਜੀ ਨੇ ਉਸ ਦਾ ਅਤਿ ਪਰੇਮ ਦੇਖ ਕੇ ਦਸਤਖਤ ਤਾਂ ਕਰ ਦਿਤੇ ਪਰ ਨਾਲ ਹੀ ਬਚਨ ਕੀਤਾ ਕਿ ਭਾਈ ਜੀ ! ਜੇ ਇਕ ਬੀੜ ਰਹਿੰਦੀ ਤਾਂ ਚੰਗਾ ਸੀ। ਉਸੇ ਦਿਨ ਤੋਂ ਇਸ ਬੀੜ ਦਾ ਨਾਮ ਖਾਰੀ ਬੀੜ ਯਾ ਭਾਈ ਬੰਨੋ ਦੀ ਬੀੜ ਮਸ਼ਹੂਰ ਹੋਇਆ ਜੋ ਮਾਂਗਟ ਜ਼ਿਲਾ ਗੁਜਰਾਤ ਵਿਚ ਬਿਰਾਜਮਾਨ ਹੈ।

## ੨–ਸ੍ਰੀ ਕਰਤਾਰ ਪੁਰੀ ਬੀੜ

ਜੋ ਬੀੜ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਤਿਆਰ ਕੀਤੀ, ਇਸ ਨੂੰ ਭਾਦਰੋਂ ਸੁਦੀ ਏਕਮ ਸੰਮਤ ੧੬੬੧ ਨੂੰ ਸ੍ਰੀ ਦਰਬਾਰ ਸਾਹਿਬ ਸ੍ਰੀ ਅਮ੍ਰਿਤਸਰ ਵਿਚ ਸਥਾਪਨ ਕੀਤਾ ਜੋ ਸਮਾਂ ਪਾ ਕੇ ਕਰਤਾਰ ਪੁਰੀਏ ਧੀਰ ਮਲੀਆਂ ਦੇ ਕਬਜ਼ੇ ਵਿਚ ਜਾਣ ਕਰਕੇ ਇਸ ਬੀੜ ਦਾ ਨਾਮ ਸ੍ਰੀ ਕਰਤਾਰ ਪੁਰ ਵਾਲੀ ਬੀੜ ਮਸ਼ਹੂਰ ਹੋਇਆ। ਇਸ ਬੀੜ ਵਿਚ:–

(੧) ਸੋ ਪੁਰਖ ਸਾਰਾ ਅਰਥਾਤ ਪੰਜੇ ਪੌੜੀਆਂ ਨਹੀਂ।

(੨) ਆਸਾ ਮਹਲਾ ੪ ॥ 'ਤੂੰ ਕਰਤਾ ਸਚਿਆਰ ਮੈਡਾ ਸਾਂਈ', ਸਾਰਾ ਸ਼ਬਦ ਨਹੀਂ।

(੩) ਤਿਤੁ ਸਰਵਰੜੈ ਭਈ ਲੇ ਨਿਵਾਸਾ। ਸਾਰਾ ਸ਼ਬਦ ਨਹੀਂ।

(੪) ਭਈ ਪਰਾਪਤਿ ਮਾਨੁਖ ਦੇਹੁਰੀਆ। ਸਾਰਾ ਸ਼ਬਦ ਨਹੀਂ।

(੫) ਜੈਜਾ ਵੰਤੀ ਰਾਗ ਸਾਰਾ ਨਹੀਂ।

(੬) ਨਾਂਵੇਂ ਮਹਿਲ ਦੇ ਸ਼ਬਦ ਸਲੋਕ ਸਾਰੇ ਹੀ ਨਹੀਂ।

## ੩–ਸ੍ਰੀ ਦਮਦਮੀ ਬੀੜ

ਸ੍ਰੀ ਗੁਰੂ ਤੇਗ ਬਹਾਦਰ ਜੀ ਜਦ ਭਾਣਾ ਵਰਤੌਣ ਲਗੇ ਤਾਂ ਓਸ ਵੇਲੇ ਜੋ ਸ਼ਬਦ, ਸਲੋਕ ਉਚਾਰੇ ਉਨ੍ਹਾਂ ਨੂੰ ਸ੍ਰੀ ਕਰਤਾਰ ਪੁਰੀ ਬੀੜ ਵਿਖੇ ਦਰਜ ਕਰਨ ਲਈ ਸ੍ਰੀ ਸਤਿਗੁਰੂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਜਦ ਧੀਰ ਮਲੀਆਂ ਪਾਸੋਂ ਏਹ ਬੀੜ ਮੰਗ ਭੇਜੀ ਤਾਂ ਓਥੋਂ ਸਾਫ਼ ਇਨ-

ਕਾਰ ਹੋਣ ਤੋਂ ਬਿਨਾਂ ਹੋਰ ਭੀ ਕਈ ਕੜਵੇ ਬਦਨ ਸੁਣੇ। ਜਿਸਨੂੰ ਸੁਣ ਕੇ ਦਸਮੇਸ਼ ਗੁਰੂ ਜੀ ਨੇ ਸ੍ਰੀ ਦਮਦਮਾ ਸਾਹਿਬ (ਗੁਰੂ ਕੀ ਕਾਂਸ਼ੀ, ਸਾਬੋ ਕੀ ਤਲਵੰਡੀ) ਵਿਚ ਇਕ ਤੰਬੂ ਲਗਵਾ ਕੇ ਆਪ ਅੰਦਰ ਸਜ ਕੇ ਆਦਿ ਤੋਂ ਅੰਤ ਤੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਉਚਾਰਿਆ ਅਰ ਭਾਈ ਮਨੀ ਸਿੰਘ ਜੀ ਤੋਂ ਲਿਖਣ ਦੀ ਸੇਵਾ ਕਰਾਈ ਅਤੇ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਨੰਦੇੜ ਵਿਖੇ ਆਪਣੇ ਕਮਰ ਕੱਸਾ ਕਰਨ ਸਮੇਂ ਸੰ: ੧੭੬੫ ਬਿਕ੍ਰਮੀ ਕੱਤਕ ਸੁਦੀ ਦੂਜ ਨੂੰ ਆਮ ਦਰਬਾਰ ਲਗਾ, ਤਖਤ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ, ਪੰਜ ਪੈਸੇ, ਇੱਕ ਨਲੀਏਰ ਧਰਕੇ ਮਸਤਕ ਨਿਵਾਯਾ ਅਰ ਹੁਕਮ ਦਿਤਾ ਕਿ 'ਅਕਾਲ ਪੁਰਖ ਕੇ ਬਦਨ ਸਿਓਂ, ਪ੍ਰਗਟ ਚਲਾਇਓ ਪੰਥ, ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨੀਓ ਗ੍ਰੰਥ।'

(ਰਃ ਪ੍ਰਃ ਸਃ)

ਵਿਸ਼ੇਸ਼ ਵਾਕਫ਼ੀਅਤ ਲਈ ਦੇਖੋ (੧) ਗੁਰ ਪਰਤਾਪ ਸੂਰਜ (੨) ਤਵਾਰੀਖ ਗੁਰੂ ਖਾਲਸਾ ਕ੍ਰਿਤ ਗਯਾਨੀ ਗਿਆਨ ਸਿੰਘ ਜੀ (੩) ਸ੍ਰੀ ਕਲਗੀਧਰ ਚਮਤਕਾਰ (੪) ਗੁਰਮਤ ਸਾਖੀ ਪ੍ਰਮਾਣ ਕ੍ਰਿਤ ਭਾਈ ਜੋਧ ਸਿੰਘ ਜੀ ਗਯਾਨੀ (੫) ਕਰਤਾਰ ਪੁਰੀ ਬੀੜ ਦੇ ਦਰਸ਼ਨ ਕ੍ਰਿਤ ਭਾਈ ਮੰਨਾ ਸਿੰਘ ਜੀ ਗਯਾਨੀ (੬) ਕਰਤਾਰ ਪੁਰੀ ਬੀੜ ਦਾ ਪ੍ਰਕਾਸ਼ ਕ੍ਰਿਤ ਭਾਈ ਦਯਾ ਸਿੰਘ ਜੀ ਗਯਾਨੀ ਅਤੇ ਹੋਰ ਬੇਅੰਤ ਇਤਿਹਾਸਕ ਪੁਸਤਕ।

ਇਸ ਤੋਂ ਬਾਦ ਸ੍ਰੀ ਮਾਨ ਬਾਬਾ ਦੀਪ ਸਿੰਘ ਜੀ ਨੇ ਇਸੇ ਗੁਰਿਆਈ ਪਰਾਪਤ ਬੀੜ ਦੇ ਉਤਾਰੇ ਕਰ ਕੇ ਤਖਤ ਸਾਹਿਬਾਂ ਪਰ ਭੇਜੇ, ਜਿਨ੍ਹਾਂ ਤੋਂ ਅਗੇ ਅਨੇਕਾਂ ਉਤਾਰੇ ਹੋਏ ਅਰ ਛਾਪੇ ਵਿਚ ਆਏ।

## ਸਿਧਾਂਤ

ਸ੍ਰੀ ਕਰਤਾਰ ਪੁਰੀ ਅਰ ਭਾਈ ਬੰਨੋਂ ਦੀ ਬੀੜ ਗੁਰੂਆਂ ਦੀ ਬਾਣੀ ਹੈ ਅਰ ਹਰ ਪਰਕਾਰ ਮਾਨ, ਸਤਕਾਰ ਦੇ ਯੋਗ ਅਤੇ ਸਮਾਨਤਾ ਵਿਚ ਤੁੱਲਯ ਹੈ ਪਰ 'ਗੁਰੂ' ਪਦ ਦਮਦਮੀ ਬੀੜ ਨੂੰ ਮਿਲਿਆ ਹੈ, ਜਿਸ ਨੂੰ ਸ੍ਰੀ ਦਸਮ ਗੁਰੂ ਜੀ ਨੇ ਹਰ ਪਰਕਾਰ ਪੂਰਨ ਕਰਕੇ ਗੁਰਿਆਈ ਗੱਦੀ ਬਾਪਿਆ। ਇਸੇ ਦੇ ਹੂ-ਬ-ਹੂ ਉਤਾਰੇ ਪੰਥ ਵਿਚ ਪਰਵਿਰਤ ਹੋਏ ਅਰ ਛਾਪੇਖਾਨਿਆਂ ਵਿਚ ਛਪ ਰਹੇ ਹਨ।

ਕਿਉਂਕਿ ਭਾਈ ਬੰਨੋਂ ਦੀ ਬੀੜ ਤੇ ਸ੍ਰੀ ਕਰਤਾਰ ਪੁਰ ਵਾਲੀ ਬੀੜ ਦਾ ਹੂ-ਬ-ਹੂ ਉਤਾਰਾ ਨਾ ਛਪਿਆ ਹੈ ਨਾ ਹੀ ਕੋਈ ਗੁਰੂ ਕਾ ਸਿਖ ਛਾਪ ਸਕਦਾ ਹੈ।

[ਗਿਆਨੀ ਮਹਿੰਦਰ ਸਿੰਘ 'ਰਤਨ'

---o---

"ਐ ਨੌਜਵਾਨ! ਮੈਨੂੰ ਏਹ ਨਾ ਦਸ ਕਿ ਤੂੰ ਕੀ ਕਰ ਸਕਦਾ ਏਂ ਤੇ ਕੀ ਕਰਨ ਲਗਾ ਏਂ; ਸਗੋਂ ਇਕ ਵਰ੍ਹਾ ਉਡੀਕ ਤੇ ਫਿਰ ਦਸੀਂ ਕਿ ਤੂੰ ਕੀ ਕੁਝ ਕੀਤਾ ਹੈ?"

[ਇਕ ਪਿਤਾ

---o---

# ਬਾਣੀ

ਬਾਣੀ ਕੀ ਹੈ ? ਬਾਣੀ ਦਾ ਆਸ਼ਾ ਕੀ ਹੈ ? ਬਾਣੀ ਤੋਂ ਜਨਤਾ ਨੂੰ ਕੀ ਤੇ ਕਿਸ ਤਰ੍ਹਾਂ ਲਾਭ ਪਹੁੰਚ ਸਕਦਾ ਹੈ ? ਇਹ ਗਲਾਂ ਜਰੂਰੀ ਸੋਚਣ ਤੇ ਸਮਝਣ ਵਾਲੀਆਂ ਹਨ।

ਕਈ ਵਾਰੀ ਬੜੀ ਬਹੁਮਲੀ ਤੇ ਲਾਭਦਾਇਕ ਵਸਤੂ ਦਾ ਆਸ਼ਾ, ਉਸਦੀ ਕੀਮਤ ਤੇ ਵਰਤੋਂ ਨਾ ਸਮਝਣ ਦੇ ਕਾਰਨ ਉਸਤੋਂ ਫਾਇਦਾ ਨਹੀਂ ਉਠਾਇਆ ਜਾ ਸਕਦਾ ਬਲਕੇ ਕਈ ਵੇਰੀ ਤਾਂ ਹਾਨੀ ਵੀ ਹੋ ਜਾਂਦੀ ਹੈ। ਸ਼ਸ਼ਤ੍ਰ, ਮਸ਼ੀਨਰੀ, ਦੌਲਤ ਆਦਿਕ ਸਭ ਚੀਜ਼ਾਂ ਦੀ ਸਮਝ ਤੇ ਸਮਝੀ ਨਾਲ ਵਰਤੋਂ ਸਹੀ ਤੇ ਗਲਤ ਵਰਤੋਂ ਹੋਂਦੀ ਹੈ।

ਜਦ ਤੋਂ ਗਦੀ ਦਾਰੀ ਦੀ ਪ੍ਰਥਾ ਚਲੀ ਹੈ ਆਮ ਜਨਤਾ ਨੂੰ ਗੁਮਰਾਹੀ ਤੇ ਅਗਿਆਨਤਾ ਵਿਚ ਰਖਣ ਦੇ ਕਈ ਉਪਾ ਹੋਂਦੇ ਰਹਿੰਦੇ ਹਨ। ਕਾਰਨ ਏਹ ਹੈ ਕਿ ਗਦੀ ਦਾਰੀ ਦੀ ਕਾਇਮੀ ਜਨਤਾ ਦੀ ਕਿਰਤ ਕਮਾਈ ਦੀ ਲੁਟ-ਖਸੁਟ ਉਤੇ ਨਿਰਭਰ ਹੈ, ਅਤੇ ਏਹ ਲੁਟ ਖਸੁਟ ਤਾਂ ਹੀ ਜਾਰੀ ਰਹਿ ਸਕਦੀ ਹੈ ਜੇ ਜਨਤਾ ਵਿਚ ਅਗਿਆਨ ਹੋਵੇ, ਵਹਿਮ ਭਰਮ ਤੇ ਗੁਮਰਾਹੀ ਹੋਵੇ। ਉਸਦੀ ਐਨੀ ਸ਼ਰਧਾ ਭਗਤੀ ਗਦੀ ਦਾਰੀ ਉਪਰ ਬਣੀ ਰਹੇ ਕਿ ਉਹ ਆਪਣੀ ਕਮਾਈ ਖੁਸ਼ੀ ਖੁਸ਼ੀ ਗਦੀ ਦਾਰੀ ਦੀ ਭੇਟਾ ਕਰਦੀ ਰਹੇ ਅਤੇ ਕੁਦਰਤੀ ਜਾਂ ਹੁਨਰੀ ਬਹੁਮੁਲੀਆਂ ਵਸਤਾਂ ਦੀ ਸਹੀ ਕਦਰ ਤੇ ਕੀਮਤ ਉਸਨੂੰ ਪਤਾ ਨਾ ਲਗੇ।

ਜਦੋਂ ਗੁਰੂ ਨਾਨਕ ਸਾਹਿਬ ਸੰਸਾਰ ਤੇ ਆਏ ਇਹ ਰਵਾਜ ਆਮ ਪ੍ਰਚਲਤ ਸੀ ਕਿ ਆਤਮਾ ਸਬੰਧੀ ਗਿਆਨ ਦੇਣ ਵਾਲੀ ਜਾਂ ਸਿਫਤ ਸਲਾਹ ਕਰਨ ਵਾਲੀ ਬਾਣੀ ਬਿਨਾਂ ਸਮਝੇ ਪੜ੍ਹਨੀ, ਬਹੁਤ ਗਿਣਤੀ ਵਿਚ ਪੜ੍ਹਨੀ ਜਾਂ ਮੁਲ ਦੇਕੇ ਦੂਜਿਆਂ ਤੋਂ ਪੜ੍ਹਾਨੀ ਅਤੇ ਇਸ ਤਰ੍ਹਾਂ ਕਰਨ ਵਿਚ ਮਹਾਤਮ ਸਮਝਣਾ।

ਗਦੀ ਦਾਰੀ ਦਾ ਇਕ ਵਡਾ ਸਿਧਾਂਤ ਏਹ ਹੈ ਕਿ ਕੋਈ ਧਾਰਮਕ ਰਸਮ ਕਾਇਮ ਕਰਕੇ ਪਹਿਲੇ ਉਸਦੀ ਮਹਾਨਤਾ ਦਾ ਪ੍ਰਚਾਰ ਕਰਨਾ। ਫਿਰ ਉਸ ਨੂੰ ਧਨ ਨਾਲ ਕਰਨ ਦੇ ਸਾਧਨ ਪ੍ਰਚਲਤ ਕਰਨੇ। ਗਰੀਬ ਤੇ ਕਿਰਤੀ ਲੋਕਾਂ ਨੂੰ ਪੇਟ ਦੇ ਧੰਧੇ ਕਰਕੇ ਪਹਿਲਾਂ ਤਾਂ ਵੇਹਲ ਹੀ ਨਹੀਂ ਮਿਲਦੀ ਫਿਰ ਨਿਰਧਨ ਹੋਣ ਕਰਕੇ ਮੁਲ ਵਾਲੀਆਂ ਧਾਰਮਕ ਰਸਮਾਂ ਉਹ ਕਰ ਨਹੀਂ ਸਕਦੇ। ਨਾ ਪਾਠ ਕਰਵਾ ਸਕਦੇ ਹਨ ਨਾ ਲੰਮੀਆਂ ਯਾਤਰਾ ਕਰ ਸਕਦੇ ਹਨ ਅਤੇ ਨਾ ਯਗ ਪੁਨ ਆਦਿ ਕਰਕੇ ਧਰਮੀ ਬਣ ਸਕਦੇ ਹਨ।

ਧਨੀ ਲੋਕ ਵੇਹਲੇ ਹੋਂਦੇ ਹਨ, ਧਨ ਨਾਲ ਹੋਣ ਵਾਲੀਆਂ ਰਸਮਾਂ ਉਹ ਦੂਜਿਆਂ ਤੋਂ ਕਰਵਾ ਸਕਦੇ ਹਨ ਅਤੇ ਉੱਦ ਵੀ ਧਰਮੀ ਹੋਣ ਦੀ ਪ੍ਰਸਿਧਤਾ ਖਰੀਦ ਸਕਦੇ ਹਨ। ਸੁ ਇਸ ਤਰ੍ਹਾਂ ਨਾ-ਬਰਾਬਰੀ, ਗਦੀ ਦਾਰੀ ਤੇ ਲੁਟ ਖਸੁਟ ਦੀ ਪ੍ਰਥਾ ਤੁਰਦੀ ਰਹਿੰਦੀ ਹੈ। ਵੇਦ ਸ਼ਾਸਤਰ ਜਾਂ ਹੋਰ ਧਾਰਮਕ ਗ੍ਰੰਥ ਪੜ੍ਹਨ ਵਿਚ ਮਹਾਤਮ ਪੜ੍ਹਾਨ ਵਿਚ ਮਹਾਤਮ। ਇਸਨੂੰ ਸਮਝਣ ਦੀ ਲੋੜ ਨਹੀਂ। ਕਈ ਗ੍ਰੰਥਾਂ ਦੀਆਂ ਕਥਾ ਸੁਣਨ ਤੇ ਨਿਤ ਪਾਠ ਕਰਨ ਦੇ ਬੜੇ ਬੜੇ ਮਹਾਤਮ ਲਿਖੇ ਹਨ। ਸੰਸਕ੍ਰਿਤ ਬੜੀ ਪੁਰਾਣੀ ਬੋਲੀ ਹੈ। ਪੰਜਾਬੀ ਲੋਕ ਇਸਨੂੰ ਬਿਲਕੁਲ ਨਹੀਂ ਸਮਝਦੇ। ਆਪ ਹਿੰਦੁਸਤਾਨੀ ਵੀ ਨਹੀਂ ਸਮਝਦੇ। ਵਿਰਲੇ ਪੜ੍ਹੇ ਲਿਖੇ ਪੰਡਤ ਚੰਗੀ ਤਰ੍ਹਾਂ

ਸਮਝਦੇ ਹਨ। ਆਮ ਜਨਤਾ ਭਾਵੇਂ ਸਮਝੇ ਨਾ ਸਮਝੇ ਪਰ ਪਾਠ ਕਰ ਲਵੇ, ਸੁਣ ਲਵੇ ਜਾਂ ਮੁਲ ਦੇਕੇ ਦੂਜਿਆਂ ਪਾਸੋਂ ਕਰਵਾ ਲਵੇ ਬੜਾ ਮਹਾਤਮ ਹੋ ਜਾਏਗਾ। ਇਹੋ ਹਾਲ ਅਰਬੀ ਬੋਲੀ ਵਿਚ ਕੁਰਾਨ ਸ਼ਰੀਫ ਦੀ ਬਾਣੀ ਦਾ ਹੈ। ਬਿਨਾਂ ਸਮਝੇ ਨਮਾਜ਼ਾਂ ਪੜ੍ਹਨ ਤੇ ਕੁਰਾਨ ਸ਼ਰੀਫ ਪੜ੍ਹਨ ਸੁਣਨ ਵਿਚ ਮਹਾਤਮ ਹੈ। ਏਹ ਮਹਾਤਮ ਹੁਣ ਸਿਰਫ ਧਨੀ ਲੋਕ ਹੀ ਬਾਹਲਾ ਖਰੀਦ ਸਕਦੇ। ਉਹ ਹਰ ਵੇਲੇ ਘਰਾਂ ਵਿਚ, ਮੰਦਰਾਂ ਵਿਚ, ਤੀਰਥਾਂ ਉਤੇ, ਪਾਠ ਕਰਵਾਂਦੇ ਰਹਿੰਦੇ ਹਨ। ਮਹਾਤਮ ਖਰੀਦਦੇ ਰਹਿੰਦੇ ਹਨ ਅਤੇ ਗਰੀਬ ਜਨਤਾ ਪਾਸੋਂ ਕੀਤੀ ਹੋਈ ਅਨਿਆਂਈ ਲੁਟ ਉਤੇ ਅਤੇ ਆਪਣੇ ਪਾਪਾਂ ਉਤੇ ਇਸ ਮਹਾਤਮ ਦਾ ਪੜ੍ਹਦਾ ਪਾ ਮੌਜਾਂ ਮਾਣਦੇ ਰਹਿੰਦੇ ਹਨ।

ਸ੍ਰੀ ਗੁਰੂ ਨਾਨਕ ਸਾਹਿਬ ਦੀ ਪਹਿਲੀ ਕਰਾਮਾਤ ਏਹ ਸੀ ਕਿ ਆਪ ਨੇ ਸਦੀਆਂ ਦੇ ਇਸ ਗਲਤ ਰਵਾਜ ਦੀ ਜੜ੍ਹ ਕਟ ਦਿਤੀ। ਆਪ ਨੇ ਬਾਣੀ ਦਾ ਆਸ਼ਾ ਇਸਦੀ ਕੀਮਤ ਤੇ ਵਰਤੋਂ ਸਪਸ਼ਟ ਕਰਕੇ ਦਸੀ। ਬਾਣੀ ਸਚੇ ਗਿਆਨ ਦੀ ਪ੍ਰਾਪਤੀ ਦਾ ਸਾਧਨ ਹੈ। ਬਾਣੀ ਚਾਨਣ ਹੈ। ਅਗਿਆਨ ਦਾ ਹਨੇਰਾ ਦੂਰ ਕਰਨ ਵਾਲੀ ਹੈ ਪਰ ਕਿਵੇਂ? ਇਸ ਨੂੰ ਸਮਝ ਕੇ ਪੜ੍ਹੋ ਜਾਂ ਪੜ੍ਹ ਕੇ ਸਮਝੋ ਅਤੇ ਫਿਰ ਉਸਦੇ ਮੁਤਾਬਕ ਅਮਲ ਕਰੋ। ਇਸੇ ਵਾਸਤੇ ਪਹਿਲਾਂ ਤਾਂ ਆਪ ਨੇ ਆਮ ਲੋਕਾਂ ਦੀ ਸਮਝ ਵਿਚ ਆਉਣ ਵਾਲੀ ਸੌਖੀ ਪੰਜਾਬੀ ਭਾਸ਼ਾ ਵਿਚ ਬਾਣੀ ਦਾ ਉਚਾਰਨ ਕੀਤਾ।

ਸ਼ੁਰੂ ਸ਼ੁਰੂ ਵਿਚ ਪੰਡਤਾਂ ਨੇ ਇਸੇ ਕਰਕੇ ਰੌਲਾ ਪਾਇਆ ਸੀ ਕਿ ਬਾਣੀ ਸੰਸਕ੍ਰਿਤ ਵਿਚ ਹੋਣੀ ਚਾਹੀਦੀ ਹੈ। ਏਹ ਦੇਵ ਬਾਣੀ ਹੈ। ਭਾਸ਼ਾ ਵਿਚ ਨਹੀਂ ਹੋਣੀ ਚਾਹੀਦੀ। ਕਿਉਂਕਿ ਭਾਸ਼ਾ ਵਿਚ ਆਮ ਲੋਕੀ ਸਮਝ ਕੇ ਵਿਚਾਰਵਾਨ ਬਣ ਜਾਣਗੇ ਤੇ ਸੰਸਕ੍ਰਿਤ ਸਮਝੇ ਬਗੈਰ ਪੜ੍ਹਨ ਦਾ ਰਵਾਜ ਫੈਦੇਮੰਦ ਹੈ। ਬਾਣੀ ਵਿਚ ਗਿਆਨ ਹੈ। ਸਾਫ ਸਾਫ ਗਲਾਂ ਹਨ, ਝੂਠ ਨਾ ਬੋਲੋ, ਚੋਰੀ ਨਾ ਕਰੋ, ਦੁਖੀ ਤੇ ਲੋੜਵੰਦ ਦੀ ਸਹੈਤਾ ਕਰੋ। ਬਿਗਾਨਾ ਹਕ ਨਾ ਮਾਰੋ ਆਦਿ, ਜਿਵੇਂ:-

੧. ਚੋਰ ਕੀ ਹਾਮਾ ਭਰੇ ਨ ਕੋਇ।
੨. ਸਚ ਸਭਨਾ ਹੋਇ ਦਾਰੂ ਪਾਪ ਕਢੈ ਧੋਇ।
੩. ਹਕੁ ਬਿਗਾਨਾ ਨਾਨਕਾ ਉਸੁ ਸੂਅਰ ਉਸੁ ਗਾਇ।
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ।

ਫਿਰ ਆਪ ਨੇ ਡੰਕੇ ਦੀ ਚੋਟ ਨਾਲ ਸਭ ਨੂੰ ਸੁਣਾਇਆ:-

ਗਾਵਿਆ ਸੁਣਿਆ ਤਿਨ ਕਾ ਥਾਇ ਪਿਆ,
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਸਤਿ ਕਰ ਮਾਨੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਪ੍ਰਮਾਣ ਹਨ ਜਿਨ੍ਹਾਂ ਤੋਂ ਸਾਫ ਸਿਧ ਹੈ ਕਿ ਬਾਣੀ ਨੂੰ ਪੜ੍ਹਨ ਮਾਤਰ ਨਾਲ, ਜਾਂ ਬਾਹਲੀ ਗਿਣਤੀ ਵਿਚ ਪੜ੍ਹਨ ਨਾਲ ਜਾਂ ਦੂਜਿਆਂ ਤੋਂ ਪੈਸੇ ਦੇਕੇ ਪੜ੍ਹਾਨ ਨਾਲ ਕੋਈ ਫ਼ਾਇਦਾ ਨਹੀਂ, ਕੋਈ ਮਹਾਤਮ ਨਹੀਂ, ਮੰਤਰ ਥਿਊਰੀ ਮਹਾਤਮ ਥਿਊਰੀ, ਗੁਰ ਜੀ ਨੇ ਨਹੀਂ ਮੰਨੀ। ਏਹ ਧਰਮ ਦਾ ਵਪਾਰ ਕਰਨ ਵਾਲੇ ਪੰਡਤਾਂ ਤੇ ਮੁਲਾਨਿਆਂ ਦੀਆਂ ਥਿਊਰੀਆਂ ਹਨ ਅਤੇ ਧਨੀਆਂ, ਰਾਜਿਆਂ ਮਹਾਰਾਜਿਆਂ ਅਤੇ

ਸੇਠਾਂ

ਮਹੰਤਾਂ ਦੀਆਂ ਗਦੀਆਂ ਨੂੰ ਕੈਮ ਰਖਣ ਤੇ ਪਕਿਆਂ ਕਰਨ ਲਈ ਘੜੀਆਂ ਗਈਆਂ ਹਨ। ਗੁਰੂ ਜੀ ਨੇ ਬਾਣੀ ਦੇ ਸਬੰਧ ਵਿਚ ਹੇਠਾਂ ਲਿਖੀਆਂ ਗਲਾਂ ਦਾ ਪ੍ਰਚਾਰ ਕੀਤਾ:—

੧. ਬਾਣੀ ਗਿਆਨ ਅਤੇ ਚਾਨਣ ਦੇਣ ਵਾਲੀ ਵਸਤੂ ਹੈ।

੨. ਏਹ ਆਪਣੀ ਮਾਦਰੀ ਬੋਲੀ ਵਿਚ ਜਾਂ ਸੌਖੀ ਸਮਝ ਆਉਣ ਵਾਲੀ ਭਾਸ਼ਾ ਵਿਚ ਹੋਣੀ ਚਾਹੀਦੀ ਹੈ।

੩. ਇਸ ਨੂੰ ਪੜ੍ਹਕੇ ਸਮਝਨ ਤੇ ਅਮਲ ਕਰਨ ਨਾਲ ਹੀ ਮਨੁਖ ਨੂੰ ਲਾਭ ਪਹੁੰਚ ਸਕਦਾ ਹੈ, ਤੇ ਉਹ ਆਪਣਾ ਜੀਵਨ ਸਫਲ ਕਰ ਸਕਦਾ ਹੈ।

੪. ਬਿਨਾਂ ਸਮਝੇ ਪੜ੍ਹਨ, ਬਾਹਲੀ ਗਿਣਤੀ ਵਿਚ ਪੜ੍ਹਨ, ਮੁਲ ਦੇਕੇ ਦੂਜਿਆਂ ਤੋਂ ਪੜ੍ਹਾਨ, ਜਾਂ ਸੰਤਾ ਮਹੰਤਾ ਤੋਂ ਬਿਨਾ ਸਮਝੇ ਸੁਣਨ ਅਥਵਾ ਗਲ ਵਿਚ ਤਵੀਤਾਂ ਵਾਂਗ ਲਟਕਾਣ ਜਾਂ ਪੂਜਾ ਪਾਠ ਕਰਨ ਦਾ ਕੋਈ ਮਹਾਤਮ ਨਹੀਂ।

੫. ਬਾਣੀ ਨੂੰ ਹਰ ਇਕ ਮਨੁਖ ਭਾਵੇਂ ਉਸਦੀ ਕੋਈ ਜਾਤ ਹੈ ਅਤੇ ਭਾਵੇਂ ਉਹ ਕਿਸੇ ਦੇਸ਼ ਦਾ ਵਸਨੀਕ ਹੈ ਪੜ੍ਹ ਸਕਦਾ ਹੈ ਹਰ ਵੇਲੇ ਪੜ੍ਹ ਸਕਦਾ ਹੈ ਤੇ ਪੜ੍ਹਕੇ ਇਸਤੋਂ ਲਾਭ ਲੈ ਸਕਦਾ। ਸਚਾ ਰਬੀ ਗਿਆਨ ਦੇਣ ਵਾਲੀ ਬਾਣੀ ਕਿਸੇ ਇਕ ਮਨੁਖ ਜਾਂ ਇਕ ਫਿਰਕੇ ਦੀ ਜਦੀ ਜਾਇਦਾਦ ਤੇ ਮਾਲਕੀ ਨਹੀਂ ਹੈ।

ਇਸ ਤਰ੍ਹਾਂ ਬਾਣੀ ਦਾ ਆਸ਼ਾ ਅਤੇ ਇਸਦੀ ਕਦਰ ਤੇ ਕੀਮਤ ਤੇ ਵਰਤੋਂ ਨੂੰ ਸਪਸ਼ਟ ਕਰਕੇ ਗੁਰੂ ਨਾਨਕ ਜੀ ਨੇ ਦੁਨੀਆਂ ਉਤੇ ਗਰੀਬ ਜਨਤਾ ਉਤੇ ਭਾਰੀ ਉਪਕਾਰ ਕੀਤਾ ਹੈ ਅਤੇ ਮੈਂ ਸਮਝਦਾ ਹਾਂ ਆਪਦੀ ਏਹ ਇਕ ਅਦੁਤੀ ਕਰਮਾਤ ਹੈ।

ਪਰ ਇਸ ਵੇਲੇ ਵੇਖਿਆ ਜਾਂਦਾ ਹੈ ਕਿ ਗਦੀ ਦਾਰ ਸੰਤਾਂ ਮਹੰਤਾਂ, ਡੇਰੇਦਾਰਾਂ, ਫਿਰਕੂ ਆਗੂਆਂ ਅਤੇ ਵਪਾਰੀ ਪ੍ਰਚਾਰਕਾ ਦੀ ਕਿਰਪਾ ਨਾਲ ਆਮ ਤੌਰ ਤੇ ਬਾਣੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਸ਼ੇ ਦੇ ਉਲਟ ਮੰਤ੍ਰ ਤੇ ਮਹਾਤਮ ਥੀਉਰੀ ਮੁਤਾਬਕ ਵਰਤਿਆ ਜਾਂਦਾ ਹੈ। ਸਮਝਕੇ, ਗਿਆਨ ਪ੍ਰਾਪਤ ਕਰਕੇ ਜੀਵਨ ਵਿਚ ਅਮਲ ਕਰਨ ਦੀ ਬਜਾਏ ਬਾਹਲਾ ਪਾਠ ਕਰਨ ਤੇ ਮੁਲ ਨਾਲ ਪਾਠ ਕਰਾਣ ਉਤੇ ਬੜਾ ਜ਼ੋਰ ਲਗ ਰਿਹਾ ਹੈ। ਆਸ਼ ਹੈ ਬਾਣੀ ਦਾ ਸਚਾ ਚਾਨਣ ਛੇਤੀ ਇਨ੍ਹਾਂ ਗਲਤ ਰਵਾਜਾਂ ਨੂੰ ਖਤਮ ਕਰ ਦਏਗਾ।

—o—

## ਸੰਗਤ

"ਸੰਗਤ" ਦਾ ਸਿਧਾਂਤ ਸ੍ਰੀ ਗੁਰੂ ਨਾਨਕ ਸਾਹਿਬ ਦੀ ਦੂਜੀ ਮਹਾਨ ਕਰਾਮਾਤ ਹੈ। ਅਜ ਵੀਹਵੀਂ ਸਦੀ ਵਿਚ ਭਾਵੇਂ ਸੰਸਾਰ ਦੇ ਸਭ ਰਾਜਸੀ, ਵਿਦਯਕ, ਭਾਈਚਾਰਕ, ਵਪਾਰਕ ਤੇ ਆਰਥਕ ਪ੍ਰਬੰਧਾਂ ਵਿਚ ਸੰਗਤ ਦਾ ਅਸਰ ਪ੍ਰਤੱਖ ਦਿਸ ਰਿਹਾ ਹੈ ਪਰ ਪੰਦਰਵੀ ਸਦੀ ਵਿਚ ਸੰਗਤ ਦਾ ਸਿਧਾਂਤ ਗਦੀਦਾਰੀ ਲਈ ਇਕ ਬੰਬ ਦਾ ਗੋਲਾ ਸੀ। ਚੇਲਿਆਂ ਦੇ ਆਸਰੇ ਮਹੰਤਾਂ ਤੇ ਗੁਰੂਆਂ ਦੀਆਂ ਗਦੀਆਂ ਚਲ ਰਹੀਆਂ ਸਨ। ਜਜਮਾਨਾ ਦੇ ਆਸਰੇ ਪਰੋਹਤੀਆਂ ਚਲ ਰਹੀਆਂ ਸਨ। ਅਤੇ ਪਰਜਾ ਦੇ ਆਸਰੇ ਰਾਜ ਗਦੀਆਂ ਸਨ।

ਬ੍ਰਾਹਮਣ ਦੇਵਤੇ ਅਤੇ ਰਾਜਵੰਸੀ ਛਤ੍ਰੀ ਸੂਦਰਾਂ ਨਾਲ ਇਕ ਸੰਗਤ ਤੇ ਪੰਗਤ ਵਿਚ ਸ਼ਾਮਲ ਹੋਕੇ "ਏਕ ਪਿਤਾ ਏਕਸ ਕੇ ਹਮ ਬਾਰਕ" ਬਣਨ ਲਈ ਕਦੋਂ ਤਿਆਰ ਸਨ ?

ਉਸ ਭਾਰੀ ਨਾ-ਬਰਾਬਰੀ ਦੇ ਜੁਗ ਵਿਚ ਗੁਰੂ ਨਾਨਕ ਸਾਹਿਬ ਦਾ ਆਕੇ ਇਹ ਐਲਾਨ ਕਰਨਾ:—

ਫਕੜ ਜਾਤੀ ਫਕੜ ਨਾਉ, ਸਭਨਾਂ ਜੀਆ ਇਕੋ ਛਾਉ।

———

ਜਾਤ ਜਨਮ ਨਹ ਪੂਛੀਐ, ਸਚ ਘਰ ਲੇਹੁ ਬਤਾਇ।
ਸਾ ਜਾਤ ਸਾ ਪਤਿ ਹੈ, ਜਿਵਿਹੇ ਕਰਮ ਕਮਾਇ।

———

ਏਕ ਪਿਤਾ ਏਕਸ ਕੇ ਹਮ ਬਾਰਕ

———

ਨੀਚਾਂ ਅੰਦਰ ਨੀਚ ਜਾਤ, ਨੀਚੀ ਹੂ ਅਤਿ ਨੀਚ।
ਨਾਨਕ ਜਿਨਕੈ ਸੰਗ ਸਾਥ, ਵਡਿਆਂ ਸਿਉ ਕਿਆ ਰੀਸ।

———

ਵਿਚ ਸੰਗਤ ਹਰ ਪ੍ਰਭਿ ਵਸੈ ਜੀਉ।

———

ਕਿਤਨੀ ਦਲੇਰੀ ਹੈ। ਰਾਣਾ ਰੰਕ ਨੂੰ ਬਰਾਬਰ ਕਰ ਦੇਣਾ। ਸਭ ਮਨੁਖ ਮਾਤਰ ਨੂੰ ਇਕ ਪਿਤਾ ਦੇ ਪੁਤਰ ਦਸ ਕੇ ਭਰਾ ਬਣਾ ਦੇਣਾ। ਨੀਚ ਊਚ, ਛੂਤ ਛਾਤ ਤੇ ਜਾਤ ਪਾਤ ਨੂੰ ਧੂੰਏ ਵਾਂਙ ਉਡਾ ਦੇਣਾ ਅਤੇ ਸਭ ਪ੍ਰਾਣੀਆਂ ਦੀ ਇਕ ਸਾਂਝੀ ਸੰਗਤ ਕੈਮ ਕਰਕੇ ਉਸਨੂੰ ਗੁਰੂ ਵੀਹ ਵਿਸਵੇ ਤੇ ਸੰਗਤ ਇਕੀਹ ਵਿਸਵੇ ਦਾ ਸਭ ਤੋਂ ਉਚਾ ਦਰਜਾ ਦੇਣਾ ਏਹ ਬੜੀ ਸ਼ਕਤੀ ਭਰੀ ਕਰਾਮਾਤ ਹੈ।

ਸੰਗਤ ਦੇ ਪੂਰੇ ਅਰਥਾਂ ਅਤੇ ਇਸਦੇ ਪੂਰੇ ਅੰਗਾਂ ਨੂੰ ਬਹੁਤ ਘਟ ਸਮਝਿਆ ਜਾਂਦਾ ਹੈ। 'ਸੰਗਤ' ਸ਼ਬਦ ਨੂੰ ਵੀ ਕਾਫੀ ਗਲਤ ਵਰਤਿਆ ਜਾਂਦਾ ਹੈ। ਕਿਸੇ ਮਹਾਨ ਲਫਜ਼ ਨੂੰ ਗਲਤ ਤੌਰ ਤੇ ਵਰਤ ਕੇ ਫਾਇਦਾ ਉਠਾਣਾ ਹੀ ਗਦੀ ਦਾਰ। ਦਾ ਹੁਨਰ ਹੈ। ਆਮ ਜਨਤਾ ਦੇ ਦਿਲ ਵਿਚ 'ਸੰਗਤ' ਦੀ ਮਹਾਨਤਾ ਦੀ ਕਦਰ ਹੈ, ਇਸ ਵਾਸਤੇ ਜਿਸ ਫੈਸਲੇ ਨੂੰ, ਜਿਸ ਹੁਕਮ ਨੂੰ ਸੰਗਤ ਦੇ ਲਫਜ਼ ਨਾਲ ਜੋੜ ਦਿਤਾ ਜਾਵੇ ਉਸਦਾ ਅਸਰ ਆਮ ਜਨਤਾ ਉਤੇ ਬੜਾ ਪੈਂਦਾ ਹੈ। ਏਹ ਸੰਗਤ ਦਾ ਫੈਸਲਾ ਹੈ। ਏਹ ਸੰਗਤ ਦਾ ਹੁਕਮ ਹੈ। ਇਸ ਤਰ੍ਹਾਂ ਕਹਿਕੇ, ਐਲਾਨ ਕਰਕੇ ਕਈ ਅਜਿਹੇ ਕੰਮ ਹੁੰਦੇ ਰਹਿੰਦੇ ਹਨ ਜਿਸ ਦਾ ਸੰਗਤ ਨਾਲ ਕੋਈ ਸਬੰਧ ਨਹੀਂ ਹੁੰਦਾ। ਕੇਵਲ ਇਕ ਆਦਮੀ ਜਾਂ ਇਕ ਪਾਰਟੀ ਦਾ ਹੁਕਮ ਹੁੰਦਾ ਹੈ। ਇਸ ਵਾਸਤੇ 'ਸੰਗਤ' ਦੇ ਲਖਣ ਤੇ ਇਸ ਦੀ ਬਣਤਰ ਨੂੰ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ। ਗੁਰੂ ਸਾਹਿਬ ਦੀ ਬਾਣੀ, ਉਨ੍ਹਾਂ ਦੇ ਜੀਵਨ ਅਤੇ ਉਪਦੇਸ਼ ਤੋਂ ਸੰਗਤ ਸਬੰਧੀ ਮੈਂ ਇਹ ਕੁਝ ਸਮਝਦਾ ਹਾਂ—

੧: ਸੰਗਤ ਦੇ ਅਰਥ ਹਨ ਪੂਰਨ ਸਮਾਨਤਾ ਵਾਲਾ ਸਮਾਜ ਜਿਸ ਵਿਚ ਹੇਠਾਂ ਲਿਖੇ ਸਿਧਾਂਤ ਵਰਤੋਂ ਵਿਚ ਆ ਰਹੇ ਹੋਣ।

੨. ਏਕ ਪਿਤਾ ਏਕਸ ਕ ਹਮ ਬਾਰਕ। ਭਾਵ ਸਮਾਜ ਵਿਚ ਸ਼ਾਮਲ ਹੋਣ ਵਾਲੇ ਸਾਰੇ ਮਨੁਖ ਸਕੇ ਭਰਾਵਾਂ ਦਾ ਦਰਜਾ ਰਖਦੇ ਹੋਣ। ਉਨ੍ਹਾਂ ਦੀ ਆਰਥਕ, ਰਾਜਸੀ, ਧਾਰਮਕ ਤੇ ਸਮਾਜਕ ਤੌਰ ਤੇ ਪੂਰਨ ਬਰਾਬਰੀ ਹੋਵੇ। ਇਹ ਨਾ ਹੋਵੇ ਇਕ ਲਖਪਤੀ, ਕਰੋੜਪਤੀ ਅਤੇ ਦੂਜਾ ਭੁਖਾ ਨੰਗਾ ਤੇ ਬੇਕਾਰ। ਜਾਤ ਪਾਤ, ਛੂਤ ਛਾਤ, ਨੀਚ ਊਚ ਸਭ ਖਤਮ।

੩. ਰਾਇ ਦੀ ਆਜ਼ਾਦੀ, ਖਿਆਲਾਂ ਦੀ ਆਜ਼ਾਦੀ ਮਤਭੇਦ ਦੀ ਖੁਲ੍ਹ।

੪. ਫਤਵੇਬਾਜ਼ੀ ਉਕੀ ਬੰਦ, ਰਾਇ ਦੇ ਮਤਭੇਦ ਕਰਕੇ ਕਿਸੇ ਨੂੰ ਸਿਖੀ ਓਂ ਖਾਰਜ ਨਹੀਂ ਕੀਤਾ ਜਾ ਸਕਦਾ।

ਅਜੇਹੇ ਸਮਾਜ ਦੇ ਬਣ ਜਾਣ ਨਾਲ ਫਿਰ ਪ੍ਰਤੀਨਿਧ ਚੁਣੇ ਜਾ ਕੇ ਸਹੀ ਸੰਗਤ ਦਾ ਸਰੂਪ ਬਣ ਸਕਦਾ ਹੈ। ਗੁਰਦਵਾਰੇ ਵਿਚ ਜਾਂ ਕਿਸੇ ਹੋਰ ਅਸਥਾਨ ਤੇ ਕੁਝ ਆਦਮੀਆਂ ਦਾ ਇਕੱਠਾ ਹੋ ਕੇ ਸੰਗਤ ਦਾ ਨਾਂ ਧਾਰਨ ਕਰ ਲੈਣਾ ਤੇ ਸੰਗਤ ਦੇ ਨਾਂ ਉਤੇ ਫੈਸਲੇ ਦੇਣੇ ਤੇ ਹੁਕਮ ਜਾਰੀ ਕਰਕੇ ਫਤਵੇ ਦੇਣੇ ਮੈਨੂੰ ਗੁਰੂ ਆਸ਼ੇ ਤੋਂ ਉਲਟ ਦਿਸਦੇ ਹਨ। ਬਾਹਲਾ ਇਕੱਠ ਵੀ ਇਕ ਸੰਗਤ ਦਾ ਸਰੂਪ ਨਹੀਂ ਹੋ ਸਕਦਾ ਜਦ ਤੀਕਣ ਉਸ ਵਿਚ ਸੰਗਤ ਦੇ ਪੂਰੇ ਲਖਣ ਨਾ ਹੋਣ। ਇਸ ਤਰ੍ਹਾਂ ਕਈ ਵੇਰਾਂ ਇਕ ਦੂਜੇ ਦੇ ਵਿਰੋਧੀ ਹੁਕਮ ਵੀ ਜਾਰੀ ਹੋ ਜਾਂਦੇ ਹਨ। ਇਸ ਤਰ੍ਹਾਂ ਆਪੇ ਜੁੜੀ ਤੇ ਆਪੇ ਬਣੀ ਸੰਗਤ ਇਕ ਥਾਂ ਕੁਝ ਫੈਸਲਾ ਕਰਦੀ ਹੈ ਦੂਜੀ ਥਾਂ ਕੁਝ।

ਇਸ ਮੌਕੇ ਉਤੇ ਮੈਨੂੰ ਇਕ ਸੱਚੀ ਬੀਤੀ ਹੋਈ ਗਲ ਯਾਦ ਆ ਗਈ। ਇਕ ਸਿੰਘ ਨੇ ਬੜੇ ਪ੍ਰੇਮੀ, ਭਜਨੀਕ ਤੇ ਰਹਿਤ ਬਹਿਤ ਵਿਚ ਪਕੇ ਸਿੰਘਾਂ ਪਾਸੋਂ ਅੰਮ੍ਰਿਤ ਛਕਿਆ। ਸਿਖਿਆ ਦੇਣ ਸਮੇਂ ਪੰਜ ਪਿਆਰਿਆਂ ਨੇ ਉਪਦੇਸ਼ ਦਿਤਾ ਤੇ ਕਿਹਾ ਕਿ ਮਾਸ ਨਹੀਂ ਖਾਣਾ ਇਹ ਕੁਰਹਿਤ ਹੈ। ਅੰਮ੍ਰਿਤ ਛਕਣ ਵਾਲਾ ਸਿੰਘ ਵੀ ਪੜ੍ਹਿਆ ਲਿਖਿਆ ਤੇ ਗੁਰਮਤ ਦਾ ਜਾਣੂ ਸੀ। ਉਸ ਸ਼ੰਕਾ ਕੀਤਾ ਤੇ ਕਿਹਾ ਮਾਸ ਖਾਣਾ ਕੁਰਹਿਤ ਤਾਂ ਨਹੀਂ, ਕੁਠਾ ਖਾਣਾ ਕੁਰਹਿਤ ਹੈ। ਜਦ ਜਥੇਦਾਰ ਨੂੰ ਦਲੀਲ ਤੇ ਪ੍ਰਮਾਣ ਵਾਲਾ ਕੋਈ ਉਤਰ ਨਾ ਅਹੁੜਿਆ ਤਾਂ ਬੋਲਿਆ– ਗੁਰੂ ਦੇ ਹਜ਼ੂਰ ਪੰਜ ਪਿਆਰੇ ਗੁਰੂ ਦਾ ਰੂਪ ਹਨ। ਇਹ ਸੰਗਤ ਦਾ ਰੂਪ ਹਨ। ਇਹ ਤੈਨੂੰ ਹੁਕਮ ਦੇਂਦੇ ਹਨ ਕਿ ਮਾਸ ਖਾਣਾ ਕੁਰਹਿਤ ਹੈ। ਤੂੰ ਮਾਸ ਨਹੀਂ ਖਾਣਾ ਹੋਵੇਗਾ।

ਇਹ ਸੁਣਕੇ ਉਹ ਸਿੰਘ ਚੁਪ ਕਰ ਰਿਹਾ ਤੇ ਕਿਹਾ ਸਤਿਬਚਨ ਜੋ ਸੰਗਤ ਦਾ ਹੁਕਮ ਉਹ ਮੈਨੂੰ ਪ੍ਰਵਾਨ। ਸੰਗਤ ਦੇ ਹੁਕਮ ਅਗੇ ਮੈਂ ਨਹੀਂ ਬੋਲ ਸਕਦਾ।

ਕੁਝ ਚਿਰ ਮਗਰੋਂ ਇਕ ਥਾਂ ਸਿੰਘਾਂ ਨੇ ਰਲਕੇ ਫੀਸਟ ਕੀਤੀ। ਬਕਰਾ ਝਟਕਾਇਆ ਗਿਆ ਪ੍ਰਸ਼ਾਦ ਤਿਆਰ ਕੀਤਾ ਜਦ ਇਸ ਸਿੰਘ ਨੂੰ ਫੀਸਟ ਵਿਚ ਸ਼ਾਮਲ ਹੋਣ ਲਈ ਕਿਹਾ ਗਿਆ ਤਾਂ ਇਸ ਨੇ ਮਾਸ ਖਾਣ ਤੋਂ ਇਨਕਾਰ ਕੀਤਾ ਅਤੇ ਅੰਮ੍ਰਿਤ ਛਕਣ ਸਮੇਂ ਦੀ ਸਾਰੀ ਕਥਾ ਕਹਿ ਸੁਣਾਈ। ਉਸੇ ਵੇਲੇ ਇਕ ਸਿਆਣੇ ਤੇ ਸਮਝਦਾਰ ਸਿੰਘ ਨੇ ਕਿਹਾ:–

"ਤੁਹਾਨੂੰ ਆਪ ਮਾਸ ਛਕਣ ਤੇ ਇਤਰਾਜ਼ ਨਹੀਂ, ਸਿਰਫ ਗੁਰ ਤੇ ਸੰਗਤ ਦਾ ਰੂਪ

ਪੰਜਾਂ ਪਿਆਰਿਆਂ ਦੇ ਹੁਕਮ ਦੇ ਕਾਰਨ ਤੁਸੀਂ ਨਹੀਂ ਛਕਦੇ।"

ਉਸ ਨੇ ਕਿਹਾ—ਹਾਂ ਜੀ, ਗਲ ਇਹੋ ਹੈ।

ਓਹੀ ਸਿੰਘ—"ਜੇ ਪੰਜ ਪਿਆਰੇ ਤੁਹਾਨੂੰ ਹੁਕਮ ਦੇ ਦੇਣ ਕਿ ਮਾਂਹ ਪ੍ਰਸ਼ਾਦ ਜ਼ਰੂਰ ਛਕੋ ਫਿਰ ਤਾਂ ਤੁਹਾਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।"

ਉਸ ਨੇ ਕਿਹਾ—ਬਿਲਕੁਲ ਕੋਈ ਇਤਰਾਜ਼ ਨਹੀਂ ਹੋਵੇਗਾ।

ਇਸ ਦੇ ਮਗਰੋਂ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਸੰਗਤ ਜੁੜ ਗਈ। ਪੰਜ ਪਿਆਰੇ ਚੁਣੇ ਗਏ ਅਤੇ ਉਨ੍ਹਾਂ ਨੇ ਮਿਲਕੇ ਫੈਸਲਾ ਦਿਤਾ ਕਿ ਇਸ ਸਿੰਘ ਨੂੰ ਮਾਂਹ ਪ੍ਰਸ਼ਾਦ ਜ਼ਰੂਰ ਛਕਣਾ ਚਾਹੀਦਾ ਹੈ। ਸੋ ਉਸ ਨੇ ਹੁਣ ਇਸ ਸੰਗਤ ਦਾ ਹੁਕਮ ਪ੍ਰਵਾਨ ਕਰ ਲਿਆ।

ਮੌਜੂਦਾ ਸਮੇਂ ਵਿਚ ਸੰਗਤ ਦਾ ਨਾਂ ਗ਼ਲਤ ਵਰਤਣ ਦੀ ਇਹ ਕੇਵਲ ਇਕ ਮਸਾਲ ਹੈ। ਇਹੋ ਜੇਹੀਆਂ ਮਿਸਾਲਾਂ ਆਪ ਨੂੰ ਨਿਤ ਵੇਖਣ ਵਿਚ ਆਉਂਦੀਆਂ ਹੋਣਗੀਆਂ।

ਅਸਲ ਵਿਚ ਸੰਗਤ ਪੂਰਨ ਸਮਾਨਤਾ ਤੇ ਬਰਾਬਰੀ ਅਸਥਾਪਨ ਕਰਨ ਵਾਲਾ ਸਿਧਾਂਤ ਹੈ। ਪੰਦਰਵੀਂ ਸਦੀ ਵਿਚ ਪਹਿਲੇ ਪਹਿਲ ਸ੍ਰੀ ਗੁਰੂ ਨਾਨਕ ਸਾਹਿਬ ਨੇ ਹੀ ਇਸ ਦਾ ਪ੍ਰਚਾਰ ਕੀਤਾ ਜਿਸਦਾ ਅਸਰ ਪੰਜਾਬ ਉਤੇ ਪਿਆ ਤੇ ਹਿੰਦੁਸਤਾਨ ਵਿਚ ਫੈਲਿਆ। [illegible] ਸਿੰਘ ਜੀ ਨੇ ਇਸ ਨੂੰ ਅਮਲੀ ਸ਼ਕਲ ਦਿਤੀ ਅਤੇ ਹੁਣ ਕਈ ਸ਼ਕਲਾਂ ਵਿਚ ਇਸ ਦਾ ਅਸਰ ਮਨੁਖੀ ਸਮਾਜ ਤੇ ਪੈ ਰਿਹਾ ਹੈ।

ਮੇਰੇ ਨਜ਼ਦੀਕ ਸ੍ਰੀ ਗੁਰੂ ਨਾਨਕ ਸਾਹਿਬ ਦੀਆਂ ਸਭ ਤੋਂ ਮਹਾਨ ਤੇ ਵਡੀਆਂ ਇਹੋ [illegible] ਕਰਾਮਾਤਾਂ ਹਨ—'ਬਾਣੀ ਤੇ ਸੰਗਤ।' ਜਿਨ੍ਹਾਂ ਦੇ ਸਹੀ ਅਰਥ ਤੇ ਤਤ ਸਮਝਣ ਅਤੇ ਪੂਰੀ [illegible] ਤੇ ਵਰਤੋਂ ਜਾਣਕੇ ਅਮਲ ਕਰਨ ਨਾਲ ਮਨੁਖੀ ਸਮਾਜ ਵਿਚੋਂ ਬੁਰੀ [illegible] ਇਨਕਲਾਬ [illegible] ਜਾਏਗਾ ਅਤੇ ਗਦੀਦਾਰੀ ਦੇ ਪੈਦਾ ਕੀਤੇ ਹੋਏ ਮੌਜੂਦਾ ਜੰਗ [illegible] ਹੋ ਕੇ [illegible] ਜਾਏਗੀ।

—o—

## ਆਨ ਅਠੱਤਰੇ ਜਾਨ ਸਤਾਨਵੇ

ਬਾਬਰ ਖੂੰ ਸੈਨਾ ਚਾੜ੍ਹ ਲੁੱਟਦਾ ਹੈ ਹਿੰਦ [illegible]
ਰਾਜਿਆਂ ਹੱਥੋਂ [illegible]

ਜਿਸ ਰਾਜ ਵਿਚ ਕੋਈ ਪਰਜਾ ਉਤੇ [illegible]
ਰਾਜਾ ਫਿਰ ਸੀਸ [illegible]

ਰਹਿਣੇ ਨਹੀਂ ਰਾਜ, ਤਾਜ ਰੁਲਣੇ ਨੇ ਮਿੱਟੀ ਵਿਚ [illegible]
[illegible] ਜ਼ੋਰੀ ਨਾਲ [illegible]

[illegible] ਅਠੱਤਰੇ ਤਾਂ ਜਾਵਣ [illegible]
[illegible]

ਆਜ਼ਾਦੀ ਅੰਕ ੧੯੪੦.

# ਆਜ਼ਾਦੀ ਦਾ ਘੋਲ

ਆਜ਼ਾਦੀ ਚੰਗੀ ਹੁੰਦੀ ਹੈ ! ਸੁਖਾਂ ਦਾ ਭੰਡਾਰ ਹੈ ਅਤੇ ਗੁਲਾਮੀ ਦੁਖਾਂ ਦਾ ਘਰ ਹੈ ਤੇ ਬੁਰੀ ਹੈ। ਗੁਲਾਮੀ ਤੋਂ ਛੁਟਕਾਰਾ ਹਾਸਲ ਕਰਨਾ ਚਾਹੀਦਾ ਹੈ ਅਤੇ ਆਜ਼ਾਦੀ ਲਈ ਘੋਲ ਕਰਨਾ ਚਾਹੀਦਾ ਹੈ। ਆਮ ਜਨਤਾ ਨੂੰ ਬਸ ਇੰਨਾ ਕੁ ਹੀ ਸਾਧਾਰਨ ਗਿਆਨ ਹੈ। ਗੁਲਾਮੀ ਕੀ ਹੈ ? ਗੁਲਾਮੀ ਦੇ ਕਾਰਨ ਕੀ ਹਨ ? ਆਜ਼ਾਦੀ ਦੇ ਲੱਖਣ ਕੀ ਹਨ ? ਇਸਦਾ ਸਰੂਪ ਕੀ ਹੈ ? ਕਿਨ੍ਹਾਂ ਸਾਧਨਾਂ ਨਾਲ ਪ੍ਰਾਪਤ ਹੋਂਦੀ ਹੈ ? ਆਮ ਜਨਤਾ ਨੂੰ ਇਨ੍ਹਾਂ ਗੱਲਾਂ ਦਾ ਗਿਆਨ ਬਹੁਤ ਘਟ ਹੈ ਅਤੇ ਬਹੁਤ ਸਾਰੇ ਮੁਖੀ ਜਥੇ ਤੇ ਆਗੂ ਵੀ ਇਨ੍ਹਾਂ ਗੱਲਾਂ ਨੂੰ ਰੋਲ-ਘਚੋਲੇ ਵਿਚ ਹੀ ਰਖਣਾ ਪਸੰਦ ਕਰਦੇ ਹਨ।

ਮਨੁਖਾਂ ਦੇ ਦਿਲਾਂ ਅੰਦਰ ਆਜ਼ਾਦੀ ਦੀ ਜ਼ਬਰਦਸਤ ਤੜਪ ਪੈਦਾ ਹੋ ਚੁਕੀ ਹੈ। ਉਹ 'ਆਜ਼ਾਦੀ ਦੇ ਘੋਲ' ਦੇ ਨਾਂ ਉਪਰ ਮੈਦਾਨ ਵਿਚ ਕੁਦ ਪੈਂਦੇ ਹਨ ਅਤੇ ਮੂੰਹ ਮੰਗੀਆਂ ਕੁਰਬਾਨੀਆਂ ਵੀ ਦੇਂਦੇ ਹਨ ਪਰ ਉਹਨਾਂ ਦੀ ਮੁਰਾਦ ਪੂਰੀ ਨਹੀਂ ਹੁੰਦੀ। ਉਹਨਾਂ ਨੂੰ ਪਿਆਰੀ ਆਜ਼ਾਦੀ ਦੇ ਦਰਸ਼ਨ ਨਹੀਂ ਹੁੰਦੇ। ਕਿਉਂ ? ਇਸੇ ਗਲ ਨੂੰ ਹੀ ਵਿਚਾਰਨਾ ਹੈ।

ਕਿਤਨੇ ਹੀ ਵਰ੍ਹਿਆਂ ਤੋਂ ਕਿਤਨੇ ਹੀ ਜੁਧ ਜੰਗ ਤੇ ਕਿਤਨੇ ਹੀ ਘੋਲ ਹੁੰਦੇ ਚਲੇ ਆ ਰਹੇ ਹਨ, ਪਰ ਅਜੇ ਪਿਆਰੀ ਆਜ਼ਾਦੀ ਦੇ ਦਰਸ਼ਨ ਨਹੀਂ ਹੁੰਦੇ ਦਿਸਦੇ।

ਕਈ ਵੇਰਾਂ ਚੀਜ਼ ਸਾਡੇ ਘਰ ਵਿਚ ਹੀ ਹੁੰਦੀ ਹੈ ਪਰ ਮਿਲਦੀ ਨਹੀਂ। ਅਸੀਂ ਲਾਂਭੇ ਲਾਂਭੇ ਹੀ ਟੱਕਰਾਂ ਮਾਰਦੇ ਰਹਿੰਦੇ ਹਾਂ। ਕਾਰਨ, ਉਸਦਾ ਸਾਨੂੰ ਗਿਆਨ ਨਹੀਂ ਹੁੰਦਾ ਕਿ ਉਹ ਕੀ ਹੈ ਤੇ ਕਿਥੇ ਹੈ।

ਪੁਰਾਣੇ ਜੁਧਾਂ ਜੰਗਾਂ ਤੇ ੧੮੫੭ ਤੇ ੧੮੭੨ ਦੇ ਘਮਸਾਣਾਂ ਨੂੰ ਜਾਣ ਦਿਓ। ਕਾਂਗਰਸ ਰਾਹੀਂ ਵੀ ੧੮੮੫ ਤੋਂ ਘੋਲ ਜਾਰੀ ਹੈ। ੧੯੨੦ ਤੋਂ ਮਹਾਤਮਾਂ ਗਾਂਧੀ ਜੀ ਦੀ ਅਗਵਾਈ ਹੇਠਾਂ ਜੇਹਲਾਂ ਭਰਨ ਦੀ ਮੁਹਿੰਮ ਕਈ ਵੇਰ ਚਲੀ ਤੇ ਕਈ ਵੇਰ ਮੁਲਤਵੀ ਹੋਈ। ਹੁਣ ਫਿਰ ਤਿਆਰੀਆਂ ਦੇ ਬਿਗਲ ਵਜ ਰਹੇ ਹਨ।

ਜਨਤਾ ਵਿਚ ਆਜ਼ਾਦੀ ਦੀ ਤੜਪ ਤੇ ਉਸਦੇ ਲਈ ਕੁਰਬਾਨੀ ਦਾ ਘਾਟਾ ਨਹੀਂ ਪਰ ਆਜ਼ਾਦੀ ਦੇ ਸਰੂਪ ਅਤੇ ਉਸ ਦੇ ਅਸਲੀ ਘੋਲ ਦਾ ਗਿਆਨ ਨਾ ਹੋਣ ਕਰਕੇ ਜਨਤਾ ਗੁਮਰਾਹੀਆਂ ਵਿਚ ਘਸੀਟੀ ਜਾਂਦੀ ਹੈ ਅਤੇ ਕਈ ਵੇਰਾਂ ਮਹਾਨ ਘੋਲਾਂ ਦੇ ਮਗਰੋਂ ਸਗੋਂ ਉਸਦੀ ਗੁਲਾਮੀ ਦੀਆਂ ਜ਼ੰਜੀਰਾਂ ਹੋਰ ਪੱਕੀਆਂ ਹੋ ਜਾਂਦੀਆਂ ਹਨ। ਇਸ ਵਾਸਤੇ ਇਹ ਨਿਹਾਇਤ ਜ਼ਰੂਰੀ ਹੈ ਕਿ ਆਮ ਜਨਤਾ ਅਤੇ ਜਨਤਕ ਆਗੂ ਸੰਸਾਰ ਵਿਚ ਹੋ ਰਹੇ ਜੁਧਾਂ ਜੰਗਾਂ ਤੇ ਘੋਲਾਂ ਦੇ ਆਸ਼ੇ ਅਤੇ ਆਜ਼ਾਦੀ ਦੇ ਅਸਲ ਸਰੂਪ ਤੇ ਉਸ ਦੇ ਲਈ ਅਸਲੀ ਘੋਲ ਨੂੰ ਸਮਝ ਲੈਣ ਅਤੇ ਗੁਮਰਾਹੀਆਂ ਤੋਂ ਬਚ ਕੇ ਸਹੀ ਨਸ਼ਾਨਾ ਆਪਣੇ ਸਾਹਮਣੇ ਰੱਖ ਕੇ ਤੁਰਨ।

**ਦੋ ਤਰ੍ਹਾਂ ਦੇ ਘੋਲ—**

ਘੋਲ ਦੋ ਤਰ੍ਹਾਂ ਦੇ ਹਨ। ਇਕ ਸ਼ਸਤ੍ਰਧਾਰੀ ਘੋਲ, ਤੋਪਾਂ, ਪਸਤੌਲਾਂ, ਬੰਬਾਂ ਤੇ ਹਵਾਈ ਜਹਾਜ਼ੀ ਨਾਲ ਜਿਹੋ ਜਿਹਾ ਕਿ ਅਜ ਕਲ ਯੂਰਪ ਵਿਚ ਜਾਰੀ ਹੈ। ਦੂਜਾ ਸ਼ਾਂਤਮਈ ਜੋ ਮਹਾਤਮਾਂ ਗਾਂਧੀ ਜੀ ਦੀ ਅਗਵਾਈ ਵਿਚ ਹਿੰਦੁਸਤਾਨ ਵਿਚ ਪਿਛਲੇ ੨੦ ਸਾਲਾਂ ਤੋਂ ਜਾਰੀ ਹੈ। ਪਰ ਇਸ ਸ਼ਾਂਤਮਈ ਘੋਲ

ਦੀਆਂ ਵੀ ਹੁਣ ਦੋ ਵੰਡਾਂ ਹੋ ਗਈਆਂ ਹਨ। ਇਕ ਗਾਂਧੀ—ਸ਼ਾਂਤਮਈ ਘੋਲ, ਦੂਜਾ ਸੁਭਾਸ਼ ਸ਼ਾਂਤਮਈ ਘੋਲ। ਗਾਂਧੀ ਜੀ ਦੀ ਸ਼ਾਂਤਮਈ ਦੇ ਲੱਖਣ ਏਹ ਹਨ, ਸਤਿਵਾਦੀ ਤੇ ਪੂਰਨ ਪਵਿਤਰ ਹੋਕੇ ਆਪਣੇ ਉਪਰ ਕਸ਼ਟ ਝੱਲੀ ਜਾਣੇ ਅਤੇ ਵੈਰੀ ਦਾ ਦਿਲ ਵੀ ਨਹੀਂ ਦੁਖਾਣਾ। ਕਿਸੇ ਤਰ੍ਹਾਂ ਵੀ ਵੈਰੀ ਦੇ ਦਿਲ ਨੂੰ ਠੇਸ ਨਹੀਂ ਪੁਚਾਣੀ ਤੇ ਉਸਨੂੰ ਨੁਕਸਾਨ ਨਹੀਂ ਪੁਚਾਣਾ। ਗਾਂਧੀ ਜੀ ਦੇ ਕਹਿਣ ਮੁਤਾਬਕ ਚਰਖਾ ਦੱਬਕੇ ਕਤੀ ਜਾਓ, ਕਤੀ ਜਾਓ, ਇਸ ਤਰ੍ਹਾਂ ਅਸੀ ਦਿਲੋਂ ਮਨੋਂ ਸ਼ਾਂਤਮਈ ਤੇ ਸਤਿਵਾਦੀ ਹੋ ਜਾਵਾਂਗੇ ਅਤੇ ਫਿਰ ਸਤਿਆਗ੍ਰਹਿ ਕਰਾਂਗੇ। ਵਿਰੋਧੀ ਦਾ ਦਿਲ ਪਿਘਲ ਜਾਵੇਗਾ। ਉਹ ਸਾਨੂੰ ਆਪੇ ਹੀ ਆਜ਼ਾਦ ਕਰ ਦਏਗਾ। ਸਮਝੌਤਿਆਂ ਨਾਲ ਵੀ ਜੋ ਕੁਝ ਮਿਲਦਾ ਜਾਏ ਲੈਂਦੇ ਰਹੋ। ਗਾਂਧੀ ਦੀ ਇਹ ਰੂਹਾਨੀ ਘੋਲ ਹੈ।

ਸੁਬਾਸ਼—ਸ਼ਾਂਤਮਈ ਇਸ ਨਾਲੋਂ ਵਖਰੀ ਹੈ। ਹਥਿਆਰ ਨਹੀਂ ਚੁਕਣੇ, ਬੰਬ ਨਹੀਂ ਮਾਰਨੇ। ਆਪਣੇ ਤੇ ਕਸ਼ਟ ਜ਼ਰੂਰ ਝਲਨੇ ਹਨ। ਮਜ਼ੂਰਾਂ ਕਿਸਾਨਾਂ ਨੂੰ ਜਥੇਬੰਦ ਕਰਕੇ ਹੜਤਾਲਾਂ ਕਰਨੀਆਂ ਹਨ। ਬਰਤਾਨੀਆਂ ਦੇ ਮਾਲ ਦਾ ਬਾਈਕਾਟ ਕਰਨਾ ਹੈ। ਮਨਿਸਟਰੀਆਂ ਤੇ ਕਬਜ਼ੇ ਜਮਾਕੇ ਅੜਿਕੇ ਡਾਹੁਣੇ ਹਨ। ਇਮਪੀਰੀਲਿਸਟ ਜੰਗਾਂ ਵਿਚ ਕੋਈ ਮਦਦ ਨਹੀਂ ਕਰਨੀ। ਇਸ ਗਲ ਦੀ ਪ੍ਰਵਾਹ ਨਹੀਂ ਕਰਨੀ ਕਿ ਵੈਰੀ ਦਾ ਦਿਲ ਦੁਖਦਾ ਹੈ ਜਾ ਨਹੀਂ। ਇਸ ਘੋਲ ਵਿਚ ਵੈਰੀ ਦਾ ਦਿਲ ਵੀ ਦੁਖੇਗਾ, ਉਸ ਨੂੰ ਨੁਕਸਾਨ ਵੀ ਪੁਜੇਗਾ ਤਾਂ ਹੀ ਕੁਝ ਬਣੇਗਾ। ਵੈਰੀ ਦਾ ਦਿਲ ਢੱਲਣ ਦੀ ਕੋਈ ਆਸ ਨਹੀਂ ਹੁੰਦੀ। ਲੁਟ ਖਸੁਟ ਤੇ ਪਲਣ ਵਾਲੇ ਦਿਲ ਪਿਘਲਣ ਤੇ ਢਲਣ ਵਾਲੇ ਨਹੀਂ ਰਹਿੰਦੇ। ਉਹ ਪੱਥਰ ਬਣ ਜਾਂਦੇ ਹਨ। ਉਨ੍ਹਾਂ ਨੂੰ ਤਾਂ ਤੋੜਨਾ ਹੀ ਪਵੇਗਾ। ਸਤਿਵਾਦੀ ਤੇ ਉਚ ਆਚਰਨ ਚੰਗਾ ਹੈ ਪਰ ਘੋਲ ਵਿਚ ਤਾਂ ਸਾਰੇ ਹੀ ਹਿਸਾ ਲੈ ਸਕਦੇ ਹਨ। ਜੇ ਸਤਿਆਗ੍ਰਹੀ ਸੈਨਾ ਤਿਆਰ ਕਰਨ ਲਈ ਸਤਵਾਦੀ ਤੇ ਉਚ ਆਚਰਨ ਦੀ ਸ਼ਰਤ ਪੂਰੀ ਕਰਾਣ ਦਾ ਪਰੋਗਰਾਮ ਪਹਿਲਾਂ ਰਖਿਆ ਜਾਵੇ ਤਾਂ ਨੌ ਮਣ ਤੇਲ ਹੋਵੇ ਨਾ ਰਾਧਾਂ ਨਚੇ ਵਾਲੀ ਹੀ ਗਲ ਬਣੇਗੀ। ਅਜੇਹੀ ਸੈਨਾ ਤਾਂ ਇਕੱਲੇ ਮਹਾਤਮਾਂ ਜੀ ਹਨ ਤੇ ਓਹੀ ਰਹਿਣਗੇ। ਸੁ ਇਸ ਤਰ੍ਹਾਂ ਘੋਲ ਲਈ ਜੰਗ ਕਰਨ ਦੇ ਤ੍ਰੈ ਤਰੀਕੇ ਹੋਏ। ਇਕ ਤਾਂ ਨਾਂ ਸ਼ਸਤਰ-ਧਾਰੀ ਜੰਗ ਜਿਸਦੇ ਕਿ ਅਸੀ ਇਸ ਵੇਲੇ ਯੋਗ ਹੀ ਨਹੀਂ ਹਾਂ ਤੇ ਨਾ ਹੀ ਤਿਆਰੀ ਹੋਤੇ ਨਾ ਹੀ ਏਹ ਕਰਨਾ ਹੈ। ਦੂਜਾ ਗਾਂਧੀ—ਸ਼ਾਂਤਮਈ ਜੋ ੨੦ ਸਾਲ ਤੋਂ ਅਜ਼ਮਾਈ ਜਾ ਰਹੀ ਹੈ ਅਤੇ ਜਿਸਦਾ ਵੱਡਾ ਹਥਿਆਰ ਚਰਖਾ ਹੈ। ਆਮ ਜਨਤਾ ਇਸ ਵਲੋਂ ਹੁਣ ਨਿਰਾਸ ਹੋਈ ਦਿਸਦੀ ਹੈ। ਤੀਸਰੀ ਹੈ ਸੁਬਾਸ਼—ਸ਼ਾਂਤਮਈ ਘੋਲ ਜਿਸ ਵਲ ਜਨਤਾ ਦੀਆਂ ਨਜ਼ਰਾਂ ਤੇ ਉਮੈਦਾਂ ਲਗੀਆਂ ਹੋਈਆਂ ਹਨ ਪਰ ਕਾਂਗਰਸ ਹਾਈ ਕਮਾਂਡ ਗਾਂਧੀ ਜੀ ਦੇ ਹੱਥ ਵਿਚ ਹੈ ਇਸ ਲਈ ਸਰਕਾਰੀ ਤੌਰ ਤੇ ਦੇਸ ਵਿਚ ਗਾਂਧੀ-ਸ਼ਾਂਤਮਈ ਹੀ ਚਲ ਰਹੀ ਹੈ। ਹੋ ਸਕਦਾ ਹੈ ਕਿ ਆਉਣ ਵਾਲੇ ਕਾਂਗਰਸ ਦੇ ਕਿਸੇ ਸਮਾਗਮ ਵਿਚ ਕਾਂਗਰਸ ਦੀ ਲੀਡਰ—ਸ਼ਿਪ ਅਦਲ—ਬਦਲ ਹੋ ਜਾਵੇ ਤੇ ਘੋਲ ਦਾ ਪੋਗਰਾਮ ਵੀ ਬਦਲ ਜਾਵੇ।

*ਜੰਗ ਦੀਆਂ ਕਿਸਮਾਂ—*

ਜੰਗਾਂ ਦੀਆਂ ਵੀ ਕਿਸਮਾਂ ਅਤੇ ਉਹਨਾਂ ਦੇ ਆਸ਼ੇ ਹਨ। ਭਾਵੇਂ ਏਹ ਸ਼ਸਤ੍ਰਧਾਰੀ ਹੋਣ ਅਤੇ ਭਾਵੇਂ ਸ਼ਾਂਤਮਈ, ਭਾਵੇਂ ਨਿਰੇ ਅੰਦੋਲਨ ਹੋਣ। ਜਨਤਾ ਨੂੰ ਇਨ੍ਹਾਂ ਦੀਆਂ ਕਿਸਮਾਂ ਤੇ ਆਸ਼ੇ ਵੀ ਸਮਝ ਲੈਣੇ ਚਾਹੀਦੇ ਹਨ।

ਸਾਰੇ ਜੰਗਾਂ ਤੇ ਘੋਲਾਂ ਨੂੰ ਅਸੀ ਪੰਜ ਕਿਸਮਾਂ ਵਿਚ ਵੰਡਦੇ ਹਾਂ:—

(੧) ਮੁਲਕ ਹੜਪੂ ਜੰਗ, (੨) ਸਰਮਾਏਦਾਰੀ ਤੇ ਸ਼ਹਿਨਸ਼ਾਹੀ ਜੰਗ,
(੩) ਸੁੈਰਖਿਆ-ਜੰਗ, (੪) ਗੱਦੀਦਾਰੀ-ਘੋਲ,
(੫) ਆਜ਼ਾਦੀ ਦਾ ਘੋਲ।

### ੧. ਮੁਲਕ ਹੜੱਪੂ ਜੰਗ—

ਇਹ ਜੰਗ ਪੁਰਾਤਨ ਜ਼ਮਾਨੇ ਵਿਚ ਬਹੁਤ ਹੋਂਦੇ ਸਨ ਅਤੇ ਹੁਣ ਵੀ ਕਿਤੇ ਕਿਤੇ ਹੋਂਦੇ ਹਨ। ਇਕ ਪਾਤਸ਼ਾਹ ਜਾਂ ਇਕ ਦੇਸ ਤਾਕਤਵਰ ਹੋਕੇ ਆਪਣੇ ਫੌਜੀ ਬਲ ਨਾਲ ਆਪਣੇ ਗੁਆਂਢੀ ਕਮਜ਼ੋਰ ਜਾਂ ਛੋਟੇ ਮੁਲਕ ਨੂੰ ਅਕਾਰਨ ਦਬਾ ਲੈਂਦਾ ਹੈ ਅਤੇ ਉਸ ਦੇਸ਼ ਦੇ ਵਸਨੀਕਾਂ ਦੀ ਮਰਜ਼ੀ ਵਿਰੁਧ ਉਸ ਉਪਰ ਮੰਨ ਮੰਨਿਆ ਰਾਜ ਕਰਦਾ ਹੈ। ਓਥੋਂ ਦੇ ਵਸਨੀਕਾਂ ਦੀ ਗਰੀਬੀ ਜਾਂ ਸੁਖ ਦੁਖ ਦੀ ਉਸਨੂੰ ਪ੍ਰਵਾਹ ਨਹੀਂ। ਮੰਨ ਆਈ ਲੁਟ—ਖਸੁਟ ਕਰਦਾ ਹੈ। ਐਬੇਸੀਨੀਆਂ ਉਪਰ ਇਟਲੀ ਦਾ ਹੱਲਾ, ਚੀਨ ਉਪਰ ਜਾਪਾਨ ਦਾ ਧੱਕਾ ਅਤੇ ਚੈਕੋਸਲੋਵੇਕੀਆ ਤੇ ਪੋਲੈਂਡ ਉਪਰ ਜਰਮਨ ਦਾ ਧਾਵਾ ਇਸ ਦੀਆਂ ਮੌਜੂਦਾ ਸਮੇਂ ਦੀਆਂ ਪਰਤੱਖ ਮਸਾਲਾਂ ਹਨ। ਏਹ ਮੁਲਕ—ਹੜੱਪ ਜੰਗ ਇਸ ਵੀਹਵੀਂ ਸਦੀ ਵਿਚ ਬੜਾ ਨਖਿਧ ਤੇ ਨਿੰਦਨੀਅ ਗਿਣਿਆ ਜਾਂਦਾ ਹੈ।

### ੨. ਸਰਮਾਏਦਾਰੀ ਤੇ ਸ਼ਹਿਨਸ਼ਾਹੀ ਜੰਗ—

ਸਰਮਾਏਦਾਰੀ ਨੂੰ ਆਪਣੇ ਕਾਰਖਾਨਿਆਂ ਲਈ ਕਚੇ ਮਸਾਲੇ ਦੀ ਲੋੜ ਹੁੰਦੀ ਹੈ ਅਤੇ ਪੈਦਾ ਹੋਏ ਹੋਏ ਸਾਮਾਨ ਨੂੰ ਮਹਿੰਗਾ ਵੇਚਣ ਲਈ ਮੰਡੀਆਂ ਦੀ ਲੋੜ ਹੈ। ਕਈ ਦੇਸ਼ਾਂ ਵਿਚ ਸਰਮਾਏਦਾਰੀ ਨੇ ਸ਼ਹਿਨਸ਼ਾਹੀ ਨਜ਼ਾਮ ਕਾਇਮ ਕੀਤੇ ਹੋਏ ਹਨ ਜਿਨ੍ਹਾਂ ਨੇ ਦੁਨੀਆਂ ਵਿਚ ਵਖ ਵਖ ਪਛੜੇ ਹੋਏ ਮੁਲਕਾਂ ਤੇ ਕਬਜ਼ੇ ਜਮਾਏ ਹੋਏ ਹਨ। ਉਹਨਾਂ ਮੁਲਕਾਂ ਵਿਚ ਪਾੜੋ ਤੇ ਰਾਜ ਕਰੋ ਦੇ ਅਸੂਲ ਤੇ ਕੰਮ ਚਲਦਾ ਹੈ। ਪਰ ਸਰਮਾਏਦਾਰੀ ਲਾਭਾਂ ਦੀਆਂ ਆਪੋ ਵਿਚ ਵੀ ਟਕਰਾਂ ਹਨ, ਇਸ ਕਰਕੇ ਕੱਚੇ ਮਸਾਲਿਆਂ ਲਈ ਤੇ ਆਪਣੇ ਕਾਰਖਾਨਿਆਂ ਦੀਆਂ ਮੰਡੀਆਂ ਦੀ ਰਖਵਾਲੀ ਲਈ ਜਾਂ ਨਵੀਆਂ ਹੋਰ ਮੰਡੀਆਂ ਪ੍ਰਾਪਤ ਕਰਨ ਲਈ ਸਰਮਾਏਦਾਰ ਮੁਲਕ ਵੀ ਆਪੋ ਵਿਚ ਲੜ ਪੈਂਦੇ ਹਨ। ਜਾਂ ਜੋ ਕੋਈ ਇਕ ਨਵਾਂ ਮੁਲਕ ਸਰਮਾਏਦਾਰੀ ਤੇ ਸ਼ਹਿਨਸ਼ਾਹੀ ਤਾਣਾ ਫੈਲਾਉਣ ਵਿਚ ਵਧਣਾ ਸ਼ੁਰੂ ਹੋ ਜਾਵੇ ਤਾਂ ਉਸ ਨੂੰ ਰੋਕਣ ਲਈ ਵੀ ਜੰਗ ਹੋ ਜਾਂਦੇ ਹਨ। ਏਹ ਵੀ ਸਰਮਾਏਦਾਰੀ ਤੇ ਸ਼ਹਿਨਸ਼ਾਹੀ ਜੰਗ ਹੁੰਦੇ ਹਨ। ਭਾਵੇਂ ਕਈ ਵੇਰ ਬੜੇ ਬੜੇ ਐਲਾਨ ਵੀ ਹੁੰਦੇ ਹਨ ਕਿ ਅਸੀ ਨਿਆਇ ਤੇ ਸਚਾਈ ਲਈ, ਗਰੀਬਾਂ ਤੇ ਕਮਜ਼ੋਰਾਂ ਨੂੰ ਬਚਾਉਣ ਲਈ, ਪੰਚੈਤਸ਼ਾਹੀ ਦੀ ਰਖਿਆ ਲਈ, ਧੱਕੇਸ਼ਾਹੀ ਨੂੰ ਰੋਕਣ ਲਈ, ਇਨਸਾਨੀਅਤ ਨੂੰ ਸੁਰੱਖਤ ਕਰਨ ਲਈ ਜੰਗ ਵਿਚ ਕਦੇ ਹਾਂ। ਏਹ ਐਲਾਨ ਬੜੇ ਚੰਗੇ ਹੁੰਦੇ ਹਨ ਪਰ ਇਨ੍ਹਾਂ ਦੀ ਸਚਿਆਈ ਦੀ ਪਰਖ ਲਈ ਕਸੌਟੀ ਏਹ ਹੈ ਕਿ ਕੀ ਐਲਾਨ ਕਰਨ ਵਾਲੇ ਨੇ ਕਿਸੇ ਦੂਜੇ ਮੁਲਕ ਨੂੰ ਗੁਲਾਮ ਰਖਿਆ ਹੋਇਆ ਹੈ ਕਿ ਨਹੀਂ ਅਤੇ ਕੀ ਜੇ ਕੋਈ ਉਸਨੇ ਬਸਤੀ ਬਣਾਈ ਹੈ ਤਾਂ ਉਥੇ ਨਿਆਂਇ, ਸਚਾਈ, ਪੰਚੈਤਸ਼ਾਹੀ ਅਤੇ ਲੋਕ ਰਾਇ ਨਾਲ ਰਾਜ ਹੋ ਰਿਹਾ ਹੈ ਜਾਂ ਧੱਕੇਸ਼ਾਹੀ ਨਾਲ ਲੁਟ ਖਸੁਟ ਮਚੀ ਹੋਈ ਹੈ।

ਸੁ ਮਤਲਬ ਏਹ ਕਿ ਕੱਚੇ ਮਸਾਲਿਆਂ ਲਈ ਤੇਲ ਕੋਇਲੇ ਲੋਹੇ ਤੇ ਰੂੰ ਲਈ ਆਪਣੀਆਂ ਬਸਤੀਆਂ ਨੂੰ ਬਚਾਵਣ ਵਾਸਤੇ ਜਾਂ ਵਧਾਉਣ ਵਾਸਤੇ ਜਾਂ ਕਿਸੇ ਵਧ ਰਹੇ ਸਰਮਾਏਦਾਰ ਮੁਲਕ ਨੂੰ ਰੋਕਣ ਵਾਸਤੇ ਜੋ ਜੰਗ ਛਿੜਦੇ ਹਨ, ਉਹ ਸਰਮਾਏਦਾਰੀ ਤੇ ਸ਼ਹਿਨਸ਼ਾਹੀ ਜੰਗ ਹੋਂਦੇ ਹਨ।

### ੩. ਸਵੈ-ਰਖਿਆ ਜੰਗ

ਕੋਈ ਸਵਤੰਤਰ ਦੇਸ਼ ਭਾਵੇਂ ਛੋਟਾ ਭਾਵੇਂ ਵੱਡਾ ਜਦੋਂ ਕਿਸੇ ਪਾਤਸ਼ਾਹ ਜਾਂ ਸਰਮਾਏਦਾਰ ਮੁਲਕ ਦੇ ਹੱਲੇ ਨੂੰ ਰੋਕਣ ਲਈ ਮੈਦਾਨ ਵਿਚ ਨਿਤਰਦਾ ਹੈ ਤਾਂ ਏਹ ਜੰਗ ਸ੍ਵੈ ਰਖਿਆ ਲਈ ਹੁੰਦਾ ਹੈ, ਅਣਖੀ ਦੇਸ਼ ਕਿਸੇ ਦੂਜੇ ਦੇਸ਼ ਦੇ ਗੁਲਾਮ ਬਣਕੇ ਬੇਇਜ਼ਤੀ ਤੇ ਨਿਰਾਦਰੀ ਦਾ ਜੀਵਨ ਗੁਜ਼ਾਰਨ ਨਾਲੋਂ

ਮੈਦਾਨ ਵਿਚ ਬਹਾਦਰਾਂ ਤੇ ਸੂਰਬੀਰਾਂ ਦੇ ਮੌਕੇ ਮਰਨ ਨੂੰ ਵਿਸ਼ੇਸਤਾ ਦੇਂਦੇ ਹਨ।

ਸਮਝੌਤੇ ਹੇਠ ਕਿਸੇ ਹੋਰ ਦੇਸ਼ ਦੀ ਸਹੈਤਾ ਪਰਵਾਨ ਕਰਨੀ ਤੇ ਉਸ ਨੂੰ ਕੋਈ ਰਿਔਤ ਦੇਣੀ ਹੋਰ ਗਲ ਹੈ ਪਰ ਜਦੋਂ ਦੇਸ਼ ਵਾਸੀਆਂ ਦੀ ਮਰਜ਼ੀ ਵਿਰੁਧ ਕੋਈ ਦੇਸ਼ ਆਪਣੀ ਫੌਜੀ ਤਾਕਤ ਦੀ ਹੈਂਕੜ ਵਿਚ ਹੱਲਾ ਬੋਲ ਦੇਂਦਾ ਹੈ ਤਾਂ ਅਣਖੀ ਦੇਸਾਂ ਨੂੰ ਸਵੈ-ਰਖਿਆ ਲਈ ਮੈਦਾਨ ਵਿਚ ਕੁਦਨਾ ਹੀ ਪੈਂਦਾ ਹੈ। ਇਹ ਸੈ-ਰਖਿਆ ਦਾ ਜੰਗ ਇਤਹਾਸਾਂ ਨੂੰ ਚਮਕਾਣ ਵਾਲਾ ਅਤੇ ਕਮਜ਼ੋਰਾਂ ਦੇ ਦਿਲਾਂ ਵਿਚ ਸੂਰਬੀਰਤਾ ਤੇ ਬਹਾਦਰੀ ਭਰਨ ਵਾਲਾਂ ਹੋਇਆ ਕਰਦਾ ਹੈ। ਇਸ ਵੇਲੇ ਜਾਪਾਨ ਦੇ ਟਾਕਰੇ ਉਤੇ ਚੀਨ ਵਾਲੇ ਜੋ ਅਦੁਤੀ ਬਹਾਦਰੀ ਦੇ ਕਾਰਨਾਮੇ ਵਿਖਾ ਰਹੇ ਹਨ ਏਹ ਰਹਿੰਦੀ ਦੁਨੀਆਂ ਤਕ ਯਾਦ ਰਹਿਣਗੇ।

੪. ਗੱਦੀਦਾਰੀ ਦਾ ਘੋਲ

ਵਡੇ ਖੁਦਮੁਖਤਾਰ ਪਾਤਸ਼ਾਹਾਂ ਦੀਆਂ ਗੱਦੀਆਂ ਲਗ ਭਗ ਖ਼ਤਮ ਹੋ ਚੁਕੀਆਂ ਹਨ ਪਰ ਕਈ ਗੁਲਾਮ ਤੇ ਸ਼ਹਿਨਸ਼ਾਹੀ ਦੇਸ਼ਾਂ ਵਿਚ ਛੋਟੀਆਂ ਰਿਆਸਤਾਂ, ਰਾਜੇ ਮਹਾਰਾਜੇ, ਠਾਕਰ, ਨਵਾਬ, ਸਰਦਾਰ, ਜਗੀਰਦਾਰ, ਵੱਡੇ ਜ਼ਿਮੀਦਾਰ, ਸੰਤ, ਮਹੰਤ, ਪੀਰਜ਼ਾਦੇ ਆਦਿਕ ਗੱਦੀਦਾਰ ਮੌਜੂਦ ਹਨ। ਇਹ ਗੱਦੀਦਾਰੀ ਦੀ ਪ੍ਰਥਾ ਸ਼ਹਿਨਸ਼ਾਹੀ ਨਜ਼ਾਮ ਦਾ ਥੰਮ ਹੈ। ਇਸਨੂੰ ਕੈਮ ਰਖਣ ਵਿਚ ਰਹਣੀ ਇਮਪੀਰੀਲਿਸਟ ਮੁਲਕਾਂ ਦਾ ਜ਼ਰੂਰੀ ਕੰਮ ਹੈ। ਪੰਚੈਤਸ਼ਾਹੀ ਅਤੇ ਸਮਾਨਤਾਵਾਦ ਦੇ ਸਿਧਾਂਤਾਂ ਦੇ ਸਾਹਮਣੇ ਗੱਦੀਦਾਰੀ ਦੀ ਪ੍ਰਥਾ ਨੂੰ ਕੋਈ ਸਮਝਦਾਰ ਪੁਰਸ਼ ਠੀਕ ਤੇ ਲਾਭਦਾਇਕ ਸਿਧ ਕਰਨ ਦੀ ਦਲੇਰੀ ਨਹੀਂ ਕਰ ਸਕਦਾ। ਪਰ ਗੱਦੀਦਾਰੀ ਨੇ ਆਪਣੇ ਬਚਾ ਲਈ ਜਾਂ ਆਪਣੀ ਆਯੂ ਲੰਮੇਰੀ ਕਰਨ ਲਈ ਪੁਠੇ ਢੰਗ ਨਾਲ ਘੋਲ ਜਾਰੀ ਕੀਤਾ ਹੋਇਆ ਹੈ। ਆਮ ਜਨਤਾ ਬਾਹਲੇ ਭੁਲੇਖੇ ਵਿਚ ਪੈਕੇ ਇਸ ਵਿਚ ਰੁਝ ਜਾਂਦੀ ਹੈ ਅਤੇ ਆਪਣੀ ਸ਼ਕਤੀ ਨਸ਼ਟ ਕਰ ਲੈਂਦੀ ਹੈ। ਗੱਦੀਦਾਰੀ ਹੁਣ ਮਜ਼ਹਬੀ ਹੱਤਕਾਂ, ਫਿਰਕੂ ਹੱਕਾਂ, ਮਜ਼ਹਬੀ ਮਿਲਾਪ ਅਤੇ ਦੂਜੇ ਮਜ਼ਹਬਾਂ ਵਲੋਂ ਅਖੌਤੀ ਖਤਰਿਆਂ ਦੇ ਪਰਦੇ ਹੇਠਾਂ ਛਪਕੇ ਘੋਲ ਰਚਾਂਦੀ ਹੈ।

ਸਖਸ਼ੀ ਤੇ ਜਜ਼ਬਾਤੀ ਸੁਆਲ ਉਠਾਏ ਜਾਂਦੇ ਹਨ। ਹਾਈ ਕੋਰਟ ਦੀਆਂ ਜਜੀਆਂ ਤੇ ਵਜ਼ੀਰੀਆਂ ਦੇ ਸੁਆਲ, ਕਿਸੇ ਪਾਤਸ਼ਾਹ ਨੂੰ ਦੁਰਾਚਾਰੀ ਤੇ ਐਬੀ ਬਣਾਕੇ ਗਦੀਓਂ ਲਾਹੁਣ ਤੇ ਕਿਸੇ ਨੂੰ ਬਿਠਾਉਣ ਦੀਆਂ ਮੁਹਿੰਮਾਂ; ਕਿਸੇ ਨੂੰ ਧਰਮੀ ਮਹਾਂਪੁਰਸ਼ ਤੇ ਕਿਸੇ ਨੂੰ ਨਾਂਸਤਕ, ਕਾਫਰ ਤੇ ਪਤਿਤ ਬਿਠਾਣ ਦੇ ਅੰਦੋਲਨ, ਧਰਮ ਮੰਦਰਾਂ, ਧਰਮ ਗ੍ਰੰਥਾਂ ਅਤੇ ਮਜ਼ਹਬੀ ਆਗੂਆਂ ਦੀਆਂ ਹੱਤਕਾਂ ਦੀਆਂ ਹਨੇਰੀਆਂ ਖੜੀਆਂ ਕੀਤੀਆਂ ਜਾਂਦੀਆਂ ਹਨ ਅਤੇ ਆਮ ਜਨਤਾ ਨੂੰ ਆਪਣੇ ਅਸਲੀ ਦੁਖਾਂ ਦੇ ਕਾਰਨਾਂ ਅਤੇ ਆਜ਼ਾਦੀ ਦੇ ਸਹੀ ਪਰੋਗਰਾਮਾਂ ਨੂੰ ਵਿਚਾਰਨ ਅਤੇ ਗੱਦੀਦਾਰੀ ਦੀਆਂ ਖਰਾਬੀਆਂ ਸਮਝਕੇ ਇਸ ਤੋਂ ਬਚਨ ਦੇ ਸਾਧਨ ਸੋਚਣ ਵਲੋਂ ਗੁਮਰਾਹ ਕਰ ਦਿਤਾ ਜਾਂਦਾ ਹੈ ਏਹ ਗੱਦੀਦਾਰੀ—ਘੋਲ ਬਾਹਲੇ ਹਿੰਦੁਸਤਾਨ ਵਰਗੇ ਗੁਲਾਮ ਦੇਸਾਂ ਵਿਚ ਹੀ ਚਲਦੇ ਹਨ। ਇਨ੍ਹਾਂ ਵਿਚ ਹੀ ਗਦੀਆਂ ਦੇ ਬੇਗਿਣਤ ਖਜ਼ਾਨਿਆਂ ਦੀ ਸ਼ਕਤੀ ਦਾ ਬਾਹਲਾ ਹਿਸਾ ਹੋਂਦਾ ਹੈ।

੫. ਆਜ਼ਾਦੀ ਦਾ ਘੋਲ

ਗੁਲਾਮ ਦੇਸ਼ ਆਪਣੀਆਂ ਗੁਲਾਮੀ ਦੀਆਂ ਬੇੜੀਆਂ ਤੋੜਨ ਲਈ, ਪ੍ਰਦੇਸੀ ਲੁਟ ਖਸੁਟ ਅਤੇ ਧਕੇਸ਼ਾਹੀ ਤੋਂ ਛੁਟਕਾਰਾ ਪਾਕੇ ਆਜ਼ਾਦੀ ਦੀਆਂ ਖੁਲ੍ਹਾਂ ਤੇ ਮੌਜਾਂ ਮਾਨਣ ਲਈ ਜੋ ਘੋਲ ਕਰਦੇ ਹਨ ਉਸੇ ਦਾ ਨਾਂ ਅਜ਼ਾਦੀ ਦਾ ਘੋਲ ਹੈ। ਏਹ ਇਕੋ ਮਹਾਂਨ ਪਵਿਤ੍ਰ ਘੋਲ ਹੈ। ਇਸ ਨੂੰ ਹੀ ਸਚਾ

ਧਰਮ ਯੁਧ ਅਤੇ ਨਿਆਇ ਤੇ ਸਚਾਈ ਦਾ ਅੰਦੋਲਨ ਕਹਿਣਾ ਚਾਹੀਦਾ ਹੈ।

ਏਹ ਘੋਲ ਬੜੇ ਲੰਮੇ ਹੁੰਦੇ ਹਨ ਅਤੇ ਕਈ ਸ਼ਕਲਾਂ ਧਾਰਨ ਕਰਦੇ ਹਨ। ਇਨ੍ਹਾਂ ਵਿਚ ਕਈ ਵਿਘਨ ਪੈਂਦੇ ਰਹਿੰਦੇ ਹਨ। ਕਿਉਂਕਿ ਗੁਲਾਮ ਦੇਸਾਂ ਵਿਚ ਰਾਜ ਕਰਨ ਵਾਲੇ ਸਰਮਾਏਦਾਰੀ ਤੇ ਇਮਪੀਰੀਲਿਸਟ ਮੁਲਕਾਂ ਨੇ ਅਜ਼ਾਦੀ ਦ ਵਿਰੋਧੀ ਕਈ ਲਾਭ ਜਗਾਏ ਹੋਂਦੇ ਹਨ। ਆਰਥਕ, ਰਾਜਸੀ ਤੇ ਮਹਜ਼ਬੀ ਗਦੀਆਂ ਦੀ ਸਰਪਰੱਤੀ ਰਖੀ ਹੋਂਦੀ ਹੈ ਮਹਜ਼ਬੀ ਆਗੂਆਂ, ਪ੍ਰਚਾਰਕਾਂ, ਸੁਧਾਰਕਾਂ, ਲੇਖਕਾਂ ਤੇ ਪੈਸਾਂ ਨੂੰ ਜਾਤੀ ਸੁਖ ਤੇ ਲਾਭਾਂ ਦੇ ਰੰਗ ਵਿਚ ਚੰਗੀ ਤਰ੍ਹਾਂ ਰੰਗ ਕੇ ਗਦੀਦਾਰੀ ਦਾ ਮੁਥਾਜ ਬਣਾਇਆ ਹੋਂਦਾ ਹੈ ਇਸ ਵਾਸਤੇ ਅਜ਼ਾਦੀ ਦੇ ਘੋਲ ਕਈ ਵੇਰ ਜਾਰੀ ਹੋਂਦੇ, ਗਰਮ ਹੁੰਦੇ ਤੇ ਫਿਰ ਠੰਡੇ ਪੈ ਜਾਂਦੇ ਹਨ।

ਇਸ ਵੇਲੇ ਜਦ ਕਿ ਸੰਸਾਰ ਭਰ ਵਿਚ ਆਜ਼ਾਦੀ ਦੇ ਤਰਾਨੇ ਗਾਏ ਜਾ ਰਹੇ ਹਨ, ਗੁਲਾਮ ਦੇਸ਼ਾਂ ਦੇ ਵਸਨੀਕਾਂ ਦੇ ਦਿਲਾਂ ਵਿਚ ਵੀ ਆਜ਼ਾਦੀ ਦੀ ਬੜੀ ਤੜਪ ਪੈਦਾ ਹੋ ਗਈ ਹੈ। ਆਮ ਜਨਤਾ ਆਜ਼ਾਦੀ ਲਈ ਵਡੀ ਤੋਂ ਵਡੀ ਕੁਰਬਾਨੀ ਦੇਣ ਨੂੰ ਤਿਆਰ ਹੈ ਪਰ ਜਦ ਬੜੇ ਬੜੇ ਘੋਲ ਤੇ ਅੰਦੋਲਨਾ ਦੇ ਮਗਰੋਂ ਫਲ ਕੁਝ ਨਹੀਂ ਨਿਕਲਦਾ ਤਾਂ ਨਿਰਾਸਤਾ ਵੀ ਹੋ ਜਾਂਦੀ ਹੈ। ਇਸ ਵਾਸਤੇ ਜ਼ਰੂਰੀ ਹੈ ਕਿ ਆਜ਼ਾਦੀ ਦੇ ਠੀਕ ਠੀਕ ਲਖਣ, ਇਸਦੇ ਪ੍ਰਾਪਤ ਕਰਨ ਦਾ ਰਾਜਸੀ ਪ੍ਰੋਗ੍ਰਾਮ ਅਤੇ ਇਸਦੀ ਅਗਵਾਈ ਕਰਨ ਵਾਲੇ ਸਹੀ ਆਗੂਆਂ ਦੀ ਪਰਖ ਕੀਤੀ ਜਾਵੇ ਨਹੀਂ ਤਾਂ ਆਜ਼ਾਦੀ ਦੇ ਨਾਂ ਉਤੇ ਗਦੀਦਾਰੀ, ਸਰਮਾਏਦਾਰੀ ਤੇ ਸ਼ਹਿਨਸ਼ਾਹੀ ਜੰਗਾਂ ਵਿਚ ਹੀ ਜੋਸ਼, ਸ਼ਕਤੀ ਤੇ ਕੁਰਬਾਨੀ ਖਰਚ ਹੋ ਜਾਂਦੀ ਹੈ ਅਤੇ ਮਗਰੋਂ ਪਲੇ ਕੁਝ ਨਹੀਂ ਪੈਂਦਾ।

# ਕਲਗੀਧਰ ਜੀ ਦੀ ਕਾਂਗਰਸ

ਆਵੋ ਸਿੰਘ ਸੂਰਮੇ ਜੋਧੇ, ਕਾਂਗਰਸ ਇਹ ਲਗਾਈਏ।
ਬੁਧੂ ਸ਼ਾਹ ਮੁਰੀਦ ਲਿਆਇਆ, ਮੁਸਲਮਾਨ ਮਿਲਾਈਏ।
ਇਹ ਪਠਾਣ ਅਸਾਡੇ ਚੰਗੇ, ਰਲ ਮਿਲ ਮਤਾ ਪਕਾਈਏ।
ਨੰਦੂ ਲਾਲੇ ਕਿਰਪਾਲ ਉਦਾਸੀ, ਆਵੋ ਕੰਮ ਚਲਾਈਏ।
ਮਾਈ ਭਾਗੋ ਕਰੇ ਦਲੇਰੀ, ਅੰਮ੍ਰਿਤ ਧਾਰੀ ਭੈਣਾਂ।
ਦੇਸ ਅਜ਼ਾਦੀ ਖਾਤਰ ਰਲ ਮਿਲ, ਬਣੇ ਭੇਰ ਦੀ ਸੈਣਾਂ।
ਛਾਤਰ ਧਾਤ ਨ ਦਲਸੋਂ ਨਾਹੀਂ, ਚੌਬਾ ਪੌੜਾ ਬੱਲੀ।
ਸਿਦਕਵਾਲੇ ਏ ਸਿੰਘ ਸਿਆਣੇ, ਸਿਰ ਧਰ ਲੈਂਦੇ ਤੱਲੀ।
ਸੰਗਤ ਪੰਗਤ ਇਕੋ ਹੋਵੇ, ਇਕ ਬਾਟੇ ਵਿਚ ਛਕੋ।
ਏਕ ਪਿਤਾ ਏਕਸ ਕੇ ਬਾਰਕ, ਭੇਦ ਨ ਕੋਈ ਤੱਕੋ।
ਏਹ ਮੇਰੀ ਹੈ ਫੌਜ ਨਿਰਾਲੀ, ਫਤੇ ਸਦਾ ਹੀ ਪਾਵੇ।
ਜ਼ਾਲਮ ਧ੍ਰੋਹੀ ਮਾਰ ਮੁਕਾਵੇ, ਦੇਸ ਅਜ਼ਾਦ ਕਰਾਵੇ।

[ਸੰਤੋਖ ਸਿੰਘ ਗੁੰਜਿਆਲ,

ਸੰਪਾਦਕੀ ਵਿਚਾਰਾਂ—

# ਸੰਗਤ ਕਿ ਗਦੀਆਂ

ਦੁਨੀਆਂ ਛਾਲਾਂ ਮਾਰਦੀ ਉਨਤੀ ਕਰਦੀ ਜਾ ਰਹੀ ਹੈ। ਹੋਰ ਦੇਸ਼ਾਂ ਨੂੰ ਜਾਣ ਦਿਓ, ਹਿੰਦੁਸਤਾਨ ਵਿਚ ਹੀ ਵੇਖੋ। ਛਿਆਂ ਸੂਬਿਆਂ ਵਿਚ ਅਗੇ ਕਾਂਗਰਸੀ ਮਨਿਸਟਰੀਆਂ ਬਣ ਚੁਕੀਆਂ ਸਨ, ਹੁਣ ਸਤਵੇਂ ਸਰਹਦੀ ਸੂਬੇ ਵਿਚ ਵੀ ਕਾਂਗਰਸੀ ਮਨਿਸਟਰੀ ਕੈਮ ਹੋ ਗਈ ਹੈ ਤੇ ਆਸ ਕੀਤੀ ਜਾਂਦੀ ਹੈ ਕਿ ਅਠਵੇਂ ਸੂਬੇ ਆਸਾਮ ਵਿਚ ਭੀ ਬਹੁਤ ਛੇਤੀ ਤਬਦੀਲੀ ਹੋ ਜਾਏਗੀ। ਪਰ ਪੰਜਾਬ ਦਾ ਕੀ ਬਣੇਗਾ? ਕਈ ਬੜੇ ਆਸ਼ਾਵਾਦੀ ਹਨ ਤੇ ਕਹਿੰਦੇ ਹਨ, ਕੋਈ ਡਰ ਨਹੀਂ, ਕੀ ਹੋਇਆ ਐਤਕਾਂ ਯੂਨੀਅਨਿਸਟ ਪਾਰਟੀ ਜਿਤ ਗਈ ਹੈ, ਅਗਲੀ ਵਾਰੀ ਜ਼ਰੂਰ ਕਾਂਗਰਸ ਦੀ ਫਤਹ ਹੋਵੇਗੀ। ਜੇ ਹਾਲਾਤ ਨੂੰ ਚੰਗੀ ਤਰ੍ਹਾਂ ਵਿਚਾਰਿਆ ਜਾਵੇ, ਗਲਤੀਆਂ ਨੂੰ ਕਢਿਆ ਜਾਵੇ, ਸਹੀ ਸਿਧਾਤਾਂ ਅਨੁਸਾਰ ਜਨਤਾ ਦੀ ਅਗਵਾਈ ਦਾ ਪ੍ਰਬੰਧ ਹੋ ਜਾਵੇ ਤਾਂ ਕੋਈ ਮੁਸ਼ਕਲ ਤਾਂ ਨਹੀਂ ਪਰ ਪੰਜਾਬ ਜਿਨ੍ਹਾਂ ਲੀਹਾਂ ਉਤੇ ਹੁਣ ਤਕ ਚਲਦਾ ਰਿਹਾ ਹੈ ਜੇ ਇਨ੍ਹਾਂ ਉਤੇ ਹੀ ਚਲਦਾ ਰਹੇਗਾ ਤਾਂ ਮੌਜੂਦਾ ਹਾਲਤ ਵਿਚ ਤਬਦੀਲੀ ਦੀ ਕੋਈ ਆਸ ਨਹੀਂ!

ਹੁਣ ਵਿਚਾਰਨਾ ਏਹ ਹੈ ਕਿ ਨੁਕਸ ਕੀ ਹੈ? ਪੰਜਾਬ ਵਿਚ ਕਿਸ ਗਲ ਦਾ ਘਾਟਾ ਹੈ? ਪੰਜਾਬ ਇਕ ਸੂਰ ਬੀਰ ਸੂਬਾ ਹੈ। ਬਹਾਦਰੀ ਤੇ ਕੁਰਬਾਨੀ ਵਿਚ ਇਹ ਕਿਸੇ ਤੋਂ ਘਟ ਨਹੀ ਬਲਕੇ ਆਜ਼ਾਦੀ ਦੀ ਜਦੋ ਜਹਿਦ ਵਿਚ ਫਾਸੀਆਂ ਤੇ ਲਟਕਣ ਵਾਲੇ, ਗੋਲੀਆਂ ਨਾਲ ਉਡਣ ਵਾਲੇ, ਉਮਰ ਕੈਦ ਭੁਗਤਣ ਵਾਲੇ ਅਤੇ ਮਾਰ ਕੁਟਾਈਆਂ ਝਲਣ ਵਾਲੇ ਜੇਹਲਾਂ ਭਰਨ ਤੇ ਜਰਮਾਨਿਆਂ ਵਿਚ ਕੁਰਕੀਆਂ ਕਰਾਉਣ ਵਾਲੇ ਪੰਜਾਬੀ ਸਭ ਸੂਬਿਆਂ ਨਾਲੋਂ ਵਧ ਹੋਣਗੇ।

੧੯੦੭ ਵਿਚ ਪੰਜਾਬ ਨੇ ਆਜ਼ਾਦੀ ਦਾ ਝੰਡਾ ਝੁਲਾਇਆ, ਲਾਲਾ ਲਾਜਪਤ ਰਾਇ ਤੇ ਸ: ਅਜੀਤ ਸਿੰਘ ਜੀ ਜਲਾਵਤਨ ਹੋਏ ਅਤੇ ਹੋਰ ਕਈ ਕੁਰਬਾਨੀਆਂ ਹੋਈਆਂ ਤੇ ਫਿਰ ੧੯੧੪-੧੫ ਦੀ ਆਜ਼ਾਦੀ ਦੀ ਲਹਿਰ ਵਿਚ ਅਗਵਾਈ ਕਰਨ ਵਾਲੇ ਅਤੇ ਲਖਾਂ ਰੁਪਿਆਂ ਦੀਆਂ ਜੈਦਾਦਾਂ ਅਤੇ ਆਪਣੇ ਸਰਬੰਸ ਭੇਟਾ ਚੜਾਉਂਣ ਵਾਲੇ ਪੰਜਾਬੀ ਹੀ ਸਨ।

੧੯੨੧ ਦੀ ਅਜ਼ਾਦੀ ਦੀ ਲਹਿਰ ਦਾ ਆਰੰਭ ਵੀ ਜਲ੍ਹਿਆਂ ਵਾਲੇ ਬਾਗ ਦੀ ਖੂਨੀ ਵਸਾਖੀ ਤੋਂ ਹੋਂਦਾ ਹੈ; ਸ: ਭਗਤ ਸਿੰਘ ਜੀ ਦੀ ਅਗਵਾਈ ਵਿਚ ਨੌਜਵਾਨ ਭਾਰਤ ਸਭਾ ਦੀ ਲਹਿਰ, ਬਬਰ ਅਕਾਲੀ ਲਹਿਰ, ਕਿਰਤੀ ਕਿਸਾਨਾਂ ਦੀ ਅਤੇ ਸੋਸ਼ਲਿਜ਼ਮ ਦੀ ਲਹਿਰ ਦਾ ਜਨਮ ਦਾਤਾ ਵੀ ਪੰਜਾਬ ਹੀ ਹੈ ਇਥੇ ਸਾਡਾ ਕਹਿਣ ਦਾ ਮਤਲਬ ਕੇਵਲ ਇਤਨਾ ਹੀ ਹੈ ਕਿ ਪੰਜਾਬ ਸਭ ਤਰ੍ਹਾਂ ਦੀਆਂ ਗਰਮ ਨਰਮ ਤੇ ਸ਼ਾਂਤਮਈ ਲਹਿਰਾਂ ਦਾ ਕੇਂਦਰ ਬਣਿਆਂ ਰਿਹਾ ਹੈ ਤੇ ਇਸ ਵਲੋਂ ਕੁਰਬਾਨੀਆਂ ਦੀ ਕੋਈ ਕਸਰ ਨਹੀਂ ਰਹੀ। [illegible] ਕੀ ਕਾਰਨ ਹੈ ਕਿ ਹਿੰਦੁਸਤਾਨ ਦੇ [illegible] ਸੂਬਿਆਂ ਨਾਲੋਂ ਏਹ ਬਹੁਤ ਪਿਛੇ [illegible] ਗਿਆ ਹੈ? ਤੇ ਇਥੇ ਕਾਂਗਰਸ ਮਨਿਸਟਰੀ ਨਹੀਂ ਬਣ ਸਕੀ। ਏਹ ਸੁਆਲ ਹਰ [illegible] ਪੰਜਾਬੀ ਦੀ ਡੂੰਘੀ ਵਿਚਾਰ ਦਾ ਮੁਥਾਜ [illegible] ਖਾਸ ਕਰਕੇ ਵਿਦਵਾਨਾ, ਵਿਚਾਰਵਾਨਾਂ [illegible] ਸੂਬੇ ਦੀ ਅਗਵਾਈ ਕਰਨ ਵਾਲਿਆਂ [illegible] ਫਰਜ਼ ਹੈ ਕਿ ਠੰਡੇ ਦਿਮਾਗ਼ ਨਾਲ ਹਰ [illegible]

ਤੇ ਹੋਰ ਸੂਬਿਆਂ ਦੇ ਹਾਲਾਤ ਨਾਲ ਪੰਜਾਬ ਦਾ ਟਾਕਰਾ ਕਰਕੇ ਚੰਗੀ ਤਰ੍ਹਾਂ ਸੋਚਣ, ਵਿਚਾਰ ਕਰਨ ਤੇ ਇਸ ਸੁਆਲ ਦਾ ਜਵਾਬ ਲਭਣ !

ਮੇਰਾ ਇਸ ਸੁਆਲ ਦਾ ਉਤਰ ਏਹ ਹੈ ਕਿ ਪੰਜਾਬ ਨੇ ਅਜੇ 'ਸੰਗਤ' ਦੀ ਪ੍ਰਧਾਨਤਾ ਤੇ ਮਹਾਨਤਾ ਨੂੰ ਚੰਗੀ ਤਰ੍ਹਾਂ ਸਮਝਕੇ ਇਸ ਦੀ ਅਗਵਾਈ ਨੂੰ ਪ੍ਰਵਾਨ ਨਹੀਂ ਕੀਤਾ। ਏਹ ਅਜੇ "ਗਦੀਆਂ" ਦਾ ਗੁਲਾਮ ਹੈ।ਗਦੀਆਂ ਦਾ ਇਥੇ ਜ਼ੋਰ ਹੈ ਅਤੇ ਗਦੀਆਂ ਵਾਲੇ ਜਨਤਾ ਨੂੰ ਗੁਮਰਾਹੀਆਂ ਵਿਚ ਪਾਕੇ ਲੁਟ ਖਸੁਟ ਜਾਰੀ ਰਖਣ ਅਤੇ ਕਿਸੇ ਨ ਕਿਸੇ ਸ਼ਕਲ ਗਦੀਆਂ ਕੈਮ ਰਖਣ ਵਿਚ ਕਾਮਯਾਬ ਹੋ ਜਾਂਦੇ ਹਨ।

"ਸੰਗਤ" ਤੇ "ਗਦੀਆਂ" ਦੇ ਠੀਕ ਅਰਥਾਂ ਨੂੰ ਪਹਿਲਾਂ ਸਮਝਣਾ ਚਾਹੀਦਾ ਹੈ। ਇਕ ਇਕ ਸ਼ਬਦ ਦੇ ਕਈ ਅਰਥ ਹੋਂਦੇ ਹਨ। ਜਿਵੇਂ 'ਸੰਗਤ' ਦੇ ਅਰਥ ਹਨ ਕਿਸੇ ਦਾ ਸੰਗ ਕਰਨਾ,ਕਿਸੇ ਨਾਲ ਰਲ ਕੇ ਬੈਠਣਾ, ਕੁਝ ਆਦਮੀਆਂ ਦਾ ਇਕਠਿਆਂ ਰਲ ਕੇ ਬੈਠਣਾ, ਇਕ ਥਾਂ ਇਕਠਿਆਂ ਹੋਕੇ ਸ਼ਬਦ ਕੀਰਤਨ ਕਰਨਾ ਆਦਿਕ ਪਰ ਮੈਂ 'ਸੰਗਤ' ਸ਼ਬਦ ਦੇ ਇਥੇ ਏਹ ਅਰਥ ਨਹੀਂ ਲੈ ਰਿਹਾ 'ਸੰਗਤ' ਸ਼ਬਦ ਦੇ ਇਕ ਖਾਸ ਤੇ ਵਿਸ਼ੇਸ਼ ਅਰਥ ਹਨ ਜੋ ਇਸ ਵਿਚ ਗੁਰੂ ਸਾਹਿਬਾਂ ਦੇ ਸਮੇਂ ਤੋਂ ਲੈਕੇ ਸਿਖ ਮਿਸਲਾਂ ਤਕ ਭਰੇ ਜਾਂਦੇ ਰਹੇ ਹਨ। ਜਦੋਂ ਇਹ ਕਿਹਾ ਜਾਂਦਾ ਸੀ ਕਿ "ਗੁਰੂ ਵੀਹ ਵਿਸਵੇ ਤੇ 'ਸੰਗਤ' ਇਕੀ ਵਿਸਵੇ" ਤਾਂ ਇਸ ਕਥਨ ਵਿਚ ਇਕ ਖਾਸ ਸਿਧਾਂਤ ਕੰਮ ਕਰਦਾ ਸੀ ਉਹ ਸਿਧਾਂਤ ਹੈ "ਜਨਤਾ ਦੀ **ਸਹੀ ਤੇ ਪੂਰਨ ਪ੍ਰਤਿਨਿਧਤਾ ਅਤੇ ਰਹਿਨਮਾਈ**" ਸੁ ਮੈਂ "ਸੰਗਤ" ਸ਼ਬਦ ਨੂੰ ਇਨ੍ਹਾਂ ਹੀ ਅਰਥਾਂ ਵਿਚ ਇਥੇ ਲੈ ਰਿਹਾ ਹਾਂ। ਜਿਸ ਸਥਾਨ ਜਾਂ ਜਥੇ ਬੰਦੀ ਵਿਚ ਜਨਤਾ ਦੀ ਸਹੀ ਤੇ ਪੂਰਤ ਪ੍ਰਤਿਨਿਧਤਾ ਨਹੀਂ ਹੈ ਉਸਨੂੰ ਇਨ੍ਹਾਂ ਅਰਥਾਂ ਵਿਚ ਸੰਗਤ ਨਹੀਂ ਕਹਿ ਸਕਦੇ।

ਇਸੇ ਤਰ੍ਹਾਂ 'ਗਦੀਆਂ' ਦੇ ਅਰਥ ਇਥੇ ਰੂੰ ਦਾਰ ਗਦੇਲੇ ਨਹੀਂ ਹਨ। ਏਹ ਪੁਰਾਣੇ ਜ਼ਮਾਨੇ ਦੇ (Feudalism) ਜਗੀਰਦਾਰੀ ਪ੍ਰਥਾ ਦੀ ਰਹਿੰਦ ਖੂੰਦ ਹੈ। ਫਯੂਡਲਇਜ਼ਮ ਉਸ ਜ਼ਮਾਨੇ ਦੇ ਰਵਾਜ ਦਾ ਨਾਂ ਹੈ ਜਦੋਂ ਡਾਢੇ ਤੇ ਜ਼ੋਰਾਵਰ ਪੁਰਸ਼ ਇਲਾਕੇ ਮਲ ਕੇ ਬਹਿ ਜਾਂਦੇ ਸਨ ਅਤੇ ਉਨ੍ਹਾਂ ਜ਼ਮੀਨਾਂ ਨੂੰ ਫੌਜੀ ਸੇਵਾ ਜਾਂ ਕਿਸੇ ਹੋਰ ਸੇਵਾ ਬਦਲੇ, ਜਾਂ ਕਿਸੇ ਮੁਕਰਰਾ ਨਕਦੀ ਜਾਂ ਅਨਾਜ ਦੀ ਰਕਮ ਬਦਲੇ ਲੋਕਾਂ ਨੂੰ ਸੌਂਪ ਦੇਂਦੇ ਸਨ। ਇਨ੍ਹਾਂ ਜ਼ਮੀਨਾਂ ਨੂੰ ਵਰਤਨ ਵਾਲੇ ਮਾਲਕਾਂ ਦੇ ਪਕੇ ਗ਼ੁਲਾਮ ਹੋਇਆ ਕਰਦੇ ਸਨ। ਏਹ ਫਯੂਡਲਇਜ਼ਮ ਕਈ ਸ਼ਕਲਾਂ ਧਾਰਦਾ ਰਿਹਾ ਹੈ। ਰਿਆਸਤਾਂ, ਜਗੀਰ ਦਾਰੀ, ਜਿਮੀਂਦਾਰੀ, ਡੇਰੇ ਦਾਰੀ, ਮਹੰਤੀ, ਪ੍ਰੋਹਤੀ ਜਜਮਾਨੀ, ਪੀਰੀ ਮੁਰੀਦੀ ਸਖਸ਼ੀ ਲੀਡਰੀ, ਜਾਤੀ ਪਾਰਟੀਆਂ, ਜਾਤਾਂ, ਬਰਾਦਰੀਆਂ, ਇਲਾਕਿਆਂ ਤੇ ਮਜ਼ਹਬਾਂ ਦੇ ਨਾਂ ਤੇ ਪਾਰਟੀਆਂ ਸਭ ਇਸੇ ਪ੍ਰਥਾ ਦੀਆਂ ਬਦਲੀਆਂ ਹੋਈਆਂ ਸ਼ਕਲਾਂ ਹਨ ਅਸੀਂ ਇਨ੍ਹਾਂ ਨੂੰ ਹੀ ਗਦੀਆਂ ਕਹਿ ਰਹੇ ਹਾਂ।

ਸੰਗਤ ਵਿਚ ਤੇ ਗਦੀਆਂ ਵਿਚ ਵਡਾ ਫਰਕ ਏਹ ਹੈ ਕਿ "ਸੰਗਤ" ਸਾਰੇ ਦੇਸ਼ ਦੀ ਸਾਂਝੀ, ਪ੍ਰਤਿਨਿਧ ਅਤੇ ਇਕ ਹੋਂਦੀ ਹੈ। ਉਸਦਾ ਮੁਖ ਉਦੇਸ਼ ਆਮ ਜਨਤਾ ਦਾ ਲਾਭ ਹੋਂਦਾ ਹੈ। ਉਸਦਾ ਇਕੋ ਕੇਂਦਰ ਹੋਂਦਾ ਹੈ। ਸ਼ਹਿਰ ਸ਼ਹਿਰ ਵਿਚ ਉਸ ਦੀ ਇਕੋ ਇਕ ਸ਼ਾਖ ਹੋਂਦੀ ਹੈ। ਇਸ਼ ਵਿਚ ਜਨਤਾ ਦੀ ਸਹੀ ਤੇ ਪੂਰਨ ਪ੍ਰਤਿਨਿਧਤਾ ਤੇ ਰਹਿਨਮਾਈ ਹੋਂਦੀ ਹੈ।

ਗਦੀਆਂ ਇਕ ਇਕ ਸ਼ਹਿਰ ਵਿਚ ਇਕ ਇਕ ਫਿਰਕੇ ਤੇ ਮਜ਼ਹਬ ਵਿਚ ਕਈ ਕਈ ਬਣ ਜਾਂਦੀਆਂ ਹਨ। ਇਕ ਦੂਜੇ ਦੀਆਂ ਵਿਰੋਧੀ ਹੁੰਦੀਆਂ ਹਨ। ਇਨ੍ਹਾਂ ਦਾ ਮੁਖ ਉਦੇਸ਼ ਗਦੀ-ਵਾਲੇ ਦਾ ਜ਼ਾਤੀ ਲਾਭ ਹੋਂਦਾ ਹੈ।

ਗਦੀਆਂ ਵਾਲਿਆਂ ਦਾ ਪ੍ਰਚਾਰ ਜਜ਼ਬਾਤੀ ਤੇ ਵਹਿਮ ਭਰਮ ਨਾਲ ਭਰਿਆ ਹੋਇਆ ਹੁੰਦਾਹੈ। ਉਹ ਜਨਤਾ ਨੂੰ ਆਰਥਕ ਤੇ ਰਾਜਸੀ ਵਿਚਾਰਾਂ ਵਲ ਆਉਣ ਹੀ ਨਹੀਂ ਦੇਂਦੇ ਹਨ। ਸੁ ਜਿਤਨਾ ਚਿਰ ਜਨਤਾ ਅਨ-ਪੜ੍ਹ ਤੇ ਬੇ-ਸਮਝ ਰਹਿੰਦੀ ਹੈ। ਗਦੀਆਂ ਵਾਲਿਆਂ ਦੀ ਉਪਾਸ਼ਕ ਬਣੀ ਰਹਿੰਦੀ ਹੈ। ਵਹਿਮਾਂ, ਭਰਮਾਂ, ਤੇ ਮਜ਼ਹਬੀ ਹਤਕਾਂ ਨਾਲ ਗੁਮਰਾਹ ਹੋਂਦੀ ਰਹਿੰਦੀ ਹੈ ਅਤੇ ਗਦੀਆਂ ਵਾਲਿਆਂ ਦੀ ਲੁਟ-ਖਸੁਟ ਦਾ ਸ਼ਿਕਾਰ ਬਣੀ ਰਹਿੰਦੀ ਹੈ।ਗਦੀਆਂ ਵਾਲੇ ਬਹੁਤ ਹੁਸ਼ਿਆਰ ਹਨ। ਸਮੇਂ ਸਮੇਂ ਅਨੁਸਾਰ ਰੂਪ ਬਦਲ ਲੈਂਦੇ ਹਨ। ਅਤੇ ਜਨਤਾ ਨੂੰ ਗੁਮਰਾਹ ਕਰਨ ਲਈ ਜੋ ਹਥਿ-ਆਰ ਵੀ ਕੰਮ ਆ ਸਕੇ ਓਹੀ ਵਰਤ ਲੈਂਦੇ ਹਨ।

ਵੀਹਵੀਂ ਸਦੀ ਵਿਚ ਆਮ ਜਨਤਾ ਮਹੰਤੀ ਤੇ ਡੇਰੇਦਾਰੀ ਮਰਯਾਦਾ ਦੇ ਵਿਰੁਧ ਉਠ ਖਲੋਤੀ। ਪੰਚੈਤੀ ਜਥੇ ਬੰਦੀਆਂ ਦੀ ਅਰਥਾਤ 'ਸੰਗਤ'ਦੀ ਮੰਗ ਸ਼ੁਰੂ ਹੋ ਗਈ ਹੈ। ਸ਼ਖਸੀਰਾਜਾਂ ਤੇ ਮਹੰਤੀ ਧਾਰਮਕ ਪ੍ਰਬੰਧਾਂ ਵਿਚ ਤਬਦੀਲੀਆਂ ਸ਼ੁਰੂ ਹੋ ਗਈਆਂ। ਦੇਸ਼ਾਂ ਦੇਸ਼ਾਂ ਵਿਚ ਜਨਤਾ ਦੀਆਂ ਪ੍ਰਤਿਨਿਧ ਸੰਗਤਾਂ ਬਣਨ ਲਗ ਪਈਆਂ।

ਹਿੰਦੁਸਤਾਨ ਵਿਚ ਵੀ ਮੁਲਕੀ, ਆਰਥਕ ਤੇ ਮਜ਼ਹਬੀ ਸੰਗਤਾਂ ਜਥੇ-ਬੰਦ ਹੋਣ ਲਗ ਪਈਆਂ ਸਾਡੇ ਦੇਸ਼ ਵਿਚ ਮੁਲਕੀ ਤੇ ਆਰਥਕ ਪ੍ਰਤਿਨਿਧ ਤੇ ਵਡੀ ਜਥੇ-ਬੰਦੀ ਕਾਂਗ੍ਰਸ ਹੈ। ਮਜ਼ਹਬੀ ਜਥੇ-ਬੰਦੀਆਂ ਵਖੋ ਵਖ ਮਜ਼ਹਬਾਂ ਦੀਆਂ ਆਪਣੀਆਂ ਹਨ।ਹੁਣ ਸਾਰੇ ਹਿੰਦੁਸਤਾਨ ਨਾਲੋਂ ਪੰਜਾਬ ਵਿਚ ਵਡੀ ਖਰਾਬੀ ਏਹ ਹੈ ਕਿ ਇਥੇ ਗਦੀਆਂ ਵਾਲੇ ਮਜ਼ਹਬੀ ਸੰਗਤਾਂ ਦੇ ਨਾਂ ਹੇਠਾਂ ਜਨਤਾ ਨੂੰ ਗੁਮਰਾਹ ਕਰਕੇ ਮੁਲਕ ਦੀ ਵਡੀ ਤੇ ਪ੍ਰਤਿ-ਨਿਧ ਰਾਜਸੀ ਜਥੇ-ਬੰਦੀ ਦੀ ਅਗਵਾਈ ਵਿਚ ਨਹੀਂ ਚਲਣ ਦੇਂਦੇ।

ਗਦੀਆਂ ਵਾਲੇ ਦਿਮਾਗਾਂ ਨੇ ਫਿਰਕਿਆਂ,ਜ਼ਾਤਾਂ ਇਲਾਕਿਆਂ ਬ੍ਰਾਦਰੀਆਂ, ਮਜ਼ਹਬੀ ਜਥਿਆਂ, ਸਭਾਵਾਂ ਤੇ ਅੰਜੋਮੰਨਾਂ ਦਾ ਨਾਂ ਹੇਠਾਂ ਫਿਰ ਗਦੀਆਂ ਕੈਮ ਕਰ ਲਈਆਂ ਹਨ ਤੇ ਆਪੋ ਆਪਣੇ ਉਪਾਸ਼ਕਾਂ ਦੀਆਂ ਵੰਡੀਆਂ ਪਾ ਲਈਆਂ ਹਨ। ਇਥੇ ਸਾਫ "ਸੰਗਤ" ਤੇ ਗਦੀਆਂ ਦਾ ਸਿਧਾਂਤ ਸਪਸ਼ਟ ਹੋ ਰਿਹਾ ਹੈ। 'ਸੰਗਤ' ਇਕ ਹੈ। ਗਦੀਆਂ ਬਹੁਤ ਹਨ ਤੇ ਇਕ ਦੂਜੇ ਦੀਆਂ ਵਿਰੋਧੀ ਹਨ। ਸਿਖਾਂ ਵਿਚ ਵੇਖੋ, ਮੁਸਲਮਾਨਾਂ ਵਿਚ ਵੇਖੋ ਹਿੰਦੂਆਂ ਵਿਚ ਵੇਖੋ। ਉਨ੍ਹਾਂ ਵਿਚ ਕਿਤਨੀਆਂ ਸਖਸ਼ੀ ਪਾਰਟੀ ਆਂ ਹਨ, ਇਕ ਦੂਜੇ ਦੇ ਵਿਰੋਧੀ ਜਥੇ ਹਨ। ਇਕੋ ਕੰਮ ਕਰਨ ਵਾਲੇ ਕਈ ਕਈ ਵਿਰੋਧੀ ਧੜੇ ਹਨ, ਇਕ ਇਕ ਸ਼ਹਿਰ ਵਿਚ, ਇਲਾਕੇ ਵਿਚ ਫਿਰਕੇ ਵਿਚ ਕੋਈ ਗਿਣਤੀ ਹੀ ਨਹੀਂ। ਅਸਲ ਵਿਚ ਹੈਣ ਤਾਂ ਏਹ ਸਭ ਗਦੀਆਂ ਪਰ ਨਾਂ ਧਰੇ ਹੋਏ ਹਨ ਲੋਕਾਂ ਦੇ ਮਨ ਮੋਹਣੇ, ਨਵੇਂ ਜ਼ਮਾਨੇ ਅਨੁਸਾਰ, ਏਹ ਪੁਰਾਣੀ ਸ਼ਰਾਬ ਨਵੀਆਂ ਬੋਤਲਾਂ ਵਿਚ ਹੈ। ਕਿਉਂ ? ਇਹ ਗਦੀਆਂ ਦੀ ਪ੍ਰਥੱਾ ਹੈ। ਇਹ ਫਯੂਡਲਇਜ਼ਮ ਦੀ ਰਹਿੰਦ ਖੂੰਦ ਹੈ। ਅਤੇ ਇਸ ਪ੍ਰਥਾ ਵਿਚ ਇਸ ਮਰਯਾਦਾ ਵਿਚ ਅਜਿਹੀਆਂ ਵਿਰੋਧ-ਤਾਈਆਂ ਤੇ ਝਗੜੇ ਜਰੂਰੀ ਹਨ। ਹਟ ਸਕਦੇ ਹੀ ਨਹੀਂ। ਇਹ 'ਸੰਗਤ' ਦੇ ਸਿਧਾਂਤ ਦੀ ਮਰਯਾਦਾ ਨਹੀਂ ਹੈ। ਸੰਗਤ ਜਨਤਾ ਦੀ ਪ੍ਰਤਿਨਿਧ ਹੁੰਦੀ ਹੈ। 'ਸੰਗਤ' ਦੇ ਸਿਧਾਂਤ ਵਿਚ ਚੋਣ ਸਮੇਂ ਝਗੜਾ ਪੈ ਸਕਦਾ ਹੈ ਪਰ ਉਸਦੇ

ਮਗਰੋਂ ਕੇਂਦਰ ਤੋਂ ਜੋ ਅਗਵਾਈ ਹੋਵੇਗੀ ਉਹ ਸਾਰੀਆਂ ਸਬੰਧਤ ਸੰਗਤਾਂ ਵਿਚ ਮੰਨੀ ਜਾਏਗੀ।

ਸੂ ਅਸਲ ਵਿਚ ਪੰਜਾਬ ਦੀ ਖਰਾਬੀ ਦੀ ਵਜ੍ਹਾ ਏਹ ਹੈ ਕਿ ਇਥੇ ਰਿਆਸਤਾਂ ਹਨ, ਡੇਰੇ ਹਨ, ਜਾਗੀਰਦਾਰੀ ਹੈ, ਮਹੰਤੀ ਮਰਯਾਦਾ ਹੈ ਅਤੇ ਇਸ ਮ੍ਰਯਾਦਾ ਦੇ ਉਪਾਸ਼ਕ'ਸੰਗਤ' ਤੇ ਜਥੇਬੰਦੀ ਦੇ ਨਾਂ ਹੇਠਾਂ ਰਾਜਸੀ ਤੇ ਆਰਥਕ ਮਾਮਲਿਆਂ ਵਿਚ ਵੀ ਲੋਕਾਂ ਨੂੰ ਕਾਫੀ ਕੁਰਾਹੇ ਪਾਂਦੇ ਰਹਿੰਦੇ ਹਨ। ਬਲਕੇ ਮਜ਼ਹਬ ਤੇ ਧਰਮ ਦੇ ਇਤਨੇ ਭਿਆਨਕ ਝਗੜੇ ਛੇੜ ਰਖਦੇ ਹਨ ਕਿ ਜਨਤਾ ਆਰਥਕ ਤੌਰ ਤੇ ਤਬਾਹ ਹੋਰਹੀ ਹੈ ਤੇ ਗ਼ੁਲਾਮੀ ਦੀ ਚਕੀ ਵਿਚ ਦਲੀ ਜਾ ਰਹੀ ਹੈ।

ਹੁਣਲੋੜਇਸ ਗਲ ਦੀ ਹੈ ਕਿ ਆਮ ਜਨਤਾ ਹੁਸ਼ਿਆਰ ਬਣੇ। 'ਸੰਗਤ' ਤੇ 'ਗਦੀਆਂ' ਦੇ ਸਿਧਾਂਤ ਨੂੰ ਚੰਗੀ ਤਰ੍ਹਾਂ ਵਿਚਾਰੇ ਤੇ ਸਮਝੇ। ਇਥੇ ਹੀ ਬਸ ਨਹੀਂ ਬਲਕੇ ਹਰ ਇਕ ਆਗੂ ਤੇ ਵਰਕਰ ਦੇ ਗੁਣਾਂ ਔਗੁਣਾਂ ਤੇ ਸੁਭਾ ਨੂੰ ਵੇਖੇ ਪਈ ਉਹ "ਸੰਗਤੀਆ" ਹੈ ਕਿ 'ਮਹੰਤੀਆ' ਹੈ! ਅਰਥਾਤ ਉਹ 'ਸੰਗਤ' ਦੀ ਮਰਯਾਦਾ ਦਾ ਹਾਮੀ ਹੈ ਕਿ ਗਦੀ ਦਾ ਹੈ। ਆਪ ਨੂੰ ਕਈ ਲੋਕ ਐਸੇ ਨਜ਼ਰ ਅਉਣਗੇ ਜੋ ਬੜੇ ਨੇਕ ਹਨ। ਕੁਰਬਾਨੀਆਂ ਵੀ ਕਰਦੇ ਹਨ, ਜੇਹਲਾਂ ਵੀ ਭੁਗਤਦੇ ਹਨ ਤੇ ਜੁਰਮਾਨੇ ਵੀ ਭਰਦੇ ਹਨ ਪਰ ਉਨ੍ਹਾਂ ਦੇ ਦਿਮਾਗ ਸੰਗਤੀਏ ਨਹੀਂ ਬਲਕੇ ਮਹੰਤੀਏ ਹਨ। ਉਹ ਪ੍ਰਧਾਨਗੀ ਦੀ ਗਦੀ ਤੋਂ ਬਗੈਰ ਕੰਮ ਹੀ ਨਹੀਂ ਕਰ ਸਕਦੇ। ਇਕ ਥਾਂ ਤੋਂ ਪ੍ਰਧਾਨਗੀ ਗਈ ਤਾਂ ਉਨ੍ਹਾਂ ਨੇ ਵਖਰੀ ਰਚਨਾ ਰਚ ਲਈ। ਉਹ ਫਿਰਕੇ ਦਾਰੀ, ਆਰਥਕ, ਤੇ ਇਨਕਲਾਬੀ ਮਸਲਿਆਂ ਵਿਚ ਨਿਖੇੜਾ ਹੀ ਨਹੀਂ ਕਰ ਸਕਦੇ ਅਤੇ ਬਣੇ ਹੋਏ ਰਸੂਖ ਨਾਲ ਕਈ ਗਲਤ ਲਹਿਰਾਂ ਚਲਾ ਕੇ ਜਨਤਾ ਨੂੰ ਤਬਾਹ ਕਰ ਰਹੇ ਹਨ।

ਜੇ ਪੰਜਾਬ ਦੀ ਜਨਤਾ ਰਤਾ ਸਮਝਦਾਰ ਹੋ ਜਾਏ, ਉਸਦੀ ਨਜ਼ਰ ਵਿਚ ਗਦੀਆਂ ਨਾਲੋਂ ਤੇ ਸ਼ਖਸੀਅਤਾ ਨਾਲੋਂ 'ਸੰਗਤ'ਉਚੀ ਹੋ ਜਾਵੇ। ਉਹ ਰਾਜਸੀ ਤੇ ਆਰਥਕ ਮਾਮਲਿਆਂ ਵਿਚ ਕਾਂਗ੍ਰਸ ਦੀ ਮਹਾਨਤਾ ਤੇ ਪ੍ਰਧਾਨਤਾ ਨੂੰ ਸਮਝ ਲਵੇ ਤਾਂ ਕੋਈ ਅਸਚਰਜ ਨਹੀਂ ਕਿ ਕੁਝ ਵਰ੍ਹਿਆਂ ਵਿਚ ਹੀ ਪੰਜਾਬ ਦੀ ਹਾਲਤ ਵੀ ਬਦਲ ਜਾਵੇ।

ਪੰਜਾਬ ਦੀਆਂ ਰਾਜਸੀ ਤੇ ਮਜ਼ਹਬੀ ਲਹਿਰਾਂ ਦੇ ਇਤਹਾਸ ਨੂੰ ਜੇ ਆਪ ਇਸ ਕਸੌਟੀ ਤੇ ਪਰਖੋਗੇ ਤੇ ਆਪ ਨੂੰ ਕਈ ਚੰਗੇ ਚੰਗੇ ਆਗੂ ਵੀ ਗਲਤੀਆਂ ਕਰਦੇ ਨਜ਼ਰ ਆਉਣਗੇ ਪਰ ਚੂੰਕਿ ਪੰਜਾਬ ਵਿਚ ਲੋਕੀ ਗਦੀਆਂ ਤੇ ਉਪਾਸ਼ਕ ਵਧੇਰੇ ਹਨ, ਸ਼ਖਸੀਅਤਾਂ ਨੂੰ ਉਚਾ ਜਾਣਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਦਰਸਾਈ ਹੋਈ ਸੰਗਤ ਦੀ ਮਹਾਨਤਾ ਤੇ ਪ੍ਰਧਾਨਤਾ ਨੂੰ ਭੁਲ ਰਹੇ ਹਨ ਇਸ ਲਈ ਉਹ ਗੁਮਰਾਹ ਹੋਕੇ ਨੁਕਸਾਨ ਉਠਾਂਦੇ ਹਨ ਉਹ ਗਲਤੀਆਂ ਕਰਨ ਵਾਲ ਲੀਡਰਾਂ, "ਸੰਗਤ" ਨੂੰ ਛਡਕੇ ਫਿਰਕੇ ਤੇ ਪਾਰਟੀਆਂ ਵਿਚ ਪੈ ਜਾਣ ਵਾਲਿਆਂ ਦੇ ਉਪਾਸ਼ਕ ਬਣੇ ਰਹਿੰਦੇ ਹਨ। ਉਨ੍ਹਾਂ ਨੂੰ ਪੁਛਦੇ ਨਹੀਂ।

## ਦਾਜ ਰੋਕੂ ਕਾਨੂਨ

ਸਿੰਧ ਸੂਬੇ ਦੀ "ਕਾਨੂਨ ਘੜਨੀ ਸਭਾ ਵਿਚ ਇਕ ਦਿਲਚਸਪ ਕਾਨੂਨ ਪੇਸ਼ ਹੋਣ ਵਾਲਾ ਹੈ। ਇਸਦਾ ਨਾਂ ਹੈ "ਹਿੰਦੂ ਦਾਜ ਰੋਕੂ ਕਾਨੂਨ"

ਇਸ ਦਾ ਭਾਵ ਏਹ ਹੈ ਕਿ ਇਸ ਵੇਲੇ ਹਿੰਦੂਆਂ ਵਿਚ ਜੋ ਦਾਜ ਦੀ ਰਸਮ ਵਧ ਗਈ ਹੈ ਅਤੇ ਵਿਆਹ ਸ਼ਾਦੀਆਂ ਵਿਚ ਰੋਕ ਬਣ ਰਹੀ ਹੈ ਇਸਨੂੰ ਸੁਧਾਰਿਆ ਜਾਵੇ।

ਇਸ ਕਾਨੂਨ ਅਨੁਸਾਰ ਜੋ ਆਦਮੀ ਦਾਜ ਦਏਗਾ ਜਾਂ ਲਏਗਾ, ਜਾਂ ਕੁੜਮਾਈ ਵੇਲੇ ਦਾਜ ਜਾਂ ਨਕਦੀ ਲੈਣ ਦੇਣ ਦਾ ਸੌਦਾ ਕਰੇਗਾ ਇਸ ਕਾਨੂਨ ਅਨੁਸਾਰ ਮੁਜਰਮ ਗਿਣਿਆ ਜਾਵੇਗਾ।

ਹਾਂ ਇਤਨੀ ਖੁਲ੍ਹ ਦੇ ਦਿਤੀ ਹੈ ਕਿ ਆਪੋ ਆਪਣੀ ਖੁਸ਼ੀ ਨਾਲ, ਆਪਣੀ ਲੜਕੀ ਨਾਲ ਕੁਦਰਤੀ ਰਿਸ਼ਤੇ ਦੇ ਕਾਰਨ ਨਕਦੀ ਜਾਂ ਕਪੜੇ ਲਤੇ ਦੇ ਸਕਦੇ ਹਨ ਪਰ ਇਸਦੀ ਹਦ ਵਧ ਤੋਂ ਵਧ ਇਕ ਹਜ਼ਾਰ ਰੁਪਏ ਤਕ ਹੈ। ਇਸਤੋਂ ਵਧ ਬਿਲਕੁਲ ਬੰਦ। ਇਸ ਜੁਰਮ ਦੇ ਕਰਨ ਵਾਲੇ ਨੂੰ ਇਕ ਮਹੀਨੇ ਤਕ ਮਹਿਜ਼ ਕੈਦ ਅਤੇ ੧ ਹਜ਼ਾਰ ਰੁਪਏ ਤਕ ਜੁਰਮਾਨਾ ਹੋ ਸਕਦਾ ਹੈ।

ਕਾਨੂਨ ਬਹੁਤ ਚੰਗਾ ਹੈ। ਦਾਜ ਦੀ ਰਸਮ ਵਿਚ ਸੁਧਾਰ ਦੀ ਬੜੀ ਲੋੜ ਹੈ ਪਰ ਅਸਲ ਵਿਚ ਇਕ ਅਧ ਰਸਮ ਦਾ ਸੁਧਾਰ ਅਜੇਹੇ ਕਾਨੂਨਾਂ ਦੁਆਰਾ ਸਾਨੂੰ ਮੁਸ਼ਕਲ ਦਿਸਦਾ ਹੈ। ਇਸ ਵੇਲੇ ਤਾਂ ਸਾਰੀ "ਭਾਈ-ਚਾਰਕ ਬਣਤਰ" ਹੀ ਸੋਧਨ ਯੋਗ ਹੈ। ਤਾਂ ਵੀ ਅਸੀ ਇਸ 'ਦਾਜ ਰੋਕੂ ਬਿਲ' ਨੂੰ ਜੀ ਆਇਆਂ ਨੂੰ ਕਹਿੰਦੇ ਹਾਂ ਤੇ ਇਸਦੇ ਤਾਈਦ ਹਾਂ"।

## ਮਹਾਰਾਜਾ ਨਾਭਾ ਦੀ ਵੀ ਸਾਰ ਲੌ।

ਨਵੇਂ ਇੰਡੀਆ ਐਕਟ ਦੇ ਜਾਰੀ ਹੋਣ ਨਾਲ ਦੇਸ ਵਿਚ ਬੜੀਆਂ ਤਬਦੀਲੀਆਂ ਆ ਗਈਆਂ ਹਨ, ਹਿੰਦੁਸਤਾਨ ਦੇ ਸਤ ਸੂਬਿਆਂ ਵਿਚ ਰਾਜ ਪ੍ਰਬੰਧ ਦੀ ਵਾਗ ਡੋਰ ਕਾਂਗ੍ਰਸ ਦੇ ਹਥ ਆ ਗਈ ਹੈ। ਲਗ ਭਗ ਸਭ ਸੂਬਿਆਂ ਵਿਚ ਰਾਜਸੀ ਕੈਦੀ ਰਿਹਾ ਹੋ ਰਹੇ ਹਨ। ਮਾਰਸ਼ਲ ਲਾਅ ਦੇ ਕੈਦੀ ਅਤੇ ਰਾਜਸੀ ਸਾਜਸ਼ਾਂ ਦੇ ਕੈਦੀ ਵੀ ਰਿਹਾ ਕੀਤੇ ਜਾ ਰਹੇ ਹਨ। ਇਹੋ ਨਹੀਂ ਬਲਕੇ ਤਸ਼ੱਦਦ ਦੇ ਕੈਦੀ ਵੀ ਅਜ਼ਾਦ ਕੀਤੇ ਜਾ ਰਹੇ ਹਨ। ਦੇਸ਼ ਦਾ ਵਾਯੂ ਮੰਡਲ ਸ਼ਾਂਤ ਕਰਨ ਲਈ ਅਤੇ ਦੇਸ਼ ਦੀ ਰਾਜਸੀ ਅਵਸਥਾ ਬਿਹਤਰ ਬਨਾਣ ਲਈ ਇਹ ਪਾਲਸੀ ਅਤੀ ਸ਼ਲਾਘਾ ਯੋਗ ਹੈ ਪਰ ਇਸ ਮੌਕੇ ਤੇ ਸਾਨੂੰ ਏਹ ਵੇਖ ਕੇ ਬੜਾ ਹੀ ਸ਼ੋਕ ਹੋ ਰਿਹਾ ਹੈ ਕਿ ਨਾਭੇ ਦੇ ਸਾਬਕ ਜਲਾਵਤਨ ਮਹਾਰਾਜਾ ਸਾਹਿਬ ਗੁਰਚਰਨ ਸਿੰਘ ਜੀ ਦੀ ਕਿਸੇ ਨੂੰ ਯਾਦ ਹੀ ਨਹੀਂ, ਜਿਨ੍ਹਾਂ ਦੇ ਵਾਸਤੇ ਕਦੀ ਹਰ ਸਾਲ ਸਾਲਾਨਾ ਦਿਨ ਮਨਾਏ ਜਾਂਦੇ ਸਨ, ਗਦੀ ਤੇ ਬਿਠਾਣ ਲਈ ਮੋਰਚੇ ਲਾਏ ਜਾਂਦੇ ਸਨ ਅਤੇ ਸਾਰੇ ਦੇਸ਼ ਵਿਚ ਐਜੀਟੇਸ਼ਨ ਦੀ ਹਨੇਰੀ ਝੁਲਾਈ ਜਾ ਰਹੀ ਸੀ ਅਜ ਉਨ੍ਹਾਂ ਦੇ ਉਤੋਂ ਪਾਬੰਦੀਆਂ ਹਟਾਣ ਅਤੇ ਉਨ੍ਹਾਂ ਨੂੰ ਸਵਤੰਤਰਤਾ ਨਾਲ ਰਹਿਣ ਬਹਿਣ ਦੀ ਖੁਲ੍ਹ ਦਵਾਣ ਲਈ ਵੀ ਕੋਈ ਯਤਨ ਨਹੀਂ ਹੋ ਰਿਹਾ।

ਮਹਾਰਾਜਾ ਸਾਹਿਬ ਗੁਰਚਰਨ ਸਿੰਘ ਜੀ ਅਜ ਕਲ ਕੋਡਾਈ ਕੁਨਾਲ ਸੂਬਾ ਮਦਰਾਸ ਵਿਚ ਨਜ਼ਰ ਬੰਦ ਹਨ। ਸਿਹਤ ਆਪ ਦੀ ਵਿਗੜ ਰਹੀ ਹੈ ਅਤੇ ਆਪ ਇਕ ਕੈਦੀ ਦੀ ਤਰ੍ਹਾਂ ਉਥੇ ਦਿਨ ਕਟ ਰਹੇ ਹਨ। ਅਸੀਂ ਮਦਰਾਸ ਦੇ ਪ੍ਰਾਈਮ ਮਨਿਸਟਰ ਸ੍ਰੀ ਰਾਜਾ ਗੁਪਾਲ ਅਚਾਰੀਆ ਦਾ ਧਿਆਨ ਇਸ ਮਾਮਲੇ ਵਲ ਦਵਾਂਦੇ ਹੋਏ ਬੇਨਤੀ ਕਰਦੇ ਹਾਂ ਕਿ ਉਹ ਖਾਸ ਤੌਰ ਤੇ ਮਹਾਰਾਜਾ ਸਾਹਿਬ ਦੀ ਆਜ਼ਾਦੀ ਦੇ ਸੁਆਲ ਤੇ ਗੌਰ ਕਰਨ ਅਤੇ ਗੌਰਮਿੰਟ ਆਫ ਇੰਡੀਆ ਤੇ ਜ਼ੋਰ ਪਾਕੇ ਇਨ੍ਹਾਂ ਤੋਂ ਪਾਬੰਦੀਆਂ ਹਟਵਾ ਦੇਣ। ਏਹ ਮੰਗ ਕੋਈ ਬਹੁਤ ਵਡੀ ਨਹੀਂ ਹੈ ਅਤੇ ਇਸ ਸਮੇਂ [illegible] ਕਿ ਉਮਰ ਕੈਦੀ ਤੇ ਵਡੇ ਵਡੇ ਰਾਜਸੀ [illegible] ਦੇ ਕੈਦੀ ਵੀ ਰਿਹਾ ਹੋ ਰਹੇ ਹਨ ਤਾਂ ਮਹਾਰਾਜਾ ਸਾਹਿਬ ਨਾਭਾ ਨੂੰ ਇਸਤਰ੍ਹਾਂ ਨਜ਼ਰ-ਬੰਦ [illegible] ਕੈਦ ਰਖਣਾ ਸਖਤ ਬੇ-ਇਨਸਾਫੀ ਹੋਵੇਗੀ। ਸਾਨੂੰ ਭਰੋਸਾ ਹੈ ਕਿ ਮਹਾਰਾਜਾ ਸਾਹਿਬ ਨੂੰ ਆਜ਼ਾਦ ਕਰਕੇ ਲਖਾਂ ਹਿਰਦਿਆਂ ਨੂੰ [illegible] ਕੀਤਾ ਜਾਵੇਗਾ।

## ਸਿੱਖ ਪੰਥ ਦੀ

# ਆਉਣ ਵਾਲੀ ਅਗਵਾਈ

# Coming Leadership of the SiKhs.

ਕਈ ਪੁਰਾਤਨ ਭਵਿਖਤ ਪੁਰਾਣਾਂ, ਸੌ ਸਾਖੀਆਂ ਅਤੇ ਧਰਮਾਂ ਗ੍ਰੰਥਾਂ ਨੇ ਆਉਣ ਵਾਲੇ ਤਾਰਾਂ ਜਾਂ ਮਜ਼ਹਬੀ ਆਗੂਆਂ ਦੀਆਂ ਪੇਸ਼ੀਨਗੋਈਆਂ ਕੀਤੀਆਂ ਹਨ। ਇਹਨਾਂ ਵਿਚ ਨੀ ਕੁ ਸਚਾਈ ਹੈ? ਨਿਹਕਲੰਕ ਜਾਂ ਕਲਕੀ ਅਵਤਾਰ, ਇਮਾਮ ਮਹਿੰਦੀ ਜਾਂ ਮਸੀਹ ਤ੍ਰੇਦ ਆਉਣਗੇ ਕਿ ਨਹੀਂ? ਇਨ੍ਹਾਂ ਬਾਰੇ ਤਾਂ ਮੈਂ ਕੁਝ ਨਹੀਂ ਕਹਿਣਾ ਚਾਹੁੰਦਾ ਪਰ ਅਜ ਈ ਇਕ ਪੇਸ਼ੀਨਗੋਈ ਕਰਨ ਦੀ ਦਲੇਰੀ ਕਰਨ ਲਗਾ ਹਾਂ। ਇਹ ਪੇਸ਼ੀਨਗੋਈ ਕਿਸੇ ਤਯਾਮਤਾ ਦੇ ਬਲ ਦੀ ਨਹੀਂ ਹੈ ਬਲਕਿ ਇਹ ਤਾਂ ਸੰਸਾਰ ਦੇ ਆਰਥਕ ਤੇ ਰਾਜਸੀ ਸਾਣ ਦੇ ਇਤਿਹਾਸ ਦੇ ਵਿਚਾਰ ਦੇ ਆਧਾਰ ਉਤੇ ਹੈ। ਅਤੇ ਇਹ ਕੋਈ ਨਵੀਂ ਗਲ ਨਹੀਂ। ਹੋਰ ਦੇਸਾਂ ਵਿਚ ਆਰਥਕ ਸਾਧਨਾ ਤੇ ਪਰਬੰਧਾਂ ਵਿਚ ਅਦਲਾ-ਬਦਲੀਆਂ ਨਾਲ ਜੋ ਕੁਝ ਵਰਤ ਰਿਹਾ ਹੈ ਓਹੀ ਇਥੇ ਹੋਂਦਾ ਦਿਸ ਰਿਹਾ ਹੈ। ਇਸ ਨੂੰ ਕੇਵਲ ਜਨਤਾ ਪ੍ਰਤੀ ਪਰਗਟ ਕਰਨਾ ਹੈ ਤੇ ਰਤਾ ਖੋਲ੍ਹਕੇ ਦਸਨਾ ਹੈ। ਇਸ ਤੋਂ ਵਧ ਇਹ ਕਰਾਮਾਤੀ ਪੇਸ਼ੀਨਗੋਈ ਨਹੀਂ ਹੈ।

ਸਦੀਆਂ ਤੋਂ ਜੋ ਸੰਸਾਰ ਦੇ ਵਖ ਵਖ ਦੇਸਾਂ ਵਿਚ, ਕਬੀਲਿਆਂ, ਘਰਾਣਿਆਂ, ਕਿਆਂ ਅਤੇ ਮਜ਼ਹਬਾਂ ਵਿਚ ਰਾਜਸੀ ਤੇ ਆਰਥਕ ਅੰਦੋਲਨ ਚਲ ਰਹੇ ਹਨ ਉਹਨਾਂ ਲੋਕਾਂ ਦੀ 'ਅਗਵਾਈ' (Leader ship) ਵਿਚ ਵੀ ਤਬਦੀਲੀਆਂ ਹੋਂਦੀਆਂ ਰਹੀਅ

( ਸਫ਼ਾ ੨੯ ਦੀ ਬਾਕੀ )

ਦਰ ਤਾਂ ਪਾਣੀਓਂ ਪਾਣੀ ਹੁੰਦਾ ਜਾ ਰਿਹਾ ਤੇ ਧਰਤੀ ਪਾਸੋਂ ਲੁਕਣ ਦੀ ਕੇਵਲ ਮੰਗ ਰਿਹਾ ਸੀ। ਜਲਸਾ ਵੀ ਖ਼ਤਮ ਹੋ ਗਿਆ। ਦਿਆਰਥੀ, ਵਿਦਿਆਰਥਣਾਂ ਤੇ ਲੋਕੀ ਘਰ ਤੁਰ ਗਏ, ਪਰ ਸੁਰਿੰਦਰ ਦੀਆਂ ਾਂ ਵਿਚੋਂ ਅਥਰੂ ਵਗ ਰਹੇ ਸਨ। ਉਹ ਹੀ ਖਲੋਤਾ ਕਿਸੇ ਡੂੰਘੀ ਸੋਚ ਵਿਚ ਰਿਹਾ ਸੀ। ਹਨੇਰਾ ਪੈ ਗਿਆ। ਉਹ ਵੀ ਪਿਆ ਕਿਧਰ ਨੂੰ? ਉਸ ਨੂੰ ਵੀ ਪਤਾ ਨਹੀਂ। ਅੱਧੀ-ਕੁ ਰਾਤ ਵੇਲੇ ਪਦਮਾਂ ਦੀ ਕੰਨੀ ਏਹੁ ਅਵਾਜ਼ਾਂ ਪੈ ਰਹੀਆਂ ਸਨ—"ਭੈਣ ਪਦਮਾਂ ਮੈਨੂੰ ਮਾਫ਼ ਕਰ ਦੇ। ਭੈਣ ਮੈਥੋਂ ਭੁੱਲ ਹੋਗਈ।" ਪਦਮਾਂ ਵੀ ਤ੍ਰੱਬਕ ਉਠੀ। ਸੋਚਦੀ, ਕੀ ਮੈਂ ਸੁਪਨਾ ਵੇਖ ਰਹੀ ਹਾਂ? ਅਤੇ ਉਸ ਦੇ ਮੂੰਹੋਂ ਆਪ ਮੁਹਾਰੀ ਏਨੀ ਅਵਾਜ਼ ਨਿਕਲ ਗਈ—

'ਭੈਣਾਂ ਦੇ ਦਿਲ ਵਿਚ ਭਰਾਵਾਂ ਉਤੇ ਗੁੱਸੇ ਦੀ ਕੋਈ ਥਾਂ ਨਹੀਂ ਹੁੰਦੀ।'

---

ਹਨ। ਇਹ ਗਲ ਆਮ ਜਨਤਾ ਦੇ ਜਾਣਨ ਲਈ ਬੜੀ ਜ਼ਰੂਰੀ ਹੈ ਕਿ ਇਹ 'ਅਗਵਾਈਅ ਕਿਸ ਤਰ੍ਹਾਂ ਬਦਲਦੀਆਂ ਰਹੀਆਂ ਹਨ ਅਤੇ ਜਨਤਾ ਦੀ ਅਸਲ ਭਲਾ ਮੰਗਣ ਵਾ 'ਅਗਵਾਈ' ਕੇਹੜੀ ਹੈ ? ਅਤੇ ਉਹ ਕਦੋਂ ਪਰਗਟ ਹੋਵੇਗੀ ?

ਇਹ ਵੀਹਵੀਂ ਸਦੀ ਬੜੀ ਇਨਕਲਾਬੀ ਸਦੀ ਹੈ । ਇਸ ਦੇ ਬੀਤ ਚੁਕੇ ਚਾ ਵਰ੍ਹਿਆਂ ਵਿਚ ਹਨੇਰ ਦੇ ਇਨਕਲਾਬ ਹੋ ਚੁਕੇ ਹਨ । ਸਾਇੰਸ ਦੀਆਂ ਚਮਤਕਾਰੀ ਕਾ ਨੇ ਦੁਨੀਆਂ ਨੂੰ ਹੈਰਾਨ ਕਰ ਦਿਤਾ ਹੈ ਅਤੇ ਉਨ੍ਹਾਂ ਕਾਢਾਂ ਦੇ ਨਾਲ ਹੀ ਦੁਨੀਆਂ ਦੇ ਸਮਾਜ ਆਰਥਕ, ਵਪਾਰਕ, ਧਾਰਮਕ ਤੇ ਰਾਜਸਕ ਪਰਬੰਧਾਂ ਵਿਚ ਹੇਠਲੀ ਉਤੇ ਹੋ ਰਹੀ ਹੈ ਰਾਜ ਬਦਲ ਰਹੇ ਹਨ, ਤਖਤ ਉਲਟ ਰਹੇ ਹਨ, ਗਦੀਆਂ ਤੇ ਗਦੇਲੇ ਹੇਠਾਂ ਪਟਕੇ ਜਾ ਰ ਹਨ ਅਤੇ ਪੈਰਾਂ ਹੇਠਾਂ ਲਤਾੜੇ ਜਾਣ ਵਾਲੇ ਗਰੀਬ ਤੇ ਮੇਹਨਤੀ ਲੋਕ ਹੁਕਮਾਂ ਦੇ ਮਾਲਕ ਬ ਰਹੇ ਹਨ। ਕੌਣ ਕਹਿ ਸਕਦਾ ਹੈ ਕਿ ਵੀਹਵੀਂ ਸਦੀ ਦੇ ਅਗਲੇ ੬੦ ਵਰ੍ਹਿਆਂ ਦੀ ਪਟਾ ਵਿਚ ਕੀ ਕੁਝ ਲੁਕਿਆ ਪਿਆ ਹੈ ਤੇ ਕੀ ਹੋਵੇਗਾ ਤੇ ਕੀ ਕੁਝ ਨਹੀਂ ਹੋਵੇਗਾ ? ਪਰ ਇ ਗਲ ਯਕੀਨੀ ਦਿਸ ਰਹੀ ਹੈ ਕਿ ਵਖ ਵਖ ਦੇਸਾਂ ਵਿਚ ਮਜ਼ਹਬਾਂ ਤੇ ਫਿਰਕਿਆਂ ਦੀ ਮੌਜੂਦਾ ਸ਼ਕਲ ਦੀਆਂ ਗਦੀਦਾਰੀ ਤੇ ਸਰਮਾਏਦਾਰੀ ਅਗਵਾਈਆਂ ਕਿਸੇ ਸ਼ਕਲ ਵਿ ਵੀ ਨਹੀਂ ਰਹਿਣੀਆਂ ਇਨ੍ਹਾਂ ਦੀ ਥਾਂ ਜਨਤਾ ਵਿਚੋਂ ਪੈਦਾ ਹੋਈ 'ਅਗਵਾਈ' ਉਠੇਗੀ ਅ ਉਸ ਦਾ ਆਸ਼ਾ ਆਮ ਮਿਹਨਤੀ ਤੇ ਕੰਮ ਕਰਨ ਵਾਲੀ ਜਨਤਾ ਦੀ ਭਲਾਈ ਅਤੇ ਸੁ ਹੋਵੇਗਾ। ਮੌਜੂਦਾ ਨਾ-ਬਰਾਬਰੀ ਦੇ ਸਮਾਜ ਨੂੰ ਕਾਇਮ ਰਖਣ ਵਾਲੀ ਅਤੇ ਇਸ ਨੂੰ ਅਸੀ ਦੇਣ ਤੇ ਇਸ ਦੇ ਲਈ ਅਰਦਾਸੇ ਕਰਨ ਵਾਲੀ ਲੀਡਰ-ਸ਼ਿਪ ਨਹੀਂ ਰਹੇਗੀ । ਹਰਗਿ ਨਹੀਂ ਰਹੇਗੀ ! ਇਸ ਗਲ ਮੈਂ ਪੂਰੇ ਪੂਰੇ ਵਿਸ਼ਵਾਸ਼ ਨਾਲ ਕਹਿਣ ਨੂੰ ਤਿਆਰ ਹਾਂ। ਜੇਹੜ ਲੀਡਰ-ਸ਼ਿਪ (ਅਗਵਾਈ) ਅਮੀਰ ਤੇ ਗਰੀਬ, ਸਰਮਾਏਦਾਰ ਤੇ ਮਜ਼ੂਰ, ਜ਼ਿਮੀਂਦਾਰ ਕਿਸਾਨ, ਰਾਜਾ ਤੇ ਪਰਜਾ ਦੀ ਅਨਿਆਂਈ ਵੰਡ ਨੂੰ ਜਾਇਜ਼ ਕਹਿੰਦੀ ਹੈ, ਇਸ ਨੂੰ ਪਕਿ ਰਖਣ ਦੇ ਅਰਦਾਸੇ ਕਰਦੀ ਹੈ ਉਹ ਹੋਰ ਕਿਤਨਾ ਚਿਰ ਕਾਇਮ ਰਹੇਗੀ ? ਇ ਦਾ ਅੰਤ ਮੈਨੂੰ ਬਹੁਤ ਨੇੜੇ ਦਿਸ ਰਿਹਾ ਹੈ।

ਸਾਡਾ ਨਜ਼ੀਕੀ ਸਬੰਧ ਸਿਖ ਜਨਤਾ ਨਾਲ ਹੈ। ਸਾਡੀ ਇਹ ਆਵਾਜ਼ ਵੀ ਪਹਿ ਸਿਖ ਜਨਤਾ ਦੇ ਕੰਨੀ ਪਹੁੰਚੇਗੀ ਇਸ ਵਾਸਤੇ ਸਿਖਾਂ ਦੇ ਸੌ ਕੁ ਸਾਲਾਂ ਦੇ ਇਤਿਹਾਸ ਵਿ 'ਅਗਵਾਈ' ਦੀਆਂ ਅਦਲਾ ਬਦਲੀਆਂ ਨੂੰ ਅਸੀਂ ਛੋਤੀ ਸਮਝਾਂਗੇ। ਉਂਝ ਲਗ ਪਗ ਇ ਦੇ ਮੁਤਾਬਕ ਹੀ ਹੋਰਨਾਂ ਦੇਸਾਂ ਤੇ ਮਜ਼ਹਬਾਂ ਵਿਚ ਵੀ ਲੀਡਰ-ਸ਼ਿਪ ਵਿਚ ਤਬਦੀ ਹੁੰਦੀ ਆਈ ਹੈ।

### ੧. ਗੁਰੂ ਸਾਹਿਬ ਦਾ ਸਮਾਂ—

ਸੰ: ੧੪੬੯ ਈ: ਤੋਂ ੧੭੦੮ ਈ: ਤਕ ਲਗ ਪਗ ਢਾਈ ਸੌ ਸਾਲ ਦਾ ਸਮਾਂ ਗੁਰੂ ਸਾਹਿ ਦਾ ਸਮਾਂ ਸੀ। ਗੁਰੂ ਸਾਹਿਬਾਂ ਦੇ ਉਪਦੇਸ਼, ਬਾਣੀ ਤੇ ਉਨ੍ਹਾਂ ਦੇ ਜੀਵਨ ਪੜ੍ਹਨ ਤੋਂ ਇ ਇਹ ਸਪੱਸ਼ਟ ਪਤਾ ਲਗਦਾ ਹੈ ਕਿ ਆਪ ਉਸ ਸਮੇਂ ਦੇ ਰਾਜਸਕ, ਆਰਥਕ ਤੇ ਸਮਾਜ

ਪਰਬੰਧ ਦੇ ਸਖਤ ਵਿਰੋਧੀ ਸਨ। ਆਪ ਵੇਖਦੇ ਸਨ ਕਿ ਮਜ਼ਹਬ ਤੇ ਧਰਮ ਦੀ ਬੁਕਲ ਹੇਠਾਂ ਅਨਿਆਈ ਤੇ ਕਸਾਈ ਰਾਜਿਆਂ ਨੇ ਕਿਸ ਤਰ੍ਹਾਂ ਕਾਤੀਆਂ ਲੁਕੋਈਆਂ ਹੋਈਆਂ ਹਨ ਅਤੇ ਕਿਸਤਰ੍ਹਾਂ ਮਿਹਨਤੀ ਤੇ ਗ਼ਰੀਬ ਜਨਤਾ ਦੀ ਕਮਾਈ ਦੀ ਅੰਨ੍ਹੀ ਲੁਟ ਮਚੀ ਹੋਈ ਹੈ। ਆਪ ਨੇ ਲੁਟ-ਖਸੁਟ ਤੇ ਠੱਗੀ ਨਾਲ ਦੂਜਿਆਂ ਦੀ ਕਮਾਈ ਕੱਠੀ ਕਰਨ ਵਾਲਿਆਂ ਬਾਰੇ ਇਸ ਤਰ੍ਹਾਂ ਕਿਹਾ :—

"ਮਾਇਆ ਧਾਰੀ ਅਤਿ ਅੰਨਾ ਬੋਲਾ,
ਸਬਦ ਨ ਸੁਣਈ ਬਹੁ ਰੋਲ ਘਚੋਲਾ॥"

ਅਤੇ ਫਿਰ ਇਹ ਵੀ ਐਲਾਨ ਕੀਤਾ ਕਿ ਭਰਪੂਰ ਖਜ਼ਾਨਿਆਂ ਦੀ ਇਹ ਮਾਇਆ:—

"ਪਾਪਾਂ ਬਾਝਹੁ ਹੋਵੇ ਨਾਹੀ ਮੋਇਆਂ ਸਾਥ ਨਾ ਜਾਈ॥"

ਇਸ ਵਾਸਤੇ ਆਪ ਨੇ ਭਾਗੋ ਤੇ ਸੱਜਣ ਠੱਗ ਵਰਗਿਆਂ ਮਾਇਆਧਾਰੀਆਂ ਤੇ ਗਦੀਦਾਰਾਂ ਦੀ ਨਿਡਰ ਹੋ ਕੇ ਵਿਰੋਧਤਾ ਕੀਤੀ ਤੇ ਸਿਖਿਆ ਦਿਤੀ ਕਿ:—

"ਕਿਰਤ ਵਿਰਤ ਕਰ ਧਰਮ ਕੀ ਖਟ ਖਵਾਲਣ ਕਾਰ ਕਰੇਈ॥"

ਅਤੇ—"ਹਕ ਬਿਗਾਨਾ ਨਾਨਕਾ, ਉਸ ਸੂਅਰ ਉਸ ਗਾਇ,
ਗੁਰ ਪੀਰ ਹਾਮਾ ਤਾ ਭਰੇ ਜਾ ਮੁਰਦਾਰ ਨਾ ਖਾਇ"

ਜਿਨ੍ਹਾਂ ਨੇ ਇਹ ਸਿਖਿਆ ਮੰਨੀ ਤੇ ਇਸ ਤੇ ਅਮਲ ਕੀਤਾ ਉਨ੍ਹਾਂ ਨੂੰ ਆਪ ਨੇ 'ਸਿਖ' ਕਿਹਾ ਤੇ ਇਸ ਤਰ੍ਹਾਂ 'ਧਰਮ ਕਿਰਤ' ਕਰਨ ਵਾਲਿਆਂ ਅਤੇ ਇਕ ਵਾਹਿਗੁਰੂ ਨੂੰ ਪਿਤਾ ਮੰਨਕੇ ਆਪੋ ਵਿਚ ਭਰਾਤਾ ਵਰਗੇ ਪਿਆਰ ਸਮਾਨਤਾ ਤੇ ਏਕਤਾ ਨਾਲ ਰਹਿਣ ਵਾਲਿਆਂ ਦਾ ਨਾਂ 'ਸਿਖ ਪੰਥ' ਪਿਆ।

ਉਸ ਵੇਲੇ ਜਨਤਾ ਦੀ ਅਗਵਾਈ ਰਾਜ-ਗੱਦੀਆਂ ਤੇ ਜਾਗੀਰਦਾਰੀਆਂ ਦੇ ਹੱਥ ਵਿਚ ਸੀ। ਉਨ੍ਹਾਂ ਦੀ ਖਾਹਸ਼ ਦੇ ਮੁਤਾਬਕ ਹੀ ਮਜ਼ਹਬ ਤੇ ਧਰਮ ਦੀਆਂ ਗੱਦੀਆਂ ਵਾਲੇ ਸੰਤ, ਮਹੰਤ, ਪੀਰ ਤੇ ਗੁਰੂ ਪੁਸਤਕਾਂ ਲਿਖਦੇ,ਉਪਦੇਸ਼ ਦੇਂਦੇ ਅਤੇ ਫਤਵੇ ਤੇ ਹੁਕਮਨਾਮੇ ਕਢਦੇ ਸਨ ਜਨਤਾ ਜੁਗਾਂ ਜੁਗਾਂਤਰਾਂ ਦੀ ਰਾਜਸੀ, ਆਰਥਕ ਤੇ ਮਜ਼ਹਬੀ ਗੁਲਾਮੀ ਵਿਚ ਨੂੜੀ ਹੋਈ ਅਨਪੜ੍ਹਤਾ ਤੇ ਬੇਸਮਝੀ ਦੇ ਅੰਨ੍ਹੇ ਖਾਤੇ ਵਿਚ ਪਈ ਹੋਈ ਸੀ। ਇਹ ਲੋਕ ਜਿਸ ਤਰ੍ਹਾਂ ਚਾਹੁੰਦੇ ਇਸ ਨੂੰ ਚਲਾਂਦੇ ਅਤੇ ਇਸ ਦੀ ਗਾੜ੍ਹੀ ਕਮਾਈ ਦੀ ਲੁਟ ਖਸੁਟ ਉਤੇ ਮੌਜਾਂ ਮਾਣਦੇ। ਗੁਰੂ ਸਾਹਿਬਾਂ ਨੇ ਇਸ ਬੁਨਿਆਦੀ ਪਰਬੰਧ ਵਿਚ ਤਬਦੀਲੀ ਦੀ ਨੀਂਹ ਰੱਖੀ 'ਸੰਗਤ' ਨੂੰ ਇਕੀ ਵਿਸਵੇ ਕਿਹਾ। 'ਬਾਣੀ' ਤੇ 'ਗਿਆਨ' ਨੂੰ ਗੁਰੂ ਕਿਹਾ ਅਤੇ ਜਨਤਾ ਨੂੰ ਸਮਾਨਤਾ ਤੇ ਬਰਾਬਰੀ ਦੇ ਉਪਦੇਸ਼ ਦੇ ਕੇ, ਆਪਣੇ ਪੈਰਾਂ ਤੇ ਖੜਾ ਕਰਕੇ ਗਦੀਦਾਰੀ ਦੇ ਜੂਏ ਤੋਂ ਛੁਟਕਾਰਾ ਦਵਾਣ ਦਾ ਯਤਨ ਕੀਤਾ।

ਗੁਰੂ ਸਾਹਿਬਾਂ ਦੇ ਇਸ ਢਾਈ ਸੌ ਸਾਲ ਦੇ ਸਮੇਂ ਵਿਚ ਪੰਜਾਬ ਵਿਚ ਇਕ 'ਧਾਰਮਕ ਪੰਚੈਤ ਸ਼ਾਹੀ' ਦੀ ਨੀਂਹ ਧਰੀ ਗਈ ਜਿਸ ਦਾ ਰਾਜ ਗੱਦੀਆ ਤੇ ਮਹੰਤੀਆਂ ਨਾਲ ਜ਼ਬਰਦਸਤ ਘੋਲ ਆਰੰਭ ਹੋ ਗਿਆ ਤੇ ਜੁਧ ਜੰਗ ਸ਼ੁਰੂ ਹੋ ਗਏ। ਅਜਿਹਾ ਹੋਣਾ ਕੁਦਰਤੀ ਸੀ। ਗਦੀਦਾਰੀ ਨੇ ਆਪਣੀ ਹਸਤੀ ਨੂੰ ਬਚਾਣ ਲਈ ਸਾਰਾ ਟਿਲ ਲਾਣਾ ਸੀ।

## ੨. ਧਾਰਮਕ ਪੰਚੈਤ-ਸ਼ਾਹੀ ਤੇ ਗਦੀਦਾਰੀ ਦਾ ਘੋਲ—

ਸੰ: ੧੭੦੮ ਤੋਂ ਲੈ ਕੇ ੧੭੯੯ ਤਕ ਦਾ ਲਗ ਪਗ ਸੌ ਸਾਲ ਦਾ ਸਮਾਂ ਸਿਖ ਪੰਥ ਦੀ ਧਾਰਮਕ ਪੰਚੈਤ-ਸ਼ਾਹੀ ਤੇ ਰਾਜ ਗੱਦੀਆਂ ਤੇ ਮਹੰਤੀਆਂ ਤੇ ਭਿਆਨਕ ਘੋਲ ਦਾ ਸਮਾਂ ਹੈ। ਇਸਲਾਮ ਅਤੇ ਹਿੰਦੂ ਧਰਮ ਦੀਆਂ ਮਜ਼ਹਬੀ ਗੱਦੀਆਂ ਅਤੇ ਰਾਜ ਗੱਦੀਆਂ ਨੇ ਪੂਰਨ ਏਕਤਾ ਨਾਲ ਜੁਟ ਬਣਾ ਕੇ ਸਿਖ ਪੰਥ ਦੀ ਧਾਰਮਕ ਪੰਚੈਤ-ਸ਼ਾਹੀ ਨੂੰ ਕੁਚਲਣ ਲਈ ਟਿੱਲ ਲਾਇਆ ਇਹੋ ਹੀ ਸਮਾਂ ਸਿਖ ਪੰਥ ਦੀਆਂ ਸ਼ਾਨਦਾਰ ਸ਼ਹੀਦੀਆਂ ਤੇ ਕੁਰਬਾਨੀਆਂ ਦਾ ਸਮਾ ਸੀ। ਬੰਦਾ ਬਹਾਦਰ, ਖਾਲਸਾ ਦਲਾਂ ਅਤੇ ਮਿਸਲਾਂ ਨੇ ਸਮੇਂ ਸਮੇਂ ਸਿਰ ਅਗਵਾਈ ਦਾ ਬੋਝ ਸਾਂਭਿਆ ਅਤੇ ਘੋਲ ਘਮਸਾਣ ਕੀਤੇ। ਇਸ ਘੋਲ ਨੂੰ ਭਾਵੇਂ ਕੋਈ ਮੁਗਲਾਂ, ਮੁਸਲਮਾਨਾਂ ਜਾਂ ਇਸਲਾਮ ਦੇ ਵਿਰੁਧ ਪ੍ਰਗਟ ਕਰੇ ਭਾਵੇਂ ਹਿੰਦੂ ਰਾਜਿਆਂ ਤੇ ਹਿੰਦੂ ਧਰਮ ਦੇ ਵਿਰੁਧ ਪਰ ਮੈਨੂੰ ਤਾਂ ਇਸ ਵਿਚ ਸਾਫ ਦਿਸ ਰਿਹਾ ਹੈ ਕਿ ਗੁਰੂ ਸਾਹਿਬਾਂ ਦੇ ਸਮਾਨਤਾ, ਬਰਾਬਰੀ ਤੇ ਪੰਚੈਤਸ਼ਾਹੀ ਦੇ ਉਪਦੇਸ਼ਾਂ ਨਾਲ ਰੰਗੀ ਹੋਈ ਜਨਤਾ ਗਦੀਦਾਰੀ ਤੋਂ ਛੁਟਕਾਰਾ ਪਾਣ ਲਈ ਜੀਵਨ ਤੇ ਮੌਤ ਦਾ ਘੋਲ ਕਰ ਰਹੀ ਸੀ। ਗਦੀਦਾਰ-ਲੇਖਕਾਂ ਤੇ ਉਪਦੇਸ਼ਾਂ ਦਾ ਇਸ ਨੂੰ ਆਪਣੇ ਰੰਗ ਵਿਚ ਪਰਗਟ ਕਰਨਾ ਉਨ੍ਹਾਂ ਦੇ ਆਪਣੇ ਲਾਭਾਂ ਦਾ ਸੁਆਲ ਹੈ। ਅਤੇ ਅਸਲੀਅਤ ਦੇ ਉਲਟ ਹੈ।

## ੩. ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ—

੧੭੯੯ ਤੋਂ ੧੮੩੯ ਤਕ ਮਹਾਰਾਜਾ ਰਣਜੀਤ ਸਿੰਘ ਦਾ ਸਮਾਂ ਹੈ। ਇਸ [illegible] ਪਿਛਲੇ ਸੌ ਸਾਲ ਦੇ ਪੰਚੈਤ-ਸ਼ਾਹੀ ਦੇ ਘੋਲ ਨੂੰ ਕਝ ਸਮੇਂ ਲਈ ਖਤਮ ਕਰ [illegible] ਧਰਮ ਤੇ ਸਿੱਖ ਮਜ਼ਹਬ ਦੀ ਓਟ ਲੈ ਕੇ ਸਿੱਖ-ਸਖਸ਼ੀ ਰਾਜ ਅਸਥਾਪਨ ਕਰ ਲਿਆ [illegible] ਪੰਜਾਬ ਦੀਆਂ ਸਰਹੱਦਾਂ ਦੀਆਂ ਦਿੱਲੀ, ਕਾਬਲ ਤੇ ਸਿੰਧ ਦੀਆਂ ਰਾਜ-ਗੱਦੀਆਂ ਨੂੰ ਇਹ [illegible] ਪਸੰਦ ਨਹੀਂ ਸੀ ਪਰ ਪੰਚੈਤ-ਸ਼ਾਹੀ ਦਾ ਇਨਕਲਾਬੀ ਹੜ੍ਹ ਉਨ੍ਹਾਂ ਲਈ [illegible] ਵੀ ਵਧ ਭਿਆਨਕ ਖਤਰਾ ਸੀ ਇਸ ਵਾਸਤੇ ਇਸ ਨੂੰ ਬਰਦਾਸ਼ਤ ਕਰਨਾ ਪਿਆ। [illegible] ਸਮੇਂ ਵਿਚ ਸਿਖ ਪੰਥ ਦੀ ਅਗਵਾਈ ਜਨਤਾ ਵਿਚੋਂ ਪੈਦਾ ਹੋਈਆਂ ਮਿਸਲਾਂ [illegible] ਨਿਕਲ ਕੇ ਫਿਰ ਰਾਜ-ਗੱਦੀ ਦੇ ਹਥ ਵਿਚ ਆ ਗਈ। ਮਹਾਰਾਜਾ ਰਣਜੀਤ ਸਿੰਘ [illegible] ਨਿਹਾਇਤ ਸਿਆਣਪ ਤੇ ਨੀਤੀ ਨਾਲ ਸੌ ਸਾਲ ਦੇ ਲੰਮੇ ਘੋਲ-ਘਮਸਾਣ [illegible] ਸਿੱਖ ਜਨਤਾ ਦੇ ਆਗੂਆਂ ਨੂੰ ਜਾਗੀਰਾਂ ਤੇ ਅਹੁਦੇ ਦੇ ਕੇ ਖੁਸ਼ ਕਰ ਲਿਆ [illegible] ਅਤੇ ਧਰਮ ਅਸਥਾਨਾਂ ਦੇ ਮੁਖੀਆਂ ਨੂੰ ਵੀ ਖੁਲ੍ਹੀਆਂ ਜਾਗੀਰਾਂ ਤੇ ਚੜ੍ਹਾਵੇ [illegible] ਆਪਣਾ ਅਨੁਸਾਰੀ ਬਣਾ ਲਿਆ। ਪਰ ਜਦ ਤੀਕਣ ਗੱਦੀ-ਦਾਰੀ ਤੇ [illegible] ਨਹੀਂ ਹੁੰਦੀ ਘੋਲ-ਘਮਸਾਨ ਕਿਵੇਂ ਮੁਕ ਸਕਦੇ ਹਨ? ਮਹਾਰਾਜਾ ਰਣਜੀਤ [illegible] ਹੋਰ ਰਾਜ-ਗੱਦੀਆਂ ਅਤੇ ਗੱਦੀਦਾਰੀ ਦੇ ਲਾਭਾਂ ਦੀਆਂ ਟੱਕਰਾਂ ਜਾਰੀ [illegible] ਅੰਦਰ ਹੀ ਅੱਗ ਧੁਖਦੀ ਰਹੀ। ਹਿੰਦੁਸਤਾਨ ਦੇ ਪੂਰਬ ਵਲੋਂ ਬਰਤਾਨਵੀ [illegible] ਦੀ ਸਰਮਾਏਦਾਰੀ ਵੀ ਮਾਰੋ ਮਾਰ ਕਰਦੀ ਵਧਦੀ ਆ ਰਹੀ ਸੀ ਅਤੇ [illegible]

ਸਮੇਟਦੀ ਜਾ ਰਹੀ ਸੀ। ਇਸ ਖਤਰੇ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਵੀ ਸਮਝ ਲਿਆ ਸੀ ਪਰ ਉਹ ਇਸਦਾ ਕੋਈ ਇਲਾਜ ਨਾ ਕਰ ਸਕਿਆ। ਅਤੇ ਪਹਿਲੋਂ ਹੀ ਕੂਚ ਬੋਲ ਗਿਆ।

## ੪. ਬਰਤਾਨਵੀ ਸਰਮਾਏ-ਦਾਰੀ—

੧੮੩੯ ਈ: ਵਿਚ ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਮੀਟਦਿਆਂ ਹੀ ਸਿੱਖ ਦਰਬਾਰ ਵਿਚ ਗੜਬੜ ਮਚ ਗਈ। ਹੁਣ ਸਿੱਖ ਜਨਤਾ ਦੀ ਕੋਈ ਕੇਂਦਰੀ ਤਾਕਤਵਰ ਅਗਵਾਈ ਨਾ ਰਹੀ। ਆਪੋ-ਧਾਪੀ ਮਚ ਗਈ। ਕਾਰਨਾਂ ਉਪਰ ਇਸ ਸਮੇਂ ਵਿਚਾਰ ਕਰਨ ਦੀ ਲੋੜ ਨਹੀਂ। ਇਸ ਵਿਚ ਇਕ ਤਾਂ ਲਾਹੌਰ ਦਰਬਾਰ ਵਿਚ ਗੱਦੀ-ਦਾਰੀ ਦੇ ਲਾਭਾਂ ਲਈ ਵਖ ਵੱਖ ਟੋਲਿਆਂ ਦੀ ਭੜਕੀ ਹੋਈ ਅਗ ਸੀ। ਦੂਜੇ ਪੂਰਬੀ ਸਰਹੱਦ ਪੁਰ ਬਰਤਾਨਵੀ ਸ਼ਹਿਨਸ਼ਾਹੀ ਤੇ ਸਰਮਾਏਦਾਰੀ ਦੀ ਧੂਣੀ ਬਲ ਰਹੀ ਸੀ, ਜਿਸਦਾ ਸੇਕ ਲਾਹੌਰ ਦਰਬਾਰ ਤੁਕ ਪੁਜਾ, ਅਤੇ ਤੀਜੇ ਸਿੱਖ ਫੌਜਾਂ ਦੇ ਦਿਲਾਂ ਵਿਚ ਪੰਚੈਤ-ਸ਼ਾਹੀ ਦੇ ਜਜ਼ਬੇ ਉਬਲ ਰਹੇ ਸਨ। ਇਥੇ ਬਰਤਾਨਵੀ ਗੱਦੀ-ਦਾਰੀ ਦੀ ਕੂਟ ਨੀਤੀ ਨੇ ਫਤੇ ਪਾਈ ਤੇ ਲਗ ਪਗ ਦਸਾਂ ਵਰ੍ਹਿਆਂ ਵਿਚ ਹੀ ਪੰਜਾਬ ਦਾ ਰਾਜ-ਭਾਗ ਆਪਣੇ ਕਬਜ਼ੇ ਵਿਚ ਕਰਨ ਦੇ ਨਾਲ ਹੀ ਸਿੱਖ-ਪੰਥ ਦੀ ਅਗਵਾਈ ਨੂੰ ਵੀ ਸੰਭਾਲ ਲਿਆ।

ਇਸ ਵੇਲੇ ਪ੍ਰਬੰਧ ਏਹ ਕੀਤਾ ਗਿਆ ਕਿ ਮਜ਼ਹਬੀ ਆਗੂ, ਧਰਮ ਅਸਥਾਨਾਂ ਦੇ ਮਹੰਤ ਤੇ ਪੁਜਾਰੀ ਅਤੇ ਉਹ ਜਗੀਰਦਾਰ ਤੇ ਸਰਦਾਰ ਜਿਨ੍ਹਾਂ ਨੇ ਪੰਜਾਬ ਦਾ ਰਾਜ ਬਰਤਾਨੀਆਂ ਦੇ ਹੱਥ ਵਿਚ ਦੇਣ ਲਈ ਮਹਾਨ ਸੇਵਾ ਕੀਤੀ ਸੀ, ਅੰਗ੍ਰੇਜ਼ ਹਾਕਮਾਂ ਦੀ ਸਲਾਹ ਤੇ ਅਗਵਾਈ ਨਾਲ ਸਿਖ ਜਨਤਾ ਦੀ ਅਗਵਾਈ ਨੂੰ ਸਾਂਭਣ ਅਤੇ ਬਰਾਬਰੀ, ਸਮਾਨਤਾ, ਏਕਤਾ ਅਤੇ ਪੰਚੈਤ-ਸ਼ਾਹੀ ਦੇ ਨਸ਼ਿਆਂ ਦੀ ਪ੍ਰੇਮੀ ਬਣੀ ਹੋਈ ਸਿਖ ਜਨਤਾ ਵਿਚ ਜਗੀਰਦਾਰੀ, ਮਹੰਤੀ ਅਤੇ ਨਾ-ਬਰਾਬਰੀ ਦੀ ਵੰਡ ਨਾਲ ਗੁਮਰਾਹੀਆਂ ਪੈਦਾ ਕਰਨ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਹੀ ਸਿਖ ਜਨਤਾ ਵਿਚ ਮਹੰਤੀ ਗੱਦੀਆਂ ਤੇ ਸਰਦਾਰੀਆਂ ਤੋਂ ਜਗੀਰ ਦਾਰੀਆਂ ਦੀ ਪਾਲਨਾ ਹੋ ਰਹੀ ਸੀ ਇਸ ਹਥਿਆਰ ਤੋਂ ਬਰਤਾਨਵੀ ਸਰਮਾਏਦਾਰੀ ਨੇ ਫਾਇਦਾ ਉਠਾਣਾ ਆਰੰਭ ਦਿੱਤਾ। ਡਿਪਟੀ ਕਮਿਸ਼ਨਰ ਜਾਂ ਕਮਿਸ਼ਨਰ ਦੇ ਸਲਾਹ ਮਸ਼ਵਰੇ ਨਾਲ ਹੀ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਚਲਦਾ ਸੀ ਤੇ ਹੋਰ ਵੀ ਧਰਮ ਅਸਥਾਨਾਂ ਦਾ ਇਸੇ ਤਰ੍ਹਾਂ ਨਾਲ ਕੰਮ ਚਲਦਾ ਸੀ ਤੇ ਹੁਕਮਨਾਮੇ ਜਾਰੀ ਹੁੰਦੇ ਸਨ।

ਸਿੱਖਾਂ ਦਾ ਰਾਜ ਜਾਣ ਤੋਂ ਲੈ ਕੇ ਹੁਣ ਤਕ ਸਿੱਖ ਪੰਥ ਦੇ ਲਹਾਉ ਚੜ੍ਹਾਉ ਨੂੰ ਵਾਚਦਿਆਂ ਪਤਾ ਲੱਗਦਾ ਹੈ ਕਿ ਅਜੇ ਤਕ ਗੁਰੂ ਸਾਹਿਬਾਂ ਦੇ ਸਿਧਾਂਤਾਂ ਅਨੁਸਾਰ ਮਿਸ਼ਨ ਨੂੰ ਪੂਰਾ ਕਰਨ ਵਾਲੀ ਅਤੇ ਸਿੱਖ ਜਨਤਾ ਦੇ ਲਾਭਾਂ ਦੀ ਰੱਖਿਆ ਕਰਨ ਵਾਲੀ ਸਹੀ 'ਅਗਵਾਈ' (ਲੀਡਰ-ਸ਼ਿਪ) ਨਹੀਂ ਬਣ ਸਕੀ ਅਤੇ ਨਾ ਹੀ ਬਰਤਾਨਵੀ ਤੇ ਸਿੱਖ ਗੱਦੀਦਾਰਾਂ ਨੇ ਏਹ ਬਣਨ ਦਿੱਤੀ ਹੈ। ਏਹ ਘੋਲ ਅਜੇ ਚੱਲ ਰਿਹਾ ਹੈ। ਅਤੇ ਹੁਣ ਤਾਂ ਬਹੁਤ ਤੇਜ਼ ਹੋ ਰਿਹਾ ਹੈ। 'ਅਗਵਾਈ' ਦੀਆਂ ਸ਼ਕਲਾਂ ਸਮੇਂ ਸਮੇਂ ਸਿਰ ਬਦਲਦੀਆਂ ਰਹੀਆਂ ਹਨ। ਰੂਪ ਤੇ ਵੇਸ ਬਦਲਦੇ ਰਹੇ ਹਨ ਪਰ ਰੂਹ ਓਹੀ ਰਹੀ ਹੈ। ਜਨਤਾ ਨੂੰ ਗੁਮਰਾਹ ਰੱਖਣ ਲਈ ਅਤੇ ਉਸਦੇ

ਜਜ਼ਬਿਆਂ ਨੂੰ ਭੜਕਾ ਕੇ ਲਾਭ ਉਠਾਣ ਤੇ ਲੁਟ-ਖਸੁਟ ਜਾਰੀ ਰੱਖਣ ਲਈ ਦੱਸ–ਵੀਹ ਸਾਲ ਬਾਹਦ ਅਗਵਾਈ ਦਾ ਰੂਪ–ਰੰਗ ਬਦਲਨਾ ਜ਼ਰੂਰੀ ਬਣ ਜਾਂਦਾ ਹੈ।

## ੫. ਧਾਰਮਕ ਗੱਦੀਆਂ ਰਾਹੀਂ ਅਗੰਵਾਈ–

ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਦੇ ਬਾਹਦ ਵੀ ਸਿੱਖ ਜਨਤਾ ਆਪਣੀ ਅਗਵਾਈ ਲਈ ਲਾਹੌਰ ਦਰਬਾਰ ਵੱਲ ਹੀ ਵੇਖਦੀ ਸੀ। ਪਰ ਦਸਾਂ ਸਾਲਾਂ ਵਿਚ ਹੀ ਲਾਹੌਰ ਦਰਬਾਰ ਦੇ ਆਗੂਆਂ ਨੇ ਫਕੜੀ ਉਡਾ ਦਿਤੀ। ੧੮੪੯ ਵਿਚ ਪੰਜਾਬ ਦਾ ਰਾਜ ਪੂਰਨ ਤੌਰ ਤੇ ਅੰਗਰੇਜ਼ਾਂ ਦੇ ਕਬਜ਼ੇ ਵਿਚ ਚਲਾ ਗਿਆ। ਸਿਖ ਪੰਥ ਤੇ ਲਾਹੌਰ ਦਰਬਾਰ ਦੇ ਨਾਂ ਉਤੇ ਮਰ ਮਿਟਣ ਵਾਲੇ ਜੁਧਾਂ ਜੰਗਾਂ ਵਿਚ ਸ਼ਹੀਦੀਆਂ ਪਾ ਗਏ ਜਾਂ ਉਜਾੜ ਕੇ ਬਰਬਾਦ ਕੀਤੇ ਗਏ ਅਤੇ ਗੱਦਾਰੀਆਂ ਤੇ ਧ੍ਰੋਹ ਕਮਾਣ ਵਾਲੇ ਸਰਦਾਰੀਆਂ ਤੇ ਜਗੀਰਦਾਰੀਆਂ ਦੀਆਂ ਗੱਦੀਆਂ ਉਤੇ ਬਿਠਾਏ ਗਏ। ਆਮ ਸਿੱਖ ਜਨਤਾ ਇਨ੍ਹਾਂ ਲੋਕਾਂ ਨੂੰ ਓਸ ਵੇਲੇ ਮੂੰਹ ਲਾਣਾ ਵੀ ਪਸੰਦ ਨਾ ਕਰਦੀ ਸੀ। ਇਨ੍ਹਾਂ ਨੂੰ ਸਿੱਖ ਰਾਜ ਨੂੰ ਤਬਾਹ ਕਰਨ ਵਾਲੇ ਗੱਦਾਰ [illegible] ਅੰਗ੍ਰੇਜ਼ਾਂ ਨੂੰ ਅਮਾਨਤ ਵਿਚ ਖਿਆਨਤ ਕਰਨ ਵਾਲੇ ਖਿਆਲ ਕਰਦੀ ਸੀ। [illegible] ਲਾਹੌਰ-ਦਰਬਾਰ ਦੀ ਅਗਵਾਈ ਤਾਂ ਖਤਮ ਹੋ ਗਈ। ਹੁਣ ਸਿੱਖ ਜਨਤਾ ਦੀ ਅਗਵਾਈ ਕੌਣ ਕਰੇ? ਧਰਮ ਅਸਥਾਨਾਂ ਤੇ ਧਾਰਮਕ ਆਗੂਆਂ ਵਿਚ ਜਨਤਾ ਦੀ ਸ਼ਰਧਾ [illegible] ਪੁਰਾਣੀ ਹੈ ਇਸ ਲਈ ਅੰਗ੍ਰੇਜ਼ ਨੀਤੀਵਾਨਾਂ ਨੇ ਸਿੱਖ ਜਨਤਾ ਦੀ ਅਗਵਾਈ ਧਾਰਮਕ ਆਗੂਆਂ ਤੇ ਤਖਤਾਂ ਦੇ ਸਪੁਰਦ ਕਰਨੀ ਮੁਨਾਸਬ ਸਮਝੀ। ਧਰਮ ਅਸਥਾਨਾਂ ਨਾਲ ਹਜ਼ਾਰਾਂ [illegible] ਦੀਆਂ ਜਗੀਰਾਂ ਤੇ ਜ਼ਮੀਨਾਂ ਸਨ ਜੋ ਗੌਰਮਿੰਟ ਦੀ ਪ੍ਰਸੰਨਤਾ ਨਾਲ ਹੀ [illegible] ਸਕਦੀਆਂ ਸਨ ਇਸ ਲਈ ਗੱਦੀਆਂ ਦੇ ਮਹੰਤ ਤੇ ਧਾਰਮਕ ਆਗੂ ਗੌਰਮਿੰਟ ਦੇ ਇਸ਼ਾਰੇ [illegible] ਚਲਣ ਲਈ ਮਜਬੂਰ ਸਨ। ਗੁਰੂ ਸਾਹਿਬਾਂ ਦੀ ਸੰਤਾਨ ਵਿਚ ਵੀ ਲੋਕਾਂ ਦੀ [illegible] ਭਗਤੀ ਸੀ ਇਸ ਲਈ ਬੇਦੀ ਸੋਢੀ ਤੇ ਭਲੇ ਬਾਵਿਆਂ ਨੂੰ ਵੀ ਉਠਾਇਆ ਗਿਆ [illegible] ਜਨਤਾ ਨੂੰ ਇਨ੍ਹਾਂ ਦੇ ਮਗਰ ਲਾਣ ਦੀ ਪ੍ਰੇਰਨਾ ਕੀਤੀ ਗਈ। ਬਾਵਿਆਂ ਵਿਚੋਂ [illegible] ਸਿੰਘ ਜੀ ਬੇਦੀ ਬੜੇ ਪ੍ਰਸਿਧ ਹੋਏ ਹਨ। ਇਹ ਬੜੇ ਕਰਾਮਾਤੀ ਤੇ ਭਜਨੀਕ [illegible] ਪੋਠੋਹਾਰ ਵਿਚ ਤੇ ਪੰਜਾਬ ਵਿਚ ਹਜ਼ਾਰਾਂ ਲੋਕ ਇਨ੍ਹਾਂ ਨੂੰ ਮੰਨਦੇ ਸਨ [illegible] ਬਣਾਏ ਗਏ ਸਨ ਅਤੇ ਸ਼ਾਹੀ ਦਰਬਾਰਾਂ ਵਿਚ ਵਲੈਤ ਤਕ ਪਹੁੰਚਦੇ [illegible] ਗੌਰਮਿੰਟ ਲਈ ਬੜੇ ਹੀ ਲਾਭਦਾਇਕ ਸਾਬਤ ਹੋਏ ਹਨ। ਉਨ੍ਹਾਂ ਦੀਆਂ [illegible] ਤਕ ਉਨ੍ਹਾਂ ਦੀ ਸੰਤਾਨ ਖਾ ਰਹੀ ਹੈ। ਹਜ਼ਾਰਾਂ ਮੁਰੱਬੇ, ਦੁਖਤ੍ਯਾਲ੍ਹ [illegible] ਮੈਜਿਸਟ੍ਰੇਟੀਆਂ ਇਨ੍ਹਾਂ ਦੇ ਕਬਜ਼ੇ ਵਿਚ ਹਨ। ਸਿੱਖ ਸਭਾ ਲਹਿਰ ਤੋਂ ਪਹਿਲਾਂ [illegible] ਅਤੇ ਤਖਤਾਂ ਉਪਰ ਬਾਵਾ ਖੇਮ ਸਿੰਘ ਜੀ ਦਾ ਹੀ ਪਰਭਾਵ ਸੀ। [illegible] ਨਾਲ ਹੀ ਸਿਖ ਜਨਤਾ ਨੂੰ ਅਗੰਵਾਈ ਦਿਤੀ ਜਾਂਦੀ ਸੀ। [illegible]

ਪਰ ਇਕ ਤਾਂ ਬਾਬਾ ਰਾਮ ਸਿੰਘ ਜੀ ਦੀ ਧਾਰਮਕ ਅਗਵਾਈ ਨੇ [illegible] ਆਸ਼ੇ ਦੇ ਐਨ ਉਲਟ ਲੋਕਾਂ ਤੇ ਅਸਰ ਪਾਇਆ। ਦੂਜੇ ਵਿਦਿਆ, ਪੰਥ [illegible] ਸਮਾਜ, ਬ੍ਰਹਮੂ ਸਮਾਜ ਆਦਿਕ ਲਹਿਰਾਂ ਨੇ ਸ਼ਖ਼ਸੀ ਗੁਰੂ ਡਮ [illegible]

ਤੀਜੀ ੧੮੮੫ ਵਿਚ ਕਾਂਗਰਸ ਦੇ ਜਨਮ ਨੇ ਅੰਗਰੇਜ਼ੀ ਨੀਤੀਵਾਨਾਂ ਨੂੰ ਪਹਿਲੇ ਹੀ ਦੱਸ ਦਿਤਾ ਕਿ ਹੁਣ ਸ਼ਖਸੀ ਗੱਦੀਆਂ ਤੇ ਧਾਰਮਕ ਅਸਥਾਨਾਂ ਦੀ ਅਗਵਾਈ ਬਹੁਤਾ ਚਿਰ ਕਾਇਮ ਨਹੀਂ ਰਹੇਗੀ ਇਸ ਵਾਸਤੇ ਲੋੜ ਪਈ ਕਿ ਹੁਣ ਬਾਬਾ ਖੇਮ ਸਿੰਘ ਅਤੇ ਹੋਰ ਬਾਬਿਆਂ ਤੇ ਮਹੰਤਾਂ ਦੀ ਥਾਂ ਸਿਖਾਂ ਲਈ ਕੋਈ ਨਵੀਂ ਸ਼ਕਲ ਦੀ ਅਗਵਾਈ ਪੈਦਾ ਹੋਵੇ। ੧੮੫੦ ਈ: ਤੋਂ ੧੮੮੫ ਤਕ ਉਪ੍ਰੋਕਤ ਅਗਵਾਈ ਦਾ ਪ੍ਰੋਗਰਾਮ ਏਹ ਰਿਹਾ ਕਿ ਸਿਖ ਜਨਤਾ ਦੇ ਦਿਲਾਂ ਉਤੇ ਸਿਖ ਰਾਜ ਦੇ ਚਲੇ ਜਾਣ ਅਤੇ ਮਹਾਰਾਜਾ ਦਲੀਪ ਸਿੰਘ ਨਾਲ ਕੀਤੀ ਗਈ ਬੇਇਨਸਾਫੀ ਦੇ ਫਟਾਂ ਨੂੰ ਅੰਗਰੇਜ਼ੀ ਰਾਜ ਦੀਆਂ ਬਰਕਤਾਂ ਨੂੰ ਧਾਰਮਕ ਰੰਗ ਵਿਚ ਦੱਸ ਦਸ ਕੇ ਅਤੇ ਮਜ਼ਹਬੀ ਪੂਜਾ ਪਾਠਾਂ ਵਿਚ ਰੁਝਾ ਕੇ ਭੁਲਾਇਆ ਜਾਵੇ। ਇਨ੍ਹਾਂ ਹੀ ਦਿਨਾਂ ਵਿਚ ਗੁਰੂ ਤੇਗ ਬਹਾਦਰ ਸਾਹਿਬ ਵਲੋਂ 'ਟੋਪੀ ਵਾਲੇ ਸਿਖਾਂ' ਨੂੰ ਸਦ ਕੇ ਰਾਜ ਦੇਣ ਦੀ ਥੀਉਰੀ ਵੀ ਪਰਚੱਲਤ ਹੋਈ।

## ੬. ਸਰਦਾਰੀ ਤੇ ਜਾਗੀਰਦਾਰੀ ਦੀ ਅਗਵਾਈ–

੧੮੮੫ ਤੋਂ ਲੈਕੇ ੧੯੨੦ ਤਕ ਸਿਖ ਪੰਥ ਦੀ ਅਗਵਾਈ ਦੀ ਗਦੀ ਸਰਦਾਰੀ ਤੇ ਜਗੀਰਦਾਰੀ ਦੇ ਸਪੁਰਦ ਹੋ ਜਾਂਦੀ ਹੈ,ਵਿਦਿਆ ਦੇ ਪ੍ਰਚਾਰ ਤੇ ਆਰੀਆ ਸਮਾਜ,ਬ੍ਰਹਮੂ ਸਮਾਜ ਤੇ ਈਸਾਈ ਮਿਸ਼ਨ ਨੇ ਸਭਾ ਸੁਸਾਇਟੀਆਂ ਨੂੰ ਜਨਮ ਦਿੱਤਾ।੧੮੮੫ ਵਿਚ ਪੰਜਾਬ ਵਿਚ ਸਿੰਘ ਸਭਾਵਾਂ ਤੇ ਖਾਲਸਾ ਦੀਵਾਨ ਬਣ ਗਏ। ਸਰਦਾਰਾਂ,ਜਗੀਰਦਾਰਾਂ ਤੇ ਰਈਸਾਂ ਲਈ ਮਹੰਤਾਂ ਪਾਸੋਂ ਅਗਵਾਈ ਸਾਂਭਣ ਦਾ ਏਹ ਸੁਨਹਿਰੀ ਮੌਕਾ ਆ ਗਿਆ। ਸਿੰਘ ਸਭਾਵਾਂ ਵੱਲੋਂ ਸੰਤਾਂ, ਮਹੰਤਾਂ, ਬਾਵਿਆਂ ਦੀ ਵਿਰੋਧਤਾ ਸ਼ੁਰੂ ਹੋ ਗਈ। ਉਨ੍ਹਾਂ ਦੀ ਗੱਦੀ ਜੁ ਖੋਹਣੀ ਸੀ। ਉਨ੍ਹਾਂ ਨੂੰ ਮੱਥੇ ਟੇਕਣੇ, ਚੜ੍ਹਾਵੇ ਦੇਣ ਅਤੇ ਗਦੇਲੇ ਲਾ ਕੇ ਬੈਠਣ ਦਾ ਵਿਰੋਧ ਜਾਰੀ ਹੋ ਗਿਆ,ਹੋਰ ਵੀ ਮਜ਼ਹਬੀ ਰਸਮਾਂ ਰਵਾਜਾਂ ਦੇ ਝਗੜੇ ਸ਼ੁਰੂ ਹੋ ਗਏ। ਸਿੱਖ ਜਨਤਾ ਵਿਚ ਵਿਰੋਧਤਾ ਦੀ ਅੱਗ ਅੱਗੇ ਹੀ ਦੱਬੀ ਪਈ ਸੀ। ਅੰਗਰੇਜ਼ੀ ਰਾਜਨੀਤੀ ਦੇ ਏਹ ਗੱਲ ਅਨਕੂਲ ਸੀ। ਆਪੋ ਵਿਚ ਝਗੜੇ ਪੈਣ। ਜਿੱਤੇ ਭਾਵੇਂ ਕੌਣ। ਅਜਿਹੇ ਝਗੜੇ ਵੇਲੇ ਤੀਜੀ ਪਾਰਟੀ ਦੀ ਲੋੜ ਤੇ ਕਦਰ ਵਧ ਜਾਂਦੀ ਹੈ। ਸਿੰਘ ਸਭਾ ਲਹਿਰ ਦੇ ਆਗੂਆਂ ਨੇ ਕਾਲਜ ਤੇ ਸਕੂਲ ਖੋਲ੍ਹ ਕੇ ਰਿਆਸਤਾਂ ਅਤੇ ਗੌਰਮਿੰਟ ਦੀ ਮਦਦ ਦੀ ਲੋੜ ਵਧਾ ਦਿਤੀ ਅਤੇ ਨਵੇਂ ਪੜ੍ਹੇ ਲਿਖਿਆਂ ਨੂੰ ਨੌਕਰੀਆਂ, ਠੇਕੇ ਤੇ ਬਿਉਪਾਰ ਹਾਸਲ ਕਰਨ ਵਿਚ ਮਦਦ ਕਰ ਕੇ ਆਪਣੀ ਅਗਵਾਈ ਮਜ਼ਬੂਤ ਕਰ ਲਈ। ਅਖਬਾਰਾਂ ਨਿਕਲ ਆਈਆਂ। ਪ੍ਰਚਾਰਕ ਰੱਖੇ ਗਏ। ਸ਼ੁਰੂ ਸ਼ੁਰੂ ਵਿਚ ਧਾਰਮਕ ਅਸਥਾਨਾਂ ਦੀਆਂ ਗੱਦੀਆਂ ਨੇ ਵਿਰੋਧਤਾ ਕੀਤੀ ਪਰ ਜਦ ਸਰਕਾਰੀ ਅਫਸਰਾਂ ਤੇ ਰਾਜਿਆਂ ਨੇ ਸਿੰਘ ਸਭਾ ਦੇ ਆਗੂਆਂ ਦੀ ਸਰ-ਪ੍ਰਸਤੀ ਕੀਤੀ ਤਾਂ ਧਰਮ ਅਸਥਾਨਾਂ ਦੇ ਮਹੰਤ ਤੇ ਆਗੂ ਵੀ ਇਨ੍ਹਾਂ ਦੇ ਅਨੁਸਾਰੀ ਬਣਦੇ ਗਏ। ਓਹੀ ਤਖਤ ਜੇਹੜੇ ਸਿੰਘ ਸਭਾ ਦੇ ਆਗੂਆਂ ਦੇ ਪਹਿਲਾਂ ਅਰਦਾਸ ਨਹੀਂ ਸਨ ਕਰਦੇ ਫਿਰ ਸਰੋਪਾ ਦੇਣ ਲੱਗ ਪਏ। ਅਤੇ ਉਨ੍ਹਾਂ ਦੇ ਕਹਿਣ ਮੁਤਾਬਕ ਹੀ ਹੁਕਮ-ਨਾਮੇ ਜਾਰੀ ਕਰਨ ਲੱਗ ਪਏ। ਸਿੰਘ ਸਭਾ ਲਹਿਰ ਨੂੰ ਚਲਾਣ ਵਿਚ ਰਾਜਿਆਂ ਮਹਾਰਾਜਿਆਂ ਨੇ ਵੀ ਕਾਫੀ ਹਿੱਸਾ ਲਿਆ। ਮਹਾਰਾਜਾ ਫਰੀਦਕੋਟ ਨੇ ਤਾਂ ਕਾਫੀ

ਸਰਗਰਮੀ ਵਿਖਾਈ। ੩੦–੩੫ ਵਰ੍ਹਿਆਂ ਦੇ ਅਰਸੇ ਵਿਚ ਸਿੰਘ ਸਭਾ ਦੇ ਆਗੂ ਖੜਾਬਾਂ, ਅਹਦਿਆਂ, ਜਗੀਰਾਂ, ਠੇਕਿਆਂ ਤੇ ਹੋਰ ਲਾਭਾਂ ਨਾਲ ਮਾਲਾ ਮਾਲ ਕੀਤੇ ਗਏ। ਅਤੇ ਉਨ੍ਹਾਂ ਵਲੋਂ ਹਰ ਇਕ ਅਗਾਂਹ-ਵਧੂ ਲਹਿਰ ਦੀ ਵਿਰੋਧਤਾ ਹੁੰਦੀ ਰਹੀ।

ਕਾਂਗਰਸ ਦੀ ਆਜ਼ਾਦੀ ਤੇ ਸ੍ਵਦੇਸ਼ੀ ਦੀ ਲਹਿਰ, ੧੯੦੭ ਵਿਚ ਸਰਦਾਰ ਅਜੀਤ ਸਿੰਘ ਤੇ ਲਾਲਾ ਲਾਜਪਤ ਰਾਇ ਦੀ ਅਗਵਾਈ ਵਿਚ ਜ਼ਿਮੀਂਦਾਰਾ ਲਹਿਰ, ਗੁਰਦੁਆਰਾ ਰਕਾਬ ਗੰਜ, ੧੯੧੪–੧੫ ਵਿਚ ਕਨੇਡੀਅਨ ਅਮਰੀਕਨ ਸਿੱਖਾਂ ਦੀ ਇਨਕਲਾਬੀ ਲਹਿਰ, ਗੱਲ ਕੀ ਜੋ ਵੀ ਗਰਮ ਤੇ ਰੈਡੀਕਲ ਲਹਿਰ ਉੱਠੀ, ਸਿੱਖਾਂ ਦੀ ਇਸ 'ਸਰਦਾਰ ਅਗਵਾਈ' ਨੇ ਸਾਰੀ ਵਾਹ ਲਾ ਕੇ ਉਸਦੀ ਵਿਰੋਧਤਾ ਕੀਤੀ।

## ੭. ਫਿਰਕੂ ਅਗਵਾਈ–

ਹੁਣ ਸਰਾਂ ਸਰਦਾਰਾਂ ਦੀ ਅਗਵਾਈ ਵੀ ਬੁਢੀ ਤੇ ਪੁਰਾਣੀ ਹੋ ਗਈ। ਅਜੇਹੀਆਂ ਅਗਵਾਈਆਂ ਦੀ ਉਮਰ ੨੫–੩੦ ਸਾਲ ਤੋਂ ਵਧ ਨਹੀਂ ਹੋਂਦੀ। ਇਸ ਨੂੰ ਕਪੜੇ ਬਦਲਨੇ ਪੈਂਦੇ ਹਨ। ਗਦੀਦਾਰੀ ਤੇ ਸਰਮਾਏਦਾਰੀ ਦੀ ਸਿਆਣਪ ਤੇ ਨੀਤੀ ਇਹੋ ਹੈ ਕਿ ਇਹ ਪੁਰਾਣੇ ਕਪੜੇ ਝਟ ਲਾਹ ਕੇ ਸਮੇਂ ਦੇ ਮੁਤਾਬਕ ਨਵਾਂ ਸ਼ਿੰਗਾਰ ਕਰ ਲੈਂਦੀਆਂ ਹਨ। ਅਤੇ ਜਦ ਠੀਕਣ ਜਨਤਾ ਇਨ੍ਹਾਂ ਦੇ ਪੂਰੇ ਪੂਰੇ ਲਖਣਾਂ, ਆਸ਼ਿਆਂ ਤੇ ਕਾਰਨਾਮਿਆਂ ਨੂੰ ਠੀਕ ਤਰ੍ਹਾਂ ਸਮਝ ਲਏਗੀ ਇਸ ਨੂੰ ਕਈ ਵੇਰ ਧੋਖੇ ਖਾਣੇ ਪੈਣਗੇ।

੧੮੯੫ ਤੋਂ ੧੯੨੦ ਤਕ 'ਸਰਦਾਰ ਅਗਵਾਈ' ਨੇ ਰੱਜਕੇ ਰਾਜ ਕੀਤਾ, ਤੇ ਰੀਮ ਦੀਆਂ ਚਲਾਈਆਂ ਪਰ ਹੁਣ ਸਮਾਂ ਹੋਰ ਬਦਲ ਗਿਆ ਸੀ। ਬਰਤਾਨਵੀ ਸਰਮਾਏਦਾਰੀ ਅਤੇ ਹਿੰਦੁਸਤਾਨੀ ਜਾਗੀਰਦਾਰੀ ਦੀ ਲੁਟ ਖਸੁਟ ਨੇ ਅਤੇ ੧੯੧੪–੧੮ ਦੇ ਯੂਰਪੀ ਯੁਧ ਨੇ ਆਮ ਜਨਤਾ ਵਿਚ ਗਰੀਬੀ, ਬੇਕਾਰੀ, ਬੇ-ਰੁਜ਼ਗਾਰੀ ਹਦੋਂ ਵਧ ਵਧਾ ਦਿਤੀ ਸੀ। ਕਿਰਤੀਆਂ ਤੇ ਕਿਸਾਨਾਂ ਦੇ ਕਰਜ਼ੇ ਨਾਲ ਲੱਕ ਦੂਹਰੇ ਹੋ ਗਏ ਸਨ। ਉਹ ਹੁਣ ਸਰਕਾਰ ਬਰਤਾਨੀਆ ਦੀਆਂ ਬਰਕਤਾਂ ਦੇ ਸੋਹਲੇ ਗਾਣ ਤੋਂ ਅੱਕ ਤੇ ਥੱਕ ਗਏ ਸਨ। ਉਹ ਤਾਂ ਹੁਣ ਉਹਦੇ [illegible] ਸਨ ਜੋ ਉਨ੍ਹਾਂ ਦੇ ਦੁਖੜੇ ਵੀ ਰੋਏ ਅਤੇ ਗੋਰਮਿੰਟ ਨਾਲ ਟੱਕਰ ਲੈਣ ਨੂੰ ਵੀ ਤਿਆਰ [illegible]

ਪਿਛਲੇ ਯੁਗ ਦੀ ਅਗਵਾਈ ਦਾ ਮੂਲ-ਮੰਤ੍ਰ 'ਸਤਿ-ਬਚਨ' ਤੇ [illegible] ੧੯੧੯ ਦੇ ਮਾਰਸ਼ਲ ਲਾ ਨੇ ਤਾਂ ਇਸ ਨੂੰ ਬਿਲਕੁਲ ਹੀ ਖਤਮ ਕਰ ਦਿਤਾ [illegible] ਜਿਹੀ ਆ ਗਈ। ਕਾਂਗਰਸ ਦੀ ਨਾ-ਮਿਲਵਰਤਨ ਤੇ ਸਤਿਆਗ੍ਰਹਿ ਦੀ ਲਹਿਰ [illegible] ਅਕਾਲੀ ਲਹਿਰ ਵੀ ਚੱਲ ਪਈ। ਇਸ ਦੇ ਨਾਲ ਸਿੰਘ ਸਭਾ ਦੇ ਸਮੇਂ ਦੀ [illegible] ਦੀ ਸਮਾਪਤੀ ਹੋ ਗਈ ਪਰ ਅਸਲ ਜਨਤਕ ਅਗਵਾਈ ਨੂੰ ਇਕਟਾ ਲਖੀ [illegible] ਨੂੰ ਰੱਦੀ ਕੇ ਸਿਰਜਣ ਦੀ ਤਿਆਰੀ ਹੋਣ ਲੱਗ ਪਈ; ਕੌਮੀ ਆਜ਼ਾਦੀ ਦੇ [illegible] ਸਰਮਾਏਦਾਰੀ ਵਲੋਂ ਫਿਰਕੂ ਬੀਜ ਵੀ ਬੀਜ ਦਿੱਤਾ ਗਿਆ ਸੀ। [illegible] ਹੋ ਚੁਕੇ ਸਨ ਜਿਨ੍ਹਾਂ ਵਿਚ ਫਿਰਕੂ ਪਹਿਲਵਾਨ ਤਿਆਰ ਕੀਤੇ ਜਾ ਚੁਕੇ ਸਨ [illegible] ਜਿਥੇ, ਦੂਜੇ ਮਜ਼ਹਬਾਂ ਨੂੰ ਭੰਡਦੇ ਸਨ, ਅਤੇ ਮਜ਼ਹਬ ਦੇ ਨਾਂ ਉਤੇ ਨੌਜਵਾਨਾਂ [illegible]

ਹੱਕ ਮੰਗਦੇ ਸਨ ਉਥੇ ਗੌਰਮੈਂਟ ਨੂੰ ਵੀ ਗਰਮ ਗਰਮ ਸੁਣਾਂਦੇ ਸਨ। ਦੇਸ਼ ਦੀ ਆਜ਼ਾਦੀ ਦੀ ਵੀ ਹਮਾਇਤ ਕਰਦੇ ਸਨ ਅਤੇ ਗੌਰਮੈਂਟ ਨਾਲ ਟੱਕਰਾਂ ਲੈ ਕੇ ਜੇਹਲਾਂ ਵਿਚ ਵੀ ਜਾਂਦੇ ਸਨ। ਪਰ ਏਹ ਗੱਦੀਦਾਰੀ, ਜਗੀਰਦਾਰੀ ਤੇ ਸਰਮਾਏਦਾਰੀ ਦੇ ਬੁਨਿਆਦੀ ਅਸੂਲਾਂ ਦੇ ਵਿਰੋਧੀ ਨਹੀਂ ਸਨ। ਜਨਤਾ ਵਿਚ ਇਨ੍ਹਾਂ ਨੂੰ ਹਰਮਨ ਪਿਆਰਾ ਬਨਾਣ ਲਈ ਹੇਠਾਂ ਲਿਖੇ ਕਾਰਨ ਸਨ—

੧. ਪਹਿਲੀ ਲੀਡਰ-ਸ਼ਿਪ ਦੀ ਕਰੜੀ ਵਿਰੋਧਤਾ ਕਰਨੀ।

੨. ਪੁਰਾਣੇ ਦੁਖਾਂ ਤੇ ਨਾਰਾਜ਼ਗੀਆਂ ਨੂੰ ਨੰਗਾ ਕਰ ਕੇ ਰੱਖਣਾ।

੩. ਮਜ਼ਹਬੀ ਹਤਕਾਂ ਤੇ ਧਾਰਮਕ ਮਾਮਲਿਆਂ ਵਿਚ ਵਧ ਚੜ੍ਹਕੇ ਦਲੇਰੀ ਤੇ ਕੁਰਬਾਨੀ ਵਿਖਾਣੀ।

੪ ਗੌਰਮੈਂਟ ਨਾਲ ਕਦੀ ਕਦੀ ਟੱਕਰ ਲੈ ਲੈਣੀ ਤੇ ਜੇਹਲਾਂ ਵਿਚ ਜਾਣਾ।

੫. ਆਜ਼ਾਦੀ ਦੀਆਂ ਲਹਿਰਾਂ ਦੀ ਵੀ ਹਾਮੀ ਭਰਦੇ ਰਹਿਣਾ।

੧੯੨੦ ਤੋਂ ਲੈ ਕੇ ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਵਿਚ ਫ਼ਿਰਕੂ ਅਗਵਾਈ ਅਸਥਾਪਨ ਕਰਨ ਵਿਚ ਅੰਗਰੇਜ਼ੀ ਰਾਜਨੀਤੀ ਖਾਸ ਟਿੱਲ ਲਾ ਰਹੀ ਹੈ ਅਤੇ ਇਸੇ ਦਾ ਸਹਾਰਾ ਤੇ ਓਟ ਲੈ ਕੇ ਗੌਰਮੈਂਟ ਬਰਤਾਨੀਆਂ ਨੇ ਕਾਂਗਰਸ ਦੀ ਆਜ਼ਾਦੀ ਦੀ ਮੰਗ ਨੂੰ ਕਈ ਵੇਰ ਠੁਕਰਾਇਆ ਹੈ।

ਸਿੱਖਾਂ ਵਿਚ 'ਫਿਰਕੂ-ਅਗਵਾਈ' ਨੂੰ ਅਕਾਲੀ ਲਹਿਰ ਨੇ ਬੜੀ ਮਦਦ ਦਿੱਤੀ ਹੈ ਕਿਉਂਕਿ ਅਕਾਲੀ ਲਹਿਰ ਨਾਲ ਕਾਂਗਰਸ ਦੀ ਵੀ ਹਮਦਰਦੀ ਸੀ ਅਤੇ ਅਕਾਲੀ ਲਹਿਰ ਨੇ ਪੰਜ ਸਾਲ ਬੜੇ ਭਾਰੀ ਭਾਰੀ ਮੋਰਚੇ ਸਰ ਕੀਤੇ ਹਨ। ਇਸ ਲਹਿਰ ਦੇ ਕਈ ਮੁਖੀ ਆਗੂ 'ਫਿਰਕੂ-ਅਗਵਾਈ' ਦੀ ਗੱਦੀ ਤੇ ਬੈਠਣ ਵਿਚ ਖੁਸ਼ ਹੋ ਗਏ ਹਨ ਅਤੇ ਰਾਜੇ ਮਹਾਰਾਜੇ ਵੀ ਇਨ੍ਹਾਂ ਨਾਲ ਖੁਸ਼ ਹਨ।

ਸਿੱਖ ਜਨਤਾ ਇਕ ਬੜਾ ਇਨਕਲਾਬੀ ਗ੍ਰੋਹ ਹੈ। ਇਸ ਦੇ ਦਿਲ ਵਿਚ ਗੁਰੂਆਂ ਦੀ ਸਮਾਨਤਾ ਤੇ ਬਰਾਬਰੀ ਦੀ ਸਿਖਿਆ ਵਸਦੀ ਹੈ। ਏਹ ਸੁਭਾਵਕ ਹੀ ਨਾ-ਬਰਾਬਰੀ, ਗੱਦੀਦਾਰੀ ਤੇ ਜਗੀਰਦਾਰੀ ਦਾ ਵਿਰੋਧੀ ਹੈ। ਇਸ ਦੇ ਦਿਲ ਅੰਦਰ ਬਰਤਾਨੀਆਂ ਵਿਰੁਧ ਬੜੀਆਂ ਨਾਰਾਜ਼ਗੀਆਂ ਵੀ ਹਨ। ਮਹਾਰਾਜਾ ਦਲੀਪ ਸਿੰਘ ਤੇ ਮਹਾਰਾਜਾ ਨਾਭਾ ਦੇ ਸੁਆਲਾਂ ਤੋਂ ਬਿਨਾਂ ੧੯੧੪ ਤੋਂ ਲੈ ਕੇ ਕਈ ਸਿਖ ਨੌ-ਜਵਾਨਾਂ ਦੇ ਫਾਂਸੀਆਂ ਉਤੇ ਲਟਕਣ ਅਤੇ ਉਮਰ ਕੈਦਾਂ ਜੇਹਲਾਂ ਵਿਚ ਕੱਟਣ ਦੇ ਫੱਟ ਵੀ ਲੱਗੇ ਹੋਏ ਹਨ ਅਤੇ ਏਹ ਆਜ਼ਾਦੀ ਦਾ ਪ੍ਰਵਾਨਾ ਹੈ ਪਰ ਏਹ 'ਜਥੇ-ਬੰਦੀ', 'ਪੰਥ' ਤੇ ਗੁਰਦੁਆਰਿਆਂ ਦੇ ਨਾਂ ਤੇ ਵੀ ਵਿਕਦਾ ਰਿਹਾ ਹੈ। ਪਰ ਹੁਣ ਕੁਝ ਵਰ੍ਹਿਆਂ ਤੋਂ ਇਸਨੂੰ ਸਮਝ ਆ ਰਹੀ ਹੈ ਕਿ 'ਜਥੇ-ਬੰਦੀ' 'ਪੰਥ' ਤੇ 'ਧਰਮ ਅਸਥਾਨਾਂ' ਦਾ ਨਾਂ ਕਿਸ ਤਰ੍ਹਾਂ ਗੱਦੀ-ਦਾਰੀ, ਸਰਮਾਏ-ਦਾਰੀ ਤੇ ਰਾਜੇ ਮਹਾਰਾਜੇ ਵਰਤਦੇ ਰਹਿੰਦੇ ਹਨ। ਕਿਸ ਤਰ੍ਹਾਂ ਤਖਤਾਂ ਤੇ ਪੰਥ ਦੇ ਨਾਂ ਉਤੇ ਆਜ਼ਾਦੀ ਦੇ ਪ੍ਰਵਾਨਿਆਂ ਵਿਰੁਧ ਕਈ ਵੇਰ ਫਤਵੇ ਨਿਕਲਦੇ ਰਹਿੰਦੇ ਹਨ। ਇਸ ਵਾਸਤੇ ਜਦ ਤੀਕਣ ਸਭ ਤੋਂ ਪਹਿਲਾਂ ਦੇਸ਼ ਆਜ਼ਾਦ ਨਹੀਂ ਹੋ ਜਾਂਦਾ, ਰਾਜ-ਪਰਬੰਧ ਦੀ ਵਾਗ ਡੋਰ ਬਰਾਬਰੀ ਦੇ ਹਾਮੀਆਂ ਦੇ ਹੱਥ ਵਿਚ ਨਹੀਂ ਆ ਜਾਂਦੀ, ਸਰਮਾਏਦਾਰੀ ਤੇ ਗੱਦੀਦਾਰੀ ਨੂੰ ਲਗਾਮ ਲਾ ਕੇ ਇਸ ਦੀ ਅੰਨ੍ਹੀਂ ਲੁਟ ਖਸੁਟ ਬੰਦ ਨਹੀਂ ਕੀਤੀ ਜਾਂਦੀ ਤਦ ਤੀਕਣ 'ਜਥੇ-ਬੰਦੀ' 'ਗੁਰੂ ਪੰਥ' ਤੇ 'ਗੁਰਦੁਆਰਿਆਂ' ਦੇ ਨਾਂ ਕਈ ਵਾਰ ਸਿਖ ਜਨਤਾ ਦੇ ਲਾਭਾਂ ਦੇ ਵਿਰੁਧ, ਦੇਸ਼ ਦੀ ਆਜ਼ਾਦੀ ਦੇ ਵਿਰੁਧ ਅਤੇ ਕਿਰਤੀ ਕਿਰਸਾਨਾਂ ਦੇ ਵਿਰੁਧ ਵਰਤੇ ਜਾਂਦੇ ਰਹਿਣਗੇ ਤੇ ਫਤਵੇ ਨਿਕਲਦੇ ਰਹਿਣਗੇ।

## ੮. ਆਉਣ ਵਾਲੀ ਅਗਵਾਈ—

ਇਸ ਜਾਗ੍ਰਤੀ ਦੇ ਅਨੁਸਾਰ ਸਿਖ ਜਨਤਾ ਵਿਚ ਆਉਣ ਵਾਲੀ ਅਗਵਾਈ ਦੇ ਬੀਜ ਤਾਂ ੧੯੧੪ ਤੋਂ ਹੀ ਬੀਜੇ ਗਏ ਸਨ ਪਰ ਏਹ ਫੁਟੇ ਅਕਾਲੀ ਲਹਿਰ ਦੇ ਸਮੇਂ ਵਿਚ ਸਨ। ਹੁਣ ਸਿਖ ਪੰਥ ਦੀ ਆਉਣ ਵਾਲੀ ਏਹ ਅਗਵਾਈ ਤਿਆਰ ਹੋ ਰਹੀ ਹੈ। ਇਹ ਨਵੀਂ ਨਿਰੋਲ ਜਨਤਾ ਦੇ ਲਾਭਾਂ

ਦੀ ਹਾਮੀ 'ਜਨਤਕ ਅਗਵਾਈ' ਹੋਵੇਗੀ। ਇਸਦਾ ਸਿਧਾਂਤ ਪੂਰਨ ਆਰਥਕ ਤੇ ਸਮਾਜਕ ਬਰਾਬਰੀ ਹੋਵੇਗਾ ਏਹ ਗੱਦੀਦਾਰੀ ਤੇ ਸਰਮਾਏਦਾਰੀ ਦੀ ਬਿਲਕੁਲ ਵਿਰੋਧੀ ਹੋਵੇਗੀ। ਇਸਨੂੰ ਰਾਜਿਆਂ ਮਹਾਰਾਜਿਆਂ ਦੀ ਕੋਈ ਮੁਥਾਜੀ ਨਹੀਂ ਹੋਵੇਗੀ। ਇਸ ਦੀ ਮੰਗ ਏਹ ਨਹੀਂ ਹੋਵੇਗੀ ਕਿ ਸਿੱਖਾਂ ਨੂੰ ਐਨੀਆਂ ਸੀਟਾਂ ਮਿਲਣ ਜਾਂ ਐਨੀਆਂ ਨੌਕਰੀਆਂ ਮਿਲਣ। ਇਸਦੀ ਮੰਗ ਹੋਵੇਗੀ ਦੇਸ਼ ਦਾ ਕੋਈ ਆਦਮੀ ਅਨਪੜ੍ਹ ਨ ਰਹੇ, ਕੋਈ ਬੇਕਾਰ ਨਾ ਰਹੇ, ਕੋਈ ਕਿਰਸਾਨ ਜ਼ਮੀਨ ਤੋਂ ਬਿਨਾਂ ਨਾ ਹੋਵੇ। ਹਰ ਇਕ ਬੀਮਾਰ ਦਾ ਪੂਰਾ ਪੂਰਾ ਇਲਾਜ ਹੋਵੇ। ਇਸਦੀ ਮੰਗ ਸਿੱਖਾਂ, ਹਿੰਦੂਆਂ, ਮੁਸਲਮਾਨਾਂ ਸਾਰਿਆਂ ਦੇ ਸੁਖਾਂ ਤੇ ਲਾਭਾਂ ਲਈ ਹੋਵੇਗੀ। ਹਰ ਇਕ ਮਜ਼ਹਬ ਨੂੰ ਆਪਣੀਆਂ ਰਸਮਾਂ ਰਵਾਜਾਂ ਦੇ ਕਰਨ ਦੀ ਪੂਰੀ ਪੂਰੀ ਖੁਲ੍ਹ ਹੋਵੇ। ਝਟਕੇ, ਹਲਾਲ, ਸੰਖ, ਬਾਂਗ, ਜਲਸੇ ਜਲੂਸਾਂ ਤੇ ਵਾਜਿਆਂ ਦੀ ਸਭ ਨੂੰ ਇਕੋ ਅਸੂਲ ਉਪਰ ਆਜ਼ਾਦੀ ਹੋਵੇ। ਰਾਜ-ਪ੍ਰਬੰਧ ਦੀ ਵਾਗ ਡੋਰ ਆਪਣੇ ਹੱਥ ਵਿਚ ਆ ਜਾਣ ਉਤੇ ਇਨ੍ਹਾਂ ਸਾਰੇ ਖਿਆਲਾਂ ਨੂੰ ਅਮਲੀ ਜਾਮਾਂ ਪਹਿਨਾਇਆ ਜਾਵੇਗਾ। ਏਹ 'ਅਗਵਾਈ' ਤਿਆਰ ਹੋ ਰਹੀ ਹੈ। ਏਹ ਆਉਣ ਵਾਲੀ ਹੈ ਅਤੇ ਜ਼ਰੂਰ ਆਵੇਗੀ। ਭਾਵੇਂ ਇਸ ਨੂੰ ਰੋਕਣ ਲਈ ਗੱਦੀਦਾਰੀ, ਸਰਮਾਏਦਾਰੀ ਅਤੇ ਫਿਰਕੂ ਲੀਡਰੀ ਸਾਰਾ ਟਿੱਲ ਲਾਏਗੀ। ਇਸ ਦੀਆਂ ਭੰਡੀਆਂ ਹੋਣਗੀਆਂ, ਫਤਵੇ ਲੱਗਣਗੇ, ਪਰੈਸ, ਪਲੇਟ ਫਾਰਮ, ਮਹੰਤ, ਪਰਚਾਰਕ, ਧਰਮ ਅਸਥਾਨ ਸਭ ਇਕ-ਮੁਠ ਹੋ ਕੇ ਇਸ ਨੂੰ ਕੁਚਲਣ ਦਾ ਜ਼ੋਰ ਲਾਣਗੇ, ਪਰ ਇਹ ਕੋਈ ਨਵੀਂ ਗੱਲ ਨਹੀਂ। ਪਿਛੇ ਵੀ ਇਸੇ ਤਰ੍ਹਾਂ ਹੁੰਦਾ ਆਇਆ ਹੈ, ਮੈਂ ਵੇਖ ਰਿਹਾ ਹਾਂ ਕਿ ਸਿਖ ਜਨਤਾ ਕਰੜੀ ਵਿਰੋਧਤਾ ਦੇ ਬਾ-ਵਜੂਦ ਨਿਸ਼ੰਗ ਹੋ ਕੇ ਆਜ਼ਾਦੀ ਦੇ ਘੋਲਾਂ ਵਿਚ ਜੁਟ ਰਹੀ ਹੈ। ਕਿਰਤੀ ਤੇ ਕਿਰਸਾਨ ਲਹਿਰਾਂ ਵਿਚ ਛਾਲਾਂ ਮਾਰਦੀ ਵਧਦੀ ਜਾ ਰਹੀ ਹੈ। ਜਿਸ ਤਰ੍ਹਾਂ ਸਰਕਾਰੀ ਗੱਦੀਆਂ ਦਾ ਭਉ ਇਸਦੇ ਦਿਲੋਂ ਲਹਿ ਗਿਆ ਹੈ ਇਸੇ ਤਰ੍ਹਾਂ ਮਜ਼੍ਹਬੀ ਗੱਦੀਆਂ ਦੇ ਫਤਵਿਆਂ ਦੀ ਏਹ ਪਰਵਾਹ ਨਹੀਂ ਕਰ ਰਹੀ। ਇਸ ਦੇ ਅੰਦਰ ਅੱਗੇ ਵਧਣ ਅਤੇ 'ਜਨਤਕ ਅਗਵਾਈ' ਦੇ ਹੱਥ ਵਿਚ ਵਾਗ ਡੋਰ ਦੇਣ ਲਈ ਕੋਈ ਅਥਾਹ ਜੋਸ਼ ਕੰਮ ਕਰ ਰਿਹਾ ਹੈ। ਮੈਨੂੰ ਉਹ ਦਿਨ ਨੇੜੇ ਦਿੱਸ ਰਿਹਾ ਹੈ, ਜਦੋਂ ਸਿੱਖ ਜਨਤਾ ਦਾ ਬੱਚਾ ਬੱਚਾ ਇਸੇ ਅਗਵਾਈ ਵੱਲ ਕੰਨ ਲਗਾਏਗਾ ਤੇ ਇਸ ਦੀ ਆਵਾਜ਼ ਨੂੰ ਸਭ ਤੋਂ ਪਹਿਲਾਂ ਸੁਣੇਗਾ। ਇਸਦੀ ਗੱਦੀ ਧਰਮ ਅਸਥਾਨਾਂ ਵਿਚ ਨਹੀਂ ਹੋਵੇਗੀ। ਇਹ ਵੱਡੇ ਵੱਡੇ ਮਹਿਲਾਂ ਮਾੜੀਆਂ ਜਾਂ ਧਾਰਮਕ ਜਾਂ ਰਾਜਸੀ ਤਖ਼ਤਾਂ ਉਤੇ ਨਹੀਂ ਬਿਰਾਜੇਗੀ ਬਲਕੇ ਇਸਦੇ ਐਲਾਨ ਖੇਤਾਂ ਤੇ ਝੌਂਪੜੀਆਂ ਵਿਚੋਂ ਨਿਕਲਣਗੇ ਅਤੇ ਸਿੱਖ ਜਨਤਾ ਦਾ ਇਕ ਇਕ ਇਸਤ੍ਰੀ ਤੇ ਪੁਰਸ਼ ਇਸਦੀ ਪੈਰਵੀ ਕਰਨ ਵਿਚ ਆਪਣੇ ਆਪ ਨੂੰ ਵਡਭਾਗੀ ਸਮਝੇਗਾ ਅਤੇ ਓਦੋਂ ਸਿਖ ਪੰਥ ਦੀ ਉਹ ਸ਼ਾਨ ਹੋਵੇਗੀ ਜਿਸ ਦੀਆਂ ਧੁੰਮਾਂ ਦੁਨੀਆਂ ਵਿਚ ਪੈਣਗੀਆਂ।

ਇਹ ਨਵੀਂ 'ਅਗਵਾਈ' ਤਿਆਰ ਹੋ ਰਹੀ ਹੈ। ਹੁਣ ਇਸੇ ਦੇ ਆਉਣ ਦੀ ਵਾਰੀ ਹੈ। ਇਸ ਨੂੰ ਕਿਤਨੀ ਦੇਰੀ ਲਗੇਗੀ, ਇਹ ਕੁਝ ਨਹੀਂ ਕਿਹਾ ਜਾ ਸਕਦਾ ਪਰ ਜਿਸ ਤਰ੍ਹਾਂ ਧੂੰਏਂ ਤੋਂ ਅੰਗੀਠੀ ਦਾ ਅਨੁਮਾਨ ਲਗਦਾ ਹੈ, ਜਿਸ ਤਰ੍ਹਾਂ ਪੁਰੇ ਦੀ ਪੌਣ ਅਤੇ ਝੜ ਤੋਂ ਬਦਲ ਦੇ ਹੋਣ ਦਾ ਅਨੁਮਾਨ ਲਗਦਾ ਹੈ ਇਸੇ ਤਰ੍ਹਾਂ ਹੁਣ ਸਿਖ ਜਨਤਾ ਦੀ ਗਰੀਬੀ, ਬੇਕਾਰੀ, ਬੇਰੁਜ਼ਗਾਰੀ ਦੇ ਦੁਖਾਂ ਅਤੇ ਗਰੀਬਾਂ ਦੀ ਜਿਮੀਦਾਰੀ ਤੇ ਗਦੀਦਾਰੀ ਦੀ ਲੁਟ ਖਸੁਟ ਤੇ ਨੰਗੇਜ ਤੋਂ ਸਾਫ ਪਰਗਟ ਹੋ ਰਿਹਾ ਹੈ ਕਿ ਆਉਣ ਵਾਲੀ ਅਗਵਾਈ ਜਨਤਕ ਹੋਵੇਗੀ। ਗਰੀਬ ਜਨਤਾ ਵਿਚੋਂ ਉਠੇਗੀ ਅਰ ਮੌਜੂਦਾ ਹਾਲਤ ਵਿਚ ਇਨਕਲਾਬ ਕਰ ਵਿਖਾਏਗੀ।

---

**ਖਾਸ ਲੇਖ**

## ਆਜ਼ਾਦੀ ਦੇ ਰਾਹ ਵਿਚ

## ਦੋ ਕੰਧਾਂ

# ਅੰਧ-ਵਿਸ਼ਵਾਸ਼ਤਾ ਤੇ ਦੇਹ ਧਾਰੀ ਪੂਜਾ



ਮਨੁਖੀ ਉਨਤੀ ਦੇ ਰਾਹ ਵਿਚ ਅੰਧ-ਵਿਸ਼ਵਾਸ਼ਤਾ ਤੇ ਦੇਹ-ਧਾਰੀ ਪੂਜਾ ਦੋ ਵੱਡੀਆਂ ਕੰਧਾਂ ਹਨ। ਏਨ੍ਹਾਂ ਦੇ ਹੁੰਦਿਆਂ ਆਜ਼ਾਦੀ ਤੇ ਇਨਕਲਾਬ ਬਿਲਕੁਲ ਨਿਰਾਰਥਕ ਹੀ ਨਹੀਂ ਬਲਕਿ ਜਨਤਾ ਨੂੰ ਗੁਮਰਾਹ ਕਰਨ ਵਾਲੇ ਸ਼ਬਦ ਬਣ ਜਾਂਦੇ ਹਨ।

ਕੋਈ ਪੁਰਸ਼ ਭਾਵੇਂ ਕਿਤਨਾ ਹੀ ਮਹਾਨ ਤੇ ਗੁਣਵਾਨ, ਹੋਵੇ ਭਾਵੇਂ, ਉਸ ਨੇ ਲੋਕਾਂ ਦਾ ਕਿਤਨਾ ਹੀ ਭਾਰੀ ਕੰਮ ਕੀਤਾ ਹੋਵੇ ਫਿਰ ਵੀ ਅੰਧ-ਵਿਸਵਾਸ਼ੀ ਹੋ ਕੇ ਉਸਦੇ ਮੰਨਣ ਦਾ ਉਪਦੇਸ਼ ਦੇਣਾ ਭਾਰੀ ਭੁਲ ਹੈ ਤੇ ਵਿਚਾਰ ਦੇ ਉਲਟ ਹੈ। ਅੰਧ ਵਿਸ਼ਵਾਸ਼ਤਾ ਦੇ ਅਰਥ ਏਹ ਹਨ ਕਿ ਆਪਣੇ ਆਪ ਨੂੰ ਪਹਿਲਾਂ ਹੀ ਅਗਿਆਨੀ ਬੇਸਮਝ ਕਮਜ਼ੋਰ ਮੰਨ ਲੇਣਾ ਅਤੇ ਕਿਸੇ ਹੋਰ ਪੁਰਸ਼ ਨੂੰ ਪੂਰਨ ਗੁਣਵਾਨ, ਸ਼ਕਤੀ ਵਾਲਾ ਤੇ ਮੰਨ ਕੇ ਉਸਦੀ ਅੰਧਾ ਧੁੰਦ ਪੈਰਵੀ ਕਰਨੀ, ਉਸਦੀ ਹਰ ਗੱਲ ਨੂੰ ਸੱਚੀ ਮੰਨਣਾ ਅਤੇ ਉਸਦੇ ਹਰ ਕੰਮ ਨੂੰ ਠੀਕ ਕਹਿਣਾ। ਉਸਦੀਆਂ ਪ੍ਰਤੱਖ ਦਿੱਸ ਰਹੀਆਂ ਭੁਲਾਂ ਤੇ ਗਲਤੀਆਂ ਬਾਰੇ ਵੀ ਏਹ ਕਹਿਣਾ ਕਿ "ਵੱਡਿਆਂ ਦੀਆਂ ਗੱਲਾਂ ਵੱਡੇ ਜਾਣਨ, ਏਹ ਸਾਡੀ ਸਮਝ ਤੋਂ ਬਾਹਰ ਹਨ, ਇਨ੍ਹਾਂ ਵਿਚ ਵੀ ਕੋਈ ਗੂੜ੍ਹ ਭਾਵ ਹੀ ਲੁਕਿਆ ਹੋਵੇਗਾ ਆਦਿ"

ਏਹ ਅੰਧ ਵਿਸ਼ਵਾਸ਼ਤਾ ਸਾਰੀ ਦੁਨੀਆਂ ਵਿਚ ਵਰਤ ਰਹੀ ਹੈ, ਪਰ ਹੁਣ ਦਿਸੰਦਾ ਪ੍ਰਧਾਨ ਹਿੰਦੁਸਤਾਨ ਹੀ ਹੈ। ਹੋਰ ਦੇਸ਼ਾਂ ਵਿਚ ਅੰਧ ਵਿਸ਼ਵਾਸ਼ਤਾ ਤੇ ਦੇਹ ਧਾਰੀ ਪੂਜਾ ਟਾਵੀਂ ਟਾਵੀਂ ਜ਼ਰੂਰ ਹੈ, ਪਰ ਇਸਦੀ ਪ੍ਰਧਾਨਤਾ ਕਿਤੇ ਨਹੀਂ ਰਹੀ। ਵਿਦਿਆ ਅਤੇ ਸਾਇੰਸ ਨੇ ਜਨਤਾ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ। ਲੋਕੀ ਉਹ ਕੁਝ ਕਰਦੇ ਹਨ ਜੋ ਉਨ੍ਹਾਂ ਦੀ ਸਮਝ ਵਿਚ ਠੀਕ ਜਚਦਾ ਹੈ। ਮਜ਼ਹਬ ਵਿਚ ਵੀ ਕਾਫੀ ਆਜ਼ਾਦੀ ਹੋ ਚੁਕੀ ਹੈ ਪਰ ਆਰਥਕ ਤੇ ਰਾਜਸੀ ਮਸਲਿਆਂ ਵਿਚ ਤਾਂ ਅੰਧ ਵਿਸ਼ਵਾਸ਼ਤਾ ਅਤੇ ਦੇਹ-ਧਾਰੀ ਪੂਜਾ ਨੂੰ ਕੋਈ ਥਾਂ ਨਹੀਂ ਹੈ।

ਪਰ ਏਹ ਸਾਡਾ ਗ਼ੁਲਾਮ ਦੇਸ਼ ਹੀ ਹੈ ਜਿਥੇ ਸਭ ਤੋਂ ਵੱਡੀ ਰਾਜਸੀ ਜਥੇ-ਬੰਦੀ ਦੇ ਆਗੂ ਹੀ ਅੰਧ-ਵਿਸ਼ਵਾਸ਼ਤਾ ਦਾ ਉਪਦੇਸ਼ ਦੇ ਰਹੇ ਹਨ! ਏਹ ਅਵਸਥਾ ਬੜੀ

ਸ਼ੋਚਨੀਅ ਅਤੇ ਨਿਰਾਸਤਾ ਭਰੀ ਹੈ ਇਸ ਲਈ ਨਿਹਾਇਤ ਜ਼ਰੂਰੀ ਹੈ ਕਿ ਜੋ ਲੋ[illegible] ਗ਼ੁਲਾਮੀ ਦੇ ਜੀਵਨ ਨਾਲੋਂ ਮੌਤ ਨੂੰ ਤਰਜੀਹ ਦੇਂਦੇ ਹਨ ਅਤੇ ਜੋ ਆਪਣੇ ਜੀਵਨ ਦੇ ਘੋਲ ਲਈ ਅਰਪਨ ਕਰ ਚੁਕੇ ਹਨ, ਉਹ ਸਭ ਤੋਂ ਪਹਿਲਾਂ ਇਸ ਗੱਲ [illegible] ਕਰ ਲੈਣ ਕਿ ਅਸਾਂ ਨੇ ਆਜ਼ਾਦੀ ਦਾ ਘੋਲ ਅੰਧ-ਵਿਸ਼ਵਾਸ਼ਤਾ ਅਤੇ [illegible] ਪੂਜਾ ਦੇ ਆਸਰੇ ਚਲਾਣਾ ਹੈ ਜਾਂ ਸੋਚ ਅਤੇ ਵਿਚਾਰ ਨਾਲ ਘੜੇ ਹੋਏ ਦਾਜ਼ਾ[illegible] ਦੇ ਅਨੁਸਾਰ।

ਡਾਕਟਰ ਰਾਜਿੰਦਰ ਪ੍ਰਸ਼ਾਦ ਸਰਬ-ਹਿੰਦ ਕਾਂਗ੍ਰਸ ਦੇ ਪ੍ਰਧਾਨ ਹਨ। ਕਾਂ[illegible] ਮੌਜੂਦਾ ਪਾਲਸੀ ਅਤੇ ਪ੍ਰੋਗ੍ਰਾਮ ਦੀ ਆਪ ਅਗਵਾਈ ਕਰ ਰਹੇ ਹਨ। ਥੋੜੇ [illegible] ਆਪ ਨੇ ਐਰਾ ਵਿਚ ਇਕ ਸਪੀਚ ਦਿੱਤੀ ਹੈ ਉਸ ਵਿਚ ਆਪ ਨੇ ਫੁਰਮਾਇਆ [illegible]

"ਲੋਕੀ ਮੈਨੂੰ ਦੋਸ਼ੀ ਬਣਾਂਦੇ ਹਨ, ਕਿ ਮੈਂ ਮੰਹਾਤਮਾ ਗਾਂਧੀ ਜੀ [illegible] ਵਿਸ਼ਵਾਸ਼ੀ ਭਗਤ ਹਾਂ ਪਰ ਮੈਨੂੰ ਇਸ ਦੋਸ਼ ਦੇ ਕਬੂਲ ਕਰਨ ਵਿਚ ਕੋਈ [illegible] ਨਹੀਂ ਹੈ। ਮੈਂ ਠੀਕ ਗਾਂਧੀ ਜੀ ਦਾ ਅੰਧ-ਵਿਸ਼ਵਾਸ਼ੀ ਹਾਂ ਕਿਉਂ ਕਿ ਮੈਂ ਠੀਕ [illegible] ਕੇ ਵੇਖ ਲਿਆ ਹੈ ਕਿ ਮਹਾਤਮਾ ਜੀ ਅਸਚਰਜ ਕੰਮ ਕਰ ਵਿਖਾਂਦੇ ਰਹਿਣ। [illegible] ਮਹਾਤਮਾ ਜੀ ਦੇ ਗੁਣਾਂ ਦੀ ਕਦਰ ਸਾਰੇ ਸੰਸਾਰ ਨੂੰ ਹੋ ਰਹੀ ਹੈ ਉਨ੍ਹਾਂ [illegible] ਕਾਰਜ ਕੀਤੇ ਹਨ ਅਤੇ ਸੰਭਵ ਹੈ ਹੋਰ ਵੀ ਕਈ ਕਰ ਵਿਖਾਣਗੇ। ਪਰ [illegible] ਮਨੁਖ ਹਨ। ਭੁਲ ਸਕਦੇ ਹਨ। ਉਨ੍ਹਾਂ ਨੇ ਕਈ ਵੇਰ ਆਪਣੀਆਂ ਭੁਲਾਂ [illegible] ਹਨ। ਜਦ ਤੀਕਣ ਅਸੀ ਇਸ ਸਿਧਾਂਤ ਨੂੰ ਨਾ ਮੰਨ ਲਈਏ ਕਿ ਕੋਈ [illegible] ਅਤੇ ਅਭੁਲ ਹੋ ਸਕਦਾ ਹੈ ਤਦ ਤੀਕਣ ਅੰਧ-ਵਿਸ਼ਵਾਸ਼ ਦਾ ਉਪਦੇਸ਼ [illegible] ਸਕਦਾ, ਅਤੇ ਇਕ ਮਨੁਖ ਨੂੰ ਅਭੁਲ ਤੇ ਪੂਰਨ ਮੰਨਣ ਦਾ [illegible] ਖਤਰਨਾਕ ਅਤੇ ਧੁਆੜੇ ਦੀ ਜੜ੍ਹ ਹੈ ਇਸੇ ਸਿਧਾਂਤ ਤੋਂ ਵੱਖ ਵਖਾ [illegible] ਰਾਜਸੀ ਗੱਦੀਆਂ ਚਲਦੀਆਂ ਹਨ। ਜਨਤਾ ਦੀ ਸੋਚ ਵਿਚਾਰ ਨੂੰ ਤਾਲਿ[illegible] ਭਰਮ ਦਾ ਪਰਵਾਹ ਚਲਦਾ ਹੈ ਅਤੇ ਲੁਟ ਖਸੁਟ ਦਾ ਬਜ਼ਾਰ ਗਰਮ [illegible] ਕੁਝ ਆਦਮੀ ਇਕ ਪੁਰਸ਼ ਨੂੰ ਵਡਾ ਬਣਾ ਕੇ, ਅਭੁਲ ਮੰਨ ਕੇ [illegible] ਹਨ। ਉਨ੍ਹਾਂ ਦੇ ਲਾਭ ਵੀ ਉਸੇ ਨਾਲ ਜੁੜ ਜਾਂਦੇ ਹਨ ਤੇ ਫਿਰ [illegible] ਅਭੁਲ ਥਾਪਣ ਲੈਂਦੇ ਹਨ। ਇਸ ਤਰ੍ਹਾਂ ਵਖ ਵਖ ਦੇਸ਼ਾਂ ਵਿਚ [illegible] ਦੇ ਵਖ ਵਖ ਅਭੁਲ ਤੇ ਪੂਰਨ ਆਗੂ ਬਣ ਜਾਂਦੇ ਹਨ। ਜਿਸ ਦਾ [illegible] ਕਿ ਇਨ੍ਹਾਂ ਦੀਆਂ ਆਪੋ ਵਿਚ ਟੱਕਰਾਂ ਲਗ ਪੈਂਦੀਆਂ ਹਨ। ਜੇ ਮੈਂ [illegible] ਮੰਨਦਾ ਹਾਂ ਤੇ ਉਸਦਾ ਅੰਧ ਵਿਸ਼ਵਾਸ਼ੀ ਹਾਂ ਤਾਂ ਮੇਰੀ ਖਾਹਸ਼ [illegible] ਕਿ ਸਾਰੇ ਲੋਕੀ ਉਸ ਨੂੰ ਅਭੁੱਲ ਮੰਨ ਕੇ ਉਸ ਦੀ ਪੂਜਾ ਕਰਨ। [illegible] ਮੁਤਾਬਿਕ ਨਾ ਹੋਣਗੇ, ਮੇਰੇ ਅਭੁਲ ਪੁਰਸ਼ ਨੂੰ ਭੁਲਣਹਾਰ ਕਹਿੰਦੇ [illegible] ਲੜਾਂਗਾ ਅਤੇ ਉਨ੍ਹਾਂ ਦੇ ਅਭੁਲ ਪੁਰਸ਼ ਨੂੰ ਭੁਲਣ ਹਾਰ ਸਿਧ ਕਰਾਂ[illegible] ਕਿਸੇ ਦੇਹਧਾਰੀ ਨੂੰ ਅਭੁਲ ਮੰਨ ਕੇ ਉਸ ਦਾ ਅੰਧ ਵਿਸ਼ਵਾਸ਼ੀ ਬਣਨਾ [illegible] ਅਤੇ ਕੁਦਰਤੀ ਵਿਰੁਧ ਅਤੇ ਗਲਤ ਹੈ; ਉਥੇ ਸੰਸਾਰ ਵਿਚ [illegible] ਵਾਂਢਾ ਅਤੇ ਪਾਰਟੀਆਂ ਤੇ ਧੜੇ ਪੈਦਾ ਕਰਨ ਵਾਲਾ ਹੈ।

ਪੀਰਾਂ ਤੇ ਪੈਗੰਬਰਾਂ ਦੀਆਂ ਗਦੀਆਂ, ਖਾਸ ਖਾਸ ਅਸਥਾਨਾਂ ਦੇ ਮਹਾਤਮ ਬਾਜ਼ੀਆਂ ਅਤੇ ਹੁਕਮ ਨਾਮੇ ਇਨ੍ਹਾਂ ਹੀ ਦੋ ਸਿਧਾਂਤਾਂ ਤੋਂ ਉਤਪੰਨ ਹੀ ਮਨੁੱਖ ਨੂੰ ਸਵਤੰਤਰਤਾ ਨਾਲ ਸੋਚਣ ਤੋਂ ਰੋਕਦੇ ਹਨ ਅਤੇ ਦਿਮਾਗੀ ਪ੍ਰਚਾਰ ਕਰਦੇ ਹਨ।

ਅਜਬੀਨ ਬੜੀ ਕਲਾ ਵਾਲਾ ਹੈ, ਉਸ ਗੱਦੀ ਉਤੇ ਜੋ ਬੈਠਦਾ ਹੈ ਉਸਦਾ ਸੱਚਾ ਦਾ ਹੈ, ਬੀਮਾਰੀਆਂ ਦੂਰ ਹੋ ਜਾਂਦੀਆਂ ਹਨ, ਪੁਤਰ ਮਿਲਦੇ ਹਨ; ਹੁੰਦੀਆਂ ਹਨ, ਸਾਨੂੰ ਤਾਂ ਇਸੇ ਦਾ ਹੀ ਆਸਰਾ ਪਰਨਾ ਹੈ, ਏਹ ਸਭ ਉਸੇ ਅਸੀਂ ਫੇਰ ਨੂੰ ਅਜ਼ਮਾਇਆ ਹੈ" ਇਸ ਕਿਸਮ ਦਾ ਪਰਚਾਰ ਹੈ ਜੋ ਅੰਧ ਤੇ ਦੇਹਧਾਰੀ ਪੂਜਾ ਦੇ ਹਾਮੀ ਸਦਾ ਕਰਦੇ ਰਹਿੰਦੇ ਹਨ। ਇਹੋ ਹੀ ਹਾਨੀ ਹੈ ਜੋ ਜਨਤਾ ਨੂੰ ਵਿਚਾਰ ਦੇ ਰਾਹ ਤੇ ਨਹੀਂ ਪੈਣ ਦਿੰਦਾ, ਉਸਦੇ ਦਿਮਾਗ਼ ਹੈ ਅਤੇ ਗਦੀ ਦਾਰੀ ਦੀ ਲੁੱਟ-ਖਸੁੱਟ ਨੂੰ ਜਾਰੀ ਰਖਦਾ ਹੈ। ਕਿਡੇ ਹੈ ਕਿ ਸਾਡੇ ਦੇਸ਼ ਦੀ ਸਰਬ ਸਾਂਝੀ ਵਡੀ ਰਾਜਸੀ ਜਥੇਬੰਦੀ ਦੇ ਪ੍ਰਧਾਨ ਵੀ ਸਦੀ ਵਿਚ ਅੰਧ ਵਿਸ਼ਵਾਸ਼ਤਾ ਅਤੇ ਦੇਹਧਾਰੀ ਪੂਜਾ ਵਿਚ ਯਕੀਨ ਰਖਦੇ ਪਰਚਾਰ ਕਰਦੇ ਹਨ।

ਮਜ਼੍ਹਬੀ, ਆਰਥਕ ਤੇ ਰਾਜਸੀ ਗ੍ਰੰਥਾਂ ਦੇ ਮੁਤਾਲਿਆ ਅਤੇ ਜੀਵਨ ਦੇ ਤਜ ਸਿਟੇ ਉਤੇ ਪੁਜਿਆ ਹਾਂ ਕਿ ਅੰਧ ਵਿਸ਼ਵਾਸਤਾ ਅਤੇ ਦੇਹਧਾਰੀ ਪੂਜਾ ਅਤੇ ਪੂਰਨਤਾ ਦੇ ਰਾਹ ਵਿਚ ਬੜੀਆਂ ਰੋਕਾਂ ਹਨ। ਇਨ੍ਹਾਂ ਸਿਧਾਂਤਾਂ ਨੂੰ ਮੰਨ ਆਜ਼ਾਦੀ ਇਨਕਲਾਬ ਅਤੇ ਸਮਾਨਤਾ ਦੇ ਲਾਰੇ ਲਾਂਦੇ ਹਨ ਉਹ ਸਾਨੂੰ ਹਨ। ਏਹ ਦੋਵੇਂ ਸਿਧਾਂਤ ਜਮਹੂਰੀਅਤ ਆਜ਼ਾਦੀ ਅਤੇ ਸ਼ਮਾਨਤਾ ਦੀਆਂ ਵਾਲੇ ਹਨ। ਜਿਥੇ ਅੰਧ-ਵਿਸ਼ਵਾਸ਼ ਅਤੇ ਦੇਹ-ਧਾਰੀ ਪੂਜਾ ਨੂੰ ਮੰਨ ਕੇ ਕੰਮ ਹੋਂਦਾ ਜਥੇ-ਬੰਦੀ ਨਹੀਂ ਹੈ, ਜਮਹੂਰੀਅਤ ਉਸ ਤੋਂ ਕਈ ਕੋਹ ਦੂਰ ਨੱਸਦੀ ਹੈ, ਦਾ ਉਥੇ ਕੋਈ ਟਿਕਾਣਾ ਨਹੀਂ ਹੈ।

ਉੱਨਤੀ ਚਾਹੁੰਦੇ ਹਾਂ, ਆਜ਼ਾਦੀ ਚਾਹੁੰਦੇ ਹਾਂ। ਮੌਜੂਦਾ ਅਵਸਥਾ ਵਿਚ ਚਾਹੁੰਦੇ ਹਾਂ ਤਾਂ ਜੋ ਸਾਡੀ ਭੁਖ ਨੰਗ ਦੂਰ ਹੋਵੇ ਅਤੇ ਅਸੀ ਵੀ ਸੁਖੀ ਜੀਵਨ ਪਰ ਸਾਡੀ ਏਹ ਮੁਰਾਦ ਤਾਂ ਹੀ ਪੂਰੀ ਹੋਵੇਗੀ ਜੇ ਅਸੀ ਅੰਧ-ਵਿਸ਼ਵਾਸ਼ਤਾ ਆਪਣੀ ਸਮਝ ਅਤੇ ਵਿਚਾਰ ਦੇ ਭਰੋਸੇ ਉਤੇ ਖੜੇ ਹੋਈਏ। ਦੇਹ-ਧਾਰੀ ਪੂਜਾ ਲ ਆਜ਼ਾਦੀ ਦਿਵਾਉਣ ਵਾਲੇ ਪ੍ਰੋਗ੍ਰਾਮ ਨੂੰ ਪ੍ਰਵਾਨ ਕਰੀਏ।

ਦੇਸ ਵਿਚ ਬੜੇ ਚੰਗੇ ਚੰਗੇ ਆਗੂ ਹਨ। ਵਿਦਵਾਨ ਹਨ। ਦੇਸ਼ ਭਗਤ ਹਨ। ਕਟਨ ਵਾਲੇ ਹਨ। ਆਜ਼ਾਦੀ ਚਾਹੁੰਣ ਵਾਲੇ ਹਨ। ਸਾਨੂੰ ਸਭ ਦੀ ਯੋਗ ਹੀ ਚਾਹੀਏ ਪਰ ਸਮੇਂ ਅਤੇ ਲੋੜ ਦੇ ਮੁਤਾਬਕ ਤਬਦੀਲੀਆਂ ਵੀ ਹੋਂਦੀਆਂ ਹਨ। ਕੰਮ ਕਰਨ ਦੇ ਤਰੀਕੇ ਤੇ ਪ੍ਰੋਗ੍ਰਾਮ ਬਦਲਦੇ ਰਹਿੰਦੇ ਹਨ। ਆਗੂਆਂ ਅਤੇ ਤਜਰਬੇ ਜਨਤਾ ਦੇ ਸਾਮ੍ਹਣੇ ਆਉਂਦੇ ਰਹਿੰਦੇ ਹਨ।

ਤਾਂ ਨੂੰ ਏਹ ਗੱਲ ਕਹਿਣੀ ਕਿ "ਫਲਾਣਾ ਆਗੂ ਬੜੀ ਕਲਾ ਵਾਲਾ ਹੈ, ਉਸੇ ਧਾ-ਧੁੰਧ ਚਲਣਾ ਚਾਹੀਦਾ ਹੈ, ਕੇਵਲ ਓਹੋ ਦੇਸ਼ ਨੂੰ ਆਜ਼ਾਦ ਕਰਾਏਗਾ।"

ਬਿਲਕੁਲ ਗਲਤ ਪ੍ਰਚਾਰ ਹੈ। ਇਸ ਤਰ੍ਹਾਂ ਆਜ਼ਾਦੀ-ਘੋਲ ਦੀ ਬਜਾਏ ਲੀਡਰੀ-ਘੋਲ ਸ਼ੁਰੂ ਹੋ ਜਾਂਦਾ ਹੈ। ਕੁਝ ਆਦਮੀ ਕਿਸੇ ਲੀਡਰ ਦੇ ਪੈਰੋਕਾਰ ਬਣ ਜਾਂਦੇ ਹਨ ਕੁਝ ਕਿਸੇ ਹੋਰ ਦੇ। ਅਤੇ ਧਨੀ ਰਸੂਖ ਵਾਲੇ ਅਤੇ ਪਹੁੰਚ ਵਾਲੇ ਲੀਡਰਾਂ ਲਈ ਮੁਸ਼ਕਲ ਵੀ ਕੁਝ ਨਹੀਂ। ਇਸ ਵਾਸਤੇ ਕਿਸੇ ਲੀਡਰ ਦੇ ਗੁਣਾਂ, ਤੇ ਸ਼ਕਤੀਆਂ ਦੀ ਤਾਰੀਫ ਕਰਕੇ ਜਨਤਾ ਨੂੰ ਅੰਧ-ਵਿਸ਼ਵਾਸ਼ੀ ਹੋ ਕੇ ਉਸਦੇ ਮਗਰ ਚੱਲਣ ਲਈ ਕਹਿਣਾ ਜਾਂ ਕਿਸੇ ਆਗੂ ਦੀ ਨਿੰਦਿਆ ਅਤੇ ਭੰਡੀ ਕਰਕੇ ਜਨਤਾ ਨੂੰ ਉਸਦੇ ਮਗਰ ਚੱਲਣ ਤੋਂ ਰੋਕਣਾ ਨਿਰਾ ਅੰਧ-ਵਿਸ਼ਵਾਸ਼ਤਾ ਅੰਤੇ ਫਤਵੇ ਬਾਜ਼ੀ ਦਾ ਪ੍ਰਚਾਰ ਹੈ ਅਤੇ ਏਹ ਤਰੀਕਾ ਬਿਲਕੁਲ ਗਲਤ ਤੇ ਨਖਿਧ ਹੈ।

ਪੰਜਾਬ ਵਿਚ ਵੀ ਮੈਂ ਵੇਖ ਰਿਹਾਂ ਹਾਂ ਕਿ ਜਨਤਾ ਨੂੰ ਆਜ਼ਾਦੀ ਅਤੇ ਇਨਕਲਾਬ ਲਿਆਉਣ ਵਾਲੇ ਪ੍ਰੋਗ੍ਰਾਮ ਦੇ ਨਾਂ ਉਤੇ ਅਪੀਲ ਕਰਨ ਦੀ ਬਜਾਏ ਮਨੁਖਾਂ, ਪਾਰਟੀਆਂ ਅਤੇ ਜੱਥਿਆਂ ਦੇ ਨਾਂ ਉਤੇ ਅਪੀਲ ਕੀਤੀ ਜਾਂਦੀ ਹੈ ਅਤੇ ਫਤਵੇ ਬਾਜ਼ੀਆਂ ਉਤੇ ਜ਼ੋਰ ਦਿਤਾ ਜਾਂਦਾ ਹੈ। ਕੁਝ ਸ਼ਬਦਾਂ ਵਿਚ ਮਹਾਨਤਾ ਤੇ ਉੱਚਤਾ ਭਰੀ ਜਾਂਦੀ ਹੈ, ਅਤੇ ਕੁਝ ਸ਼ਬਦਾਂ ਤੇ ਗੱਲਾਂ ਵਿਚ ਘਿਣਾ ਤੇ ਨਫਰਤ ਧਰੀ ਜਾਂਦੀ ਹੈ। ਫਿਰ ਜਿਨ੍ਹਾਂ ਦੇ ਪਾਸ ਧਨ ਹੈ, ਪ੍ਰੈਸ ਹੈ, ਸਟੇਜ ਹੈ, ਪ੍ਰਚਾਰਕ ਹਨ, ਉਹ ਆਪਣੇ ਲਾਭਾਂ ਅਨੁਸਾਰ ਜਨਤਾ ਨੂੰ ਗੁਮਰਾਹ ਕਰਨਗੇ ਅਤੇ ਜਨਤਾ ਦੀ ਅਨ-ਪੜ੍ਹਤਾ ਅਤੇ ਗਰੀਬੀ ਤੋਂ ਲਾਭ ਉਠਾਉਣਗੇ।

ਸਿੱਖਾਂ ਵਿਚ "ਗੁਰੂ ਪੰਥ" "ਸੰਗਤ" ਅਤੇ "ਅਕਾਲ ਤਖਤ" ਤਿੰਨ ਸ਼ਬਦ ਚਿਰ ਤੋਂ ਬੜੀ ਤਾਕਤ ਤੇ ਅਸਰ ਵਾਲੇ ਚਲੇ ਆ ਰਹੇ ਹਨ। ਮੌਜੂਦਾ ਸਮੇਂ "ਅਕਾਲੀ", ਤੇ "ਸਿਖ ਅਧਿਕਾਰ" ਦੋ ਹੋਰ ਸ਼ਬਦਾਂ ਦਾ ਵਾਧਾ ਹੋਇਆ ਹੈ। ਇਨ੍ਹਾਂ ਨਾਲ ਜਨਤਾ ਨੂੰ ਪ੍ਰੇਰਨਾ ਹੋਂਦੀ ਹੈ। "ਪੰਥ ਗੁਰੂ ਦਾ ਹੁਕਮ ਹੈ ਕਿ ਵੋਟ ਫਲਾਣੇ ਆਦਮੀ ਨੂੰ ਪਾਓ, ਸੰਗਤ ਨੇ ਫੈਸਲਾ ਕੀਤਾ ਹੈ ਕਿ ਫਲਾਣਾ ਆਦਮੀ ਬਾਈਕਾਟ ਹੈ, ਬੇ-ਤਾਜ ਪਾਤਸ਼ਾਹ ਦਾ ਹੁਕਮ ਹੈ ਕਿ ਪਰਚੀ ਫਲਾਣੇ ਨੂੰ ਪਾਓ। ਜੇ ਦੋ ਪਾਰਟੀਆਂ ਬਣ ਗਈਆਂ ਹਨ, ਆਪੋ ਵਿਚ ਟੱਕਰ ਹੋ ਪਈ ਹੈ ਤਾਂ ਉਹ ਦੋਵੇਂ ਹੀ ਪੰਥ ਗੁਰੂ ਦੇ ਨਾਂ ਹੇਠਾਂ ਐਲਾਨ ਕੱਢਣਗੇ ਤੇ ਅਪੀਲਾਂ ਕਰਨਗੇ ਅਤੇ ਆਪਣੇ ਵਿਰੋਧੀ ਨੂੰ ਨਾਸਤਕ, ਪੰਥ ਦਾ ਦੁਸ਼ਮਨ, ਸਿੱਖ ਹੱਕਾਂ ਦਾ ਘਾਤਕ, ਰਹਿਤ ਹੀਨ, ਸਰਕਾਰ ਪ੍ਰਸਤ, ਝੋਲੀ ਚੁੱਕ, ਖੁਫੀਆ, ਯੂਨੀਅਨਿਸਟ ਪਾਰਟੀ ਦਾ ਏਜੰਟ ਲਿਖ ਕੇ ਭੰਡਣਗੇ। ਜਨਤਾ ਵਿਚ ਅਨ-ਪੜ੍ਹਤਾ ਤੇ ਗਰੀਬੀ ਦਾ ਜ਼ੋਰ ਹੋਣ ਤੌਰ ਤੇ ਜਿਨ੍ਹਾਂ ਪਾਸ ਗੱਦੀਆਂ ਹਨ, ਧਨ ਹੈ, ਪ੍ਰਚਾਰਕ ਹਨ, ਪਹੁੰਚਾਂ ਹਨ, ਪਲੇਟ-ਫਾਰਮ ਹੈ ਉਹ ਜਿਤ ਜਾਂਦੇ ਹਨ। ਇਸ ਵਿਚ ਸ਼ੱਕ ਨਹੀਂ ਕਿ ਜਨਤਾ ਦਿਨ ਦਿਨ ਸਿਆਣੀ ਹੋ ਰਹੀ ਹੈ ਅਤੇ ਉਸਨੂੰ ਅੰਧ-ਵਿਸ਼ਵਾਸਤਾ ਤੇ ਮਨੁਖ-ਪੂਜਾ ਦੀ ਤੇ ਲੁਟ-ਖਸੁਟ ਦਾ ਗਿਆਨ ਹੋ ਰਿਹਾ ਹੈ ਅਤੇ ਫਤਵੇ-ਬਾਜ਼ੀਆਂ ਦੀ ਤਹਿ ਵਿਚ ਤੇ ਗੱਦੀ-ਦਾਰੀ ਦੇ ਲਾਭਾਂ ਦੀ ਸ਼ਰਾਰਤ ਦਾ ਵੀ ਪਤਾ ਲੱਗ ਰਿਹਾ ਹੈ ਅਤੇ ਉਹ ਦਿਨ ਦੂਰ ਨਹੀਂ ਜਦੋਂ ਜਨਤਾ ਨਿਰੋਲ ਆਜ਼ਾਦੀ ਤੇ ਇਨਕਲਾਬ ਦੇ ਸਪੱਸ਼ਟ ਮੋਗ੍ਰਾਮ ਬਿਨਾਂ ਕਿਸੇ ਫਤਵੇ, ਹੁਕਮ-ਨਾਮੇ ਅਤੇ ਸ਼ਖਸੀਅਤ ਦੀ ਪ੍ਰਵਾਹ ਨਹੀਂ ਕਰੇਗੀ। ਅਸੀਂ ਵੇਖਦੇ ਹਾਂ ਕਿ ਦੇਸ਼ ਦੇ ਵੱਡੇ ਵੱਡੇ ਰਾਜਸੀ ਨੇਤਾ ਵੀ ਅੰਧ-ਵਿਸ਼ਵਾਸ [illegible] "ਕਰਕੇ ਹਨ ਤੇ ਦੁਖ ਜ਼ਰੂਰ ਹੋਂਦਾ ਹੈ [illegible]

ਮੇਰਾ ਇਹ ਮਤਲਬ ਨਹੀਂ ਕਿ ਲੀਡਰਾਂ ਦੀ ਇਜ਼ਤ ਤੇ ਕਦਰ ਨਹੀਂ ਕਰਨੀ ਚਾਹੀਦੀ ਜਾਂ ਹਰ ਇਕ ਫਤਵਾ ਤੇ ਹੁਕਮ-ਨਾਮਾ ਗ਼ਲਤ ਹੋਂਦਾ ਹੈ। ਪਰ ਪਿਛਲਾ ਇਤਿਹਾਸ ਦੱਸਦਾ ਹੈ ਕਿ ਸਭ ਲੀਡਰ ਮਨੁਖ ਹਨ। ਕਦੀ ਕਦੀ ਉਹ ਭੁਲਾਂ ਵੀ ਕਰ ਬੈਠਦੇ ਹਨ, ਇਸ ਵਾਸਤੇ ਅੰਧ ਵਿਸ਼ਵਾਸ਼ਤਾ ਨਾਲ ਉਨ੍ਹਾਂ ਦੀ ਪੈਰਵੀ ਕਰਨੀ ਗ਼ਲਤ ਹੈ, ਇਸੇ ਤਰ੍ਹਾਂ ਕਈ ਫਤਵੇ ਤੇ ਹੁਕਮ-ਨਾਮੇ ਦਰੁਸਤ ਵੀ ਹੋਂਦੇ ਹਨ ਅਤੇ ਕਈ ਗਲਤ ਵੀ। ਪਰ ਇਸ ਸਮਾਨਤਾ ਅਤੇ ਜਮਹੂਰੀਅਤ ਦੇ ਜ਼ਮਾਨੇ ਵਿਚ ਇਨ੍ਹਾਂ ਰਾਹੀਂ ਜਨਤਾ ਪ੍ਰੇਰਨਾ ਕਰਨ ਦੀ ਉੱਕੀ ਲੋੜ ਨਹੀਂ ਹੈ।

ਸਾਨੂੰ ਤਾਂ ਇਸ ਵੇਲੇ ਰਾਜਸੀ ਆਜ਼ਾਦੀ ਅਤੇ ਆਰਥਕ ਬਰਾਬਰੀ ਦਿਵਾਉਣ ਵਾਲੇ ਪ੍ਰੋਗ੍ਰਾਮ ਦੀ ਲੋੜ ਹੈ। ਬਹਿਸ ਕੇਵਲ ਪ੍ਰੋਗ੍ਰਾਮ ਉਤੇ ਹੋਣੀ ਚਾਹੀਦੀ ਹੈ। ਵਿਚਾਰ ਅਤੇ ਦਲੀਲ ਨਾਲ ਪ੍ਰੋਗ੍ਰਾਮ ਉਤੇ ਨੁਕਤਾ-ਚੀਨੀ ਕਰਨੀ ਚਾਹੀਦੀ ਹੈ। ਮਹਾਤਮਾ ਗਾਂਧੀ ਵਡੇ ਹਨ ਕਿ ਸੁਭਾਸ਼ ਚੰਦਰ ਬੋਸ, ਪੰਡਤ ਜਵਾਹਰ ਲਾਲ ਕਿ ਪਟੇਲ ਅਥਵਾ ਮਿ: ਜਿਨਾਹ ਕਿ ਮੁੰਜੇ ਅਜਿਹੀ ਬਹਿਸ ਵਿਚ ਪੈਣਾ ਅਤੇ ਜਨਤਾ ਨੂੰ ਪਾਣਾ ਨਿਰੀ ਗੁਮਰਾਹੀ ਹੈ ਅਤੇ ਦੇਹਧਾਰੀ ਪੂਜਾ ਦੀ ਸੜਕ ਹੈ। ਆਜ਼ਾਦੀ ਅਤੇ ਇਨਕਲਾਬ ਦਾ ਆਦਰਸ਼ ਰੱਖ ਕੇ ਸਾਨੂੰ ਇਸਦੀ ਪ੍ਰਾਪਤੀ ਲਈ ਪ੍ਰੋਗ੍ਰਾਮ ਘੜਨਾ ਚਾਹੀਦਾ ਹੈ। ਜਨਤਾ ਦੇ ਪੇਸ਼ ਕਰਨਾ ਚਾਹੀਦਾ ਹੈ, ਇਸ ਉਤੇ ਬਹਿਸ ਹੋਣੀ ਚਾਹੀਦੀ ਹੈ। ਸ਼ਖਸੀਅਤਾਂ ਨੂੰ ਬਿਲਕੁਲ ਲਾਂਭੇ ਰੱਖਣਾ ਚਹੀਦਾ ਹੈ, ਅਤੇ ਸਹੀ ਇਨਕਲਾਬੀ ਪ੍ਰੋਗ੍ਰਾਮ ਨੂੰ ਪ੍ਰਵਾਨ ਕਰਨ ਵਾਲੇ ਅਤੇ ਚਲਾਣ ਵਾਲੇ ਆਗੂਆਂ ਦੀ ਪੈਰਵੀ ਕਰਨੀ ਚਾਹੀਦੀ ਹੈ।

੧੯ ਸਾਲ ਤੋਂ ਸਤਿਆ-ਗ੍ਰਹਿ ਅਤੇ ਅਹਿੰਸਾ ਦਾ ਪ੍ਰੋਗ੍ਰਾਮ ਚੱਲ ਰਿਹਾ ਹੈ। ਕੌਂਸਲਾਂ ਅਤੇ ਐਸੰਬਲੀਆਂ ਦੇ ਬਾਹਰ ਰਹਿਕੇ ਅਤੇ ਅੰਦਰ ਜਾ ਕੇ ਵੀ ਤਜਰਬੇ ਹੋਏ ਪਰ ਜਨਤਾ ਹੁਣ ਬਹੁਤ ਜ਼ਿਆਦਾ ਬੇਚੈਨ ਹੋ ਉਠੀ ਹੈ। ਕੌਮਾਂਤਰੀ ਗੜ-ਬੜੀ ਨੇ ਹਿੰਦੀ ਜਨਤਾ ਨੂੰ ਇਹ ਵੀ ਹਲੂਣਾ ਦੇ ਦਿੱਤਾ ਹੈ ਕਿ ਹੁਣ ਸਮਾਂ ਹੈ ਕਿ ਝਟ ਪਟ ਮੁਕੰਮਲ ਆਜ਼ਾਦੀ ਲਈ ਕੋਈ ਇਨਕਲਾਬੀ ਪ੍ਰੋਗ੍ਰਾਮ ਘੜਿਆ ਜਾਵੇ ਅਤੇ ਘੋਲ ਆਰੰਭਿਆ ਜਾਵੇ ਪਰ ਗਾਂਧੀ ਜੀ ਦੀ ਰਾਇ ਹੈ ਕਿ ਦੇਸ਼ ਤਿਆਰ ਨਹੀਂ। ਵਾਯੂ-ਮੰਡਲ ਵਿਚ ਹਿੰਸਾ ਭਰੀ ਹੋਈ ਹੈ ਅਤੇ ਕਾਂਗਰਸ ਵਿਚ ਖਰਾਬੀਆਂ ਹਨ ਏਹ ਉਨ੍ਹਾਂ ਦੀ ਰਾਇ ਹੈ ਜਿਸ ਨਾਲ ਦੇਸ ਦੇ ਬਹੁਤ ਸਾਰੇ ਨੇਤਾ ਮੁਤਫਿਕ ਨਹੀਂ ਹਨ ਪਰ ਗਾਂਧੀ ਭਗਤ ਮਹਾਤਮਾ ਗਾਂਧੀ ਜੀ ਦੀ ਮਹਾਤਮਤਾਈ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੇ ਰਸੂਖ ਨੂੰ ਸਾਮ੍ਹਣੇ ਰੱਖ ਕੇ ਅੰਧ-ਵਿਸ਼ਵਾਸ਼ਤਾ ਦਾ ਪ੍ਰਚਾਰ ਕਰ ਰਹੇ ਹਨ। ਅਤੇ ਕਹਿੰਦੇ ਹਨ ਸਾਨੂੰ ਅੰਧਾ-ਧੁੰਧ ਗਾਂਧੀ ਜੀ ਦੀ ਪੈਰਵੀ ਕਰਨੀ ਚਾਹੀਦੀ ਹੈ। ਹਿੰਦੁਸਤਾਨ ਨੂੰ ਸਿਰਫ ਉਹੀ ਅਜ਼ਾਦ ਕਰ ਸਕਦੇ ਹਨ। ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਏਹ ਗਲਤੀ ਹੈ। ਹੁਣ ਤਾਂ ਸਾਨੂੰ ਸ਼ਖਸੀਅਤਾਂ ਦੇ ਪੂਰੇ ਸਤਿਕਾਰ ਨੂੰ ਦਿਲ ਵਿਚ ਰੱਖਦਿਆ ਹੋਇਆਂ ਰਾਜਸੀ ਪ੍ਰੋਗ੍ਰਾਮ ਨੂੰ ਹੀ ਵਿਸ਼ੇਸ਼ਤਾ ਦੇਣੀ ਪਏਗੀ ਤਾਂ ਹੀ ਅਸੀਂ ਆਪਣੇ ਨਸ਼ਾਨੇ ਤੇ ਅਪੜਾਂਗੇ।

ਵੀ

# ਸਿਖ ਪੰਥ ਵਿਚ ਫੁਟ ਅਤੇ ਲੜਾਈ ਝਗੜੇ ਕਿਉਂ ?

ਮੈਨੂੰ ਲਗ-ਪਗ ੩੦—੩੫ ਸਾਲ ਦੇ ਪੰਥਕ ਇਤਿਹਾਸ ਦੀ ਜ਼ਾਤੀ ਵਾਕਫ਼ੀ ਹੈ। ੧੯੦੫ ਤੋਂ ਮੈਂ ਪੰਥਕ ਮਾਮਲਿਆਂ ਨਾਲ ਦਿਲਚਸਪੀ ਲੈ ਰਿਹਾ ਹਾਂ ਅਤੇ ਕਈ ਲਹਿਰਾਂ ਵਿਚ ਅਮਲੀ ਤੇ ਸਰਗਰਮ ਹਿੱਸਾ ਵੀ ਲਿਆ ਹੈ। ਪੁਰਾਤਨ ਸਿਖ ਇਤਿਹਾਸ ਤੋਂ ਵੀ ਮੈਂ ਪੁਸਤਕਾਂ ਨੂੰ ਪੜ੍ਹਕੇ ਕਾਫ਼ੀ ... ਹਾਂ ਅਤੇ ਮੈਂ ਏਹ ਕਹਿ ਸਕਦਾ ਹਾਂ ਕਿ ਸਿਖ ਪੰਥ ਲਗ-ਪਗ ਸਦਾ ਹੀ ...ਰੂਨੀ ਝਗੜਿਆਂ ਲੜਾਈਆਂ ਵਿਚ ਰੁਝਿਆ ਰਿਹਾ ਹੈ—ਕਦੀ ਘਟ ਕਦੀ ਵਧ ...ਤੀ ਦਾ ਸਮਾਂ ਸ਼ੈਦ ਹੀ ਕਦੀ ਵਰਤਿਆ ਹੋਵੇ। ਅੰਦਰੂਨੀ ਤੌਰ ਤੇ ਆਗੂਆਂ, ...ਰਟੀਆਂ, ਗੱਦੀਆਂ ਅਤੇ ਫਿਰਕਿਆਂ ਦੇ ਆਪੋ ਵਿਚ ਝਗੜੇ ਰਹੇ ਹਨ ਅਤੇ ...ਹੁੰਦੀਆਂ ਰਹੀਆਂ ਹਨ ਅਤੇ ਬੇਰੂਨੀ ਤੌਰ ਤੇ ਹਕੂਮਤ ਨਾਲ ਟਾਕਰਿਆਂ ਤੋਂ ...ਮਜ਼ਹਬਾਂ ਦੇ ਹਮਲਿਆਂ ਤੇ ਖਤਰਿਆਂ ਦੇ ਮੁਕਾਬਲੇ ਲਈ ਤਿਆਰੀਆਂ ਤੇ ...ਦੇ ਰਹੇ ਹਨ।

...ਮੈਂ ਹੋਸ਼ ਸੰਭਾਲੀ ਤਾਂ ਸਿੰਘ ਸਭਾ ਲਹਿਰ ਠਾਠਾਂ ਮਾਰ ਰਹੀ ਸੀ। ਸਿੰਘ ... ਦੀਵਾਨ ਬਣ ਰਹੇ ਸਨ। ਸਕੂਲ ਖੁਲ੍ਹ ਰਹੇ ਸਨ, ਦੀਵਾਨਾਂ ਤੇ ਕਾਨਫ੍ਰੰਸਾਂ ਦੇ ...ਹੁੰਦੇ ਸਨ। ਸਿਖ ਪੰਥ ਵਿਚ ਉਸ ਵੇਲੇ ਖੂਬ ਜੋਸ਼ ਤੇ ਉਤਸ਼ਾਹ ਨਜ਼ਰ ਆਉਂਦਾ ...ਅੰਦਰੂਨੀ ਤੇ ਬੇਰੂਨੀ ਝਗੜੇ ਤੇ ਲੜਾਈਆਂ ਵੀ ਖੂਬ ਤੇਜ਼ ਸਨ। ਨਾਮਧਾਰੀਆਂ ਦੇ ... ਪਹਿਲਾਂ ਹੀ ਮਹੰਤੀ ਗੱਦੀਆਂ ਤੇ ਤਖਤਾਂ ਨੇ ਛੇਕੇ ਦਿਤੇ ਹੋਏ ਸਨ। ਹੁਣ ਸਿੰਘ ...ਹਰ ਨੇ ਵੀ ਨਾਮਧਾਰੀਆਂ ਨੂੰ ਖਾਸ ਤੌਰ ਤੇ ਆਪਣਾ ਨਸ਼ਾਨਾ ਬਣਾਇਆ ਤੇ ਇਨ੍ਹਾਂ ... ਖਾਰਜ ਦਸਿਆ; ਪਰ ਸਨਾਤਨੀ ਸਿਖ, ਮਹੰਤ, ਪੁਜਾਰੀ, ਤਖਤਾਂ ਦੇ ਮੁਖੀਏ, ਨਿਰਮਲੇ ਸੰਤ ਤੇ ਸਾਧ ਸਭ ਸਿੰਘ ਸਭਾ ਦੇ ਵਿਰੁਧ ਉਠ ਖੜੋਤੇ। ਸਿੰਘ ਸਭੀਆਂ ... ਖਾਲਸਾ ਤੇ ਭ੍ਰਿਸ਼ਟ ਬੁਧੀਏ ਕਿਹਾ ਜਾਂਦਾ ਸੀ ਤੇ ਇਨ੍ਹਾਂ ਲਈ ਤਖਤਾਂ ਤੇ ਚੜ੍ਹਣ ... ਬੰਦ ਸੀ ਤੇ ਅਰਦਾਸੇ ਵੀ ਬੰਦ ਸਨ। ਸਿੰਘ ਸਭਾ ਵਲੋਂ ਇਨ੍ਹਾਂ ਉਤੇ ਵੀ ਹੱਦੋਂ ...ਵੇ ਹੋਏ ਹਮਲੇ ਹੁੰਦੇ ਸਨ। ਦੁਵੱਲੀਓਂ ਗਾਲ੍ਹਾਂ ਕਢੀਆਂ ਜਾਂਦੀਆਂ ਸਨ, ਕਈ ਵੇਰਾਂ ...ਸ਼ਾਦੀਆਂ ਅਤੇ ਸਮਾਗਮਾਂ ਵਿਚ ਲੜਾਈਆਂ ਤੇ ਝਗੜੇ ਵੀ ਹੋ ਜਾਂਦੇ ਸਨ, ਕਈ ...ਸਿੰਘ ਸਭੀਏ ਬਾਈਕਾਟ ਹੋ ਜਾਂਦੇ ਸਨ। ਨਿਰੰਕਾਰੀਆਂ ਤੇ ਸੋਢੀ ਤੇ ਬੇਦੀ ਬਾਵਿਆਂ ... ਝਗੜੇ ਹੁੰਦੇ ਸਨ। ਏਹ ਤਾਂ ਸਨ ਪੰਥ ਦੇ ਅੰਦਰੂਨੀ ਝਗੜੇ। ਬੇਰੂਨੀ ਤੌਰ ਤੇ

ਆਰੀਆ ਸਮਾਜ ਨਾਲ ਜ਼ਬਰਦਸਤ ਟੱਕਰ ਸੀ। ਸਿੰਘ ਸਭਾ ਤੇ ਆਰੀਆ ਘੜੇ ਵੱਟੇ ਵਾਲਾ ਵੈਰ ਸੀ। ਇਧਰੋਂ ਸੁਆਮੀ ਦਯਾਨੰਦ ਅਤੇ ਨਯੋਗ ਦੇ ਮਸਲੇ ਵੇਦਾਂ ਪੁਰਾਣਾਂ ਉਪਰ ਹਮਲੇ ਹੁੰਦੇ ਸਨ। ਉਧਰੋਂ ਗੁਰੂਆਂ ਉਤੇ ਅਤੇ ਗੁਰਬਾਣੀ ਉਤੇ ਹੁੰਦੀਆਂ ਸਨ। ਸਨਾਤਨੀਆਂ ਨਾਲ ਵੀ ਝੜਪਾਂ ਹੁੰਦੀਆਂ ਸਨ ਪਰ ਆਰੀਆ ਸਮਾਜ ਸਿੰਘ ਸਭੀਏ ਨਾਂ ਵੀ ਸੁਣਨਾ ਪਸੰਦ ਨਹੀਂ ਕਰਦੇ ਸਨ।

ਕੁਝ ਵਰ੍ਹਿਆਂ ਮਗਰੋਂ ਫਿਰ ਸਿੰਘ ਸਭਾ ਦੇ ਅੰਦਰ ਆਪੋ ਵਿਚ ਹੋਰ ਝਗੜੇ ... ਪਹਿਲਾਂ ਲਾਹੌਰ ਤੇ ਅੰਮ੍ਰਿਤਸਰ ਦੇ ਧੜਿਆਂ ਦੇ ਦੀਵਾਨਾਂ ਦਾ ਝਗੜਾ ਪਿਆ ... ਦੀਵਾਨ ਲਾਹੌਰ ਦੇ ਟਾਕਰੇ ਤੇ ਚੀਫ਼ ਖਾਲਸਾ ਦੀਵਾਨ ਬਣਿਆ। ਫਿਰ ਇਨ੍ਹਾਂ ... ਉਤੇ ਭਸੌੜ ਵਿਚ ਪੰਚ ਖਾਲਸਾ ਦੀਵਾਨ ਖੜਾ ਹੋ ਗਿਆ। ਉਸਦਾ ਵਿਰੋਧ ਚੀਫ਼ ਦੀਵਾਨ ਨਾਲ ਸ਼ੁਰੂ ਹੋ ਗਿਆ। ਪਹਿਲਾਂ ਸਿੰਘ ਸਭਾ ਵਾਲੇ ਹੋਰ ਸਿਖ ਫਿਰਕਿਆਂ ਸਨਾਤਨੀ ਸਿਖਾਂ ਨੂੰ ਢਿਲੜ ਤੇ ਕੱਚੇ ਪਿਲੇ ਕਹਿੰਦੇ ਸਨ ਹੁਣ ਭਸੌੜ ਵਾਲੇ ਪੰਚ ਦੀਵਾਨ ਬਣਾਕੇ ਸਿੰਘ ਸਭੀਆਂ ਨੂੰ ਢਿਲੜ ਕਹਿਣ ਲਗ ਪਏ। ਫਿਰ ਕੁਝ ਹੋਰ ... ਪੈਦਾ ਹੋ ਗਏ। ਮਾਝੇ ਵਿਚ ਸੈਂਟ੍ਰਲ ਖਾਲਸਾ ਦੀਵਾਨ ਮਾਝਾ ਬਣ ਗਿਆ, ਗੜ੍ਹਗੱਜ ... ਬਣ ਗਿਆ। ਦੇਸ ਵਿਚ ਰਾਜਸੀ ਅੰਦੋਲਨ ਵੀ ਗਰਮ ਹੋ ਰਿਹਾ ਸੀ। ੧੯੧੪-੧੫ ... ਦੇਸ਼ ਵਿਚ ਗ਼ਦਰ ਅਤੇ ਇਨਕਲਾਬ ਦੀਆਂ ਸਾਜ਼ਸ਼ਾਂ ਵੀ ਹੋਈਆਂ ਜਿਨ੍ਹਾਂ ਵਿਚ ... ਨੇ ਹਿੱਸਾ ਲਿਆ। ਫਿਰ ਜਰਮਨ ਜੰਗ ਅਤੇ ਮਾਰਸ਼ਲ ਲਾਅ ਦੇ ਘਮਸਾਣ ਮਚੇ ... ਅਸਰ ਵੀ ਸਿਖ ਪੰਥ ਉਤੇ ਬਹੁਤ ਹੋਇਆ। ਸਨੇ ਸਨੇ ਸਾਰੇ ਗਰਮ ਅਨਸਰ ਇਕੱਠੇ ... ਤੇ ਅਕਾਲੀ ਲਹਿਰ ਦੀ ਸ਼ਕਲ ਧਾਰਨ ਕਰ ਲਈ।

ਅਕਾਲੀ ਲਹਿਰ ਦਾ ਨਸ਼ਾਨਾ ਗੁਰਦੁਆਰਿਆਂ ਦੇ ਮਹੰਤ ਸਨ ਪਰ ਮਹੰਤਾਂ ਦੀ ਸਹਾਇਕ ਹਕੂਮਤ ਸੀ ਇਸ ਵਾਸਤੇ ਹਕੂਮਤ ਨਾਲ ਵੀ ਟਾਕਰਾ ਹੋ ਪਿਆ ... ਲਹਿਰ ਹਕੂਮਤ ਬਰਤਾਨੀਆ ਦੇ ਰਸੂਖ ਤੇ ਰੁਹਬ ਦਾਬ ਨੂੰ ਕਰੜੀ ਸੱਟ ਲਾ ਰਹੀ ... ਵਾਸਤੇ ਕਾਂਗ੍ਰਸ ਤੇ ਇਨਕਲਾਬੀ ਧੜੇ ਦੀ ਹਮਦਰਦੀ ਇਸਦੇ ਨਾਲ ਸੀ। ਇਸ ... ਤੇ ਤੇਜ ਪ੍ਰਤਾਪ ਵਧਿਆ। ਪੁਰਾਣੇ ਦੀਵਾਨ ਤੇ ਸਿੰਘ ਸਭਾਵਾਂ ਸਰਕਾਰੀ ... ਅਸਰ ਹੇਠਾਂ ਸਨ ਜਾਂ ਸਕੂਲਾਂ ਤੇ ਆਸ਼ਰਮਾਂ ਦੀਆਂ ਜ਼ਿਮੇਵਾਰੀਆਂ ਉਨ੍ਹਾਂ ਦੇ ... ਜਿਸ ਕਰਕੇ ਉਹ ਹਕੂਮਤ ਨਾਲ ਟੱਕਰ ਲਾਣ ਵਾਲੀ ਗਰਮ ਲਹਿਰ ਵਿਚ ... ਸਨ ਹੋ ਸਕਦੇ। ਇਸ ਕਰਕੇ ਅਕਾਲੀ ਲਹਿਰ ਨੇ ਇਨ੍ਹਾਂ ਨੂੰ ਵੀ ਮਾਤ ... ਨਾਮਧਾਰੀਆਂ ਦੀ ਹਮਾਇਤ ਓਦੋਂ ਮਹੰਤਾਂ ਨੂੰ ਪ੍ਰਾਪਤ ਸੀ ਇਸ ਵਾਸਤੇ ਇਨ੍ਹਾਂ ... ਅਕਾਲੀਆਂ ਦੀ ਟੱਕਰ ਹੁੰਦੀ ਰਹੀ ਤੇ ਝਗੜੇ ਛਿੜਦੇ ਰਹੇ। ਉਦਾਸੀਆਂ ਤੇ ... ਨਾਲ ਵੀ ਝਗੜੇ ਹੋਏ। ਅਕਾਲੀ ਲਹਿਰ ਵਿਚ ਵੀ ਪੁਰਾਣੇ ਤਰੀਕੇ ... ਵਿਰੋਧੀਆਂ ਨੂੰ ਬਾਈਕਾਟ ਤੇ ਖ਼ਾਰਜ ਕੀਤਾ ਗਿਆ ਪਰ ਪੁਰਾਣੇ ਝਗੜੇ ... ਆਰੀਆ ਸਮਾਜ ਨਾਲ ਪਹਿਲੇ ਵਰਗੀ ਨਫ਼ਰਤ ਨਾ ਰਹੀ। ਸਹਿਜਧਾਰੀ ... ਵੀ ਮੇਲ ਵਧਿਆ।

ਪਰ ਕੁਝ ਹੀ ਸਮੇਂ ਮਗਰੋਂ ਫਿਰ ਅਕਾਲੀ ਲਹਿਰ ਦੇ ਮੁਖੀਆਂ ਵਿਚ ਫੁਟ ... ਦੋ ਧੜੇ ਬਣ ਗਏ—ਇਕ ਅਕਾਲੀ ਪਾਰਟੀ ਜਿਸਦੇ ਮੁਖੀ ਮਾਸਟਰ ਤਾਰਾ ਸਿੰਘ ...

ਪਾਰਟੀ ਜਿਸ ਦੇ ਮੁਖੀ ਸ: ਬ: ਮਹਿਤਾਬ ਸਿੰਘ ਤੇ ਗਿਆਨੀ ਸ਼ੇਰ ਸਿੰਘ ਜੀ ਦੋ ਪਾਰਟੀਆਂ ਦੀ ਲੜਾਈ ਡਾਢੀ ਹੀ ਅਫ਼ਸੋਸਨਾਕ ਸੀ। ਗਾਲ੍ਹਾਂ ਤੇ ਭੰਡੀਆਂ ਚੀਫ਼ ਖਾਲਸਾ ਦੀਵਾਨ ਜੋ ਅਕਾਲੀ ਲਹਿਰ ਦੇ ਸਮੇਂ ਮੋਨੀ ਜਿਹਾ ਬਣਿਆ ਅਸੰਬਲੀ ਦੀ ਚੋਣ ਸਮੇਂ ਫਿਰ ਮੈਦਾਨ ਵਿਚ ਆ ਗੱਜਿਆ। ਅਕਾਲੀ ਪਾਰਟੀ, ਚੀਫ਼ ਖਾਲਸਾ ਦੀਵਾਨ ਪਾਰਟੀ ਅਤੇ ਕਾਂਗ੍ਰਸ ਸਿਖ ਪਾਰਟੀ ਵਿਚ ਰਹੇ। ਇਸਤੋਂ ਬਿਨਾਂ ਬੇਰੂਨੀ ਖਤਰੇ ਵੀ ਨਿਹਾਇਤ ਖੌਫ਼-ਨਾਕ ਸ਼ਕਲਾਂ ਵਿਚ ਰਹੇ। ਨਹਿਰੂ ਰਪੋਟ ਨੂੰ ਸਿੱਖ ਹੱਕਾਂ ਦੀ ਕਾਤਲ ਪ੍ਰਗਟ ਕੀਤਾ ਗਿਆ। ਐਵਾਰਡ ਨੂੰ ਇਸਲਾਮੀ ਰਾਜ ਤੇ ਮੁਗਲ ਰਾਜ ਕੈਮ ਕਰਨ ਵਾਲਾ ਪ੍ਰਗਟ ਜਨਤਾ ਨੂੰ ਉਭਾਰਿਆ ਗਿਆ ਅਤੇ ਸ਼ਹੀਦ ਗੰਜ ਦੇ ਸੁਆਲ ਉਤੇ ਲੜਾਈਆਂ ਦੀਆਂ ਝਾਕੀਆਂ ਸਾਮ੍ਹਣੇ ਦਿੱਸਣ ਲੱਗ ਪਈਆਂ।

ਇਸ ਸਮੇਂ ਖਾਕਸਾਰ ਲਹਿਰ ਦਾ ਭਿਆਨਕ ਖਤਰਾ ਸਾਮ੍ਹਣੇ ਰੱਖ ਕੇ ਅਕਾਲ ਰਜਮਟ ਹੋ ਰਹੀ ਹੈ ਅਤੇ ਨਾਸਤਕ, ਪਤਿਤ ਅਤੇ ਸਿੱਖੀ ਦੇ ਭੇਸ ਵਿਚ ਪੰਥ ਦੇ ਦੁਸ਼ਮਨਾਂ ਦੇ ਕੇ ਅਕਾਲੀ ਜਥੇ-ਬੰਦੀ ਨੂੰ ਮਜ਼ਬੂਤ ਤੇ ਤਾਕਤਵਰ ਬਣਾਇਆ ਜਾ ਰਿਹਾ ਹੈ।

ਇਸ ਅਰਸੇ ਵਿਚ ਕੁਝ ਖਾਸ ਤਬਦੀਲੀਆਂ ਵੀ ਹੋਈਆਂ ਹਨ, ਅਕਾਲੀ ਪਾਰਟੀ ਤੇ ਨਾਮਧਾਰੀਆਂ ਦਾ ਗੂੜ੍ਹਾ ਮੇਲ ਹੋ ਗਿਆ ਹੈ। ਇਕ ਦੂਜੇ ਦੇ ਦੀਵਾਨਾਂ ਵਿਚ ਜਾਣਾ ਪ੍ਰਚਾਰ ਕਰਨਾ ਅਤੇ ਇਕ ਦੂਜੇ ਦੀ ਮਦਦ ਕਰਨੀ। ਆਰੀਆ-ਸਮਾਜ ਨਾਲ ਅਕਾਲੀ ਪਾਰਟੀ ਦੇ ਸਬੰਧ ਬਹੁਤ ਚੰਗੇ ਹੋ ਗਏ ਹਨ। ਏਹ ਸਭ ਗੱਲਾਂ ਕੁਦਰਤੀ ਇਨ੍ਹਾਂ ਵਿਚ ਕੋਈ ਵੀ ਅਸਚਰਜ ਗੱਲ ਨਹੀਂ। ਜਿਸ ਸਮਾਜਕ ਰਾਜਸਕ ਤੇ ਆਰਥਕ ਵਿਚੋਂ ਅਸੀ ਲੰਘ ਰਹੇ ਹਾਂ ਉਸ ਵਿਚ ਹੋਰ ਵੀ ਕਈ ਗੱਲਾਂ ਸੰਭਵ ਹਨ। ਰਾਮ ਬੜੇ ਚਿਰ ਤੋਂ ਸਿਖ ਪੰਥ ਵਿਚ ਬਾਈਕਾਟ ਸਮਝੇ ਜਾਂਦੇ ਹਨ। ਅੰਮ੍ਰਿਤ ਛਕਾਣ ਕਿਹਾ ਜਾਂਦਾ ਹੈ ਕਿ ਧੀਰਮਲੀਆਂ, ਰਾਮ-ਰਾਈਆਂ ਨਾਲ ਨਹੀਂ ਵਰਤਨਾ। ਜਿਹੇ ਰਾਮ ਰਾਏ ਦੀ ਇਕ ਗੱਦੀ ਨਾਲ ਅਕਾਲੀਆਂ ਦਾ ਮੁਕੱਦਮਾ ਚਲਿਆ, ਅਕਾਲੀਆਂ ਦੇ ਵਕੀਲ ਨੇ ਇਹ ਸਿੱਧ ਕਰਨ ਦੀ ਕੋਸ਼ਸ਼ ਕੀਤੀ ਕਿ ਰਾਮ ਰਾਈਏ ਕਾਟ ਨਹੀਂ ਹਨ। ਰਹਿਤ ਨਾਮਿਆਂ ਵਿਚ ਠੀਕ ਨਹੀਂ ਲਿਖਿਆ ਗਿਆ। ਰਾਮ ਰਾਇ ਗੋਬਿੰਦ ਸਿੰਘ ਜੀ ਦੀ ਸੁਲਹ ਹੋ ਚੁਕੀ ਸੀ ਤੇ ਮੇਲ ਹੋ ਗਿਆ ਸੀ।

ਸਿਖ ਪੰਥ ਦੀ ਮੌਜੂਦਾ ਹਾਲਤ ਏਹ ਹੈ ਕਿ ਇਸ ਵਿਚ ਪਾਰਟੀਆਂ ਹਨ, ਫਿਰਕਿਆਂ ਦੇ ਝਗੜੇ ਹਨ। ਫਿਰਕਿਆਂ ਤੇ ਪਾਰਟੀਆਂ ਦੇ ਜੁਟ ਹੋਂਦੇ ਰਹਿੰਦੇ ਹਨ। ਮੇਲ ਤੇ ਸਮਝੌਤੇ ਵਾਰੋ ਵਾਰੀ ਹੋਂਦੇ ਤੇ ਭਜਦੇ ਰਹਿੰਦੇ ਹਨ। ਸਾਹਿਬ ਵਿਚ ਸਰਬ ਸਿਖ ਸੰਪ੍ਰਦਾਇ ਕਾਨਫ੍ਰੰਸ ਹੋਈ ਸੀ ਤਾਂ ਨਾਮਧਾਰੀਆਂ ਫ਼ ਖਾਲਸਾ ਦੀਵਾਨ ਨਾਲ ਵਧੇਰੇ ਮੇਲ ਸੀ ਪਰ ਬਾਬਾ ਪ੍ਰਤਾਪ ਸਿੰਘ ਜੀ ਗਾਧਾ ਆਂ ਤੇ ਉਦਾਸੀਆਂ ਨੂੰ ਵੀ ਨਾਲ ਰੱਖਣ ਦੀ ਕੋਸ਼ਸ਼ ਕਰਦੇ ਸਨ। ਮਗਰੋਂ ਆ ਕੇ ਗੀ ਮੁਕੰਮਲ ਤੌਰ ਤੇ ਅਕਾਲੀ ਪਾਰਟੀ ਨਾਲ ਮਿਲ ਗਏ। ਨਿਰਮਲਿਆਂ ਨਾਲ ਵੀ ਮੇਲ ਹੋ ਗਿਆ। ਪਰ ਕਈ ਛੋਟੇ ਤੇ ਕਮਜ਼ੋਰ ਧੜੇ ਜਾਂ ਫਿਰਕੇ ਅਣ-ਪੁਛੇ ਪਏ ਹਨ। ਵਿਰੋਧ, ਲੜਾਈਆਂ ਕੁਝ ਮਠੀਆਂ ਹਨ ਪਰ ਆਉਣ ਵਾਲੀਆਂ ਚੋਣਾਂ ਲਈ ਇਸੇ

ਤਰ੍ਹਾਂ ਤਿਆਰ ਹੋ ਰਹੇ ਹਨ, ਜਿਵੇਂ ਜਰਮਨੀ ਤੇ ਬਰਤਾਨੀਆਂ ਫੌਜੀ ਤਿਆਰੀ ਕਰ ਰਹੇ ਹ

ਪੁਰਾਤਨ ਇਤਿਹਾਸ ਨੂੰ ਛੱਡ ਕੇ ਕੇਵਲ ਨਵੇਂ ੩੦—੩੫ ਸਾਲ ਦੇ ਇਤਿਹਾਸ ਨੂੰ ਜਦ ਵੇਖੀਦਾ ਹੈ ਤਾਂ ਦਿਲ ਕੰਬ ਉਠਦਾ ਹੈ। ਇਹ ਪੰਚੈਤੀ ਜਥੇ-ਬੰਦੀ, ਵਿਦਅਕ ਬਿਉਪਾਰਕ ਉੱਨਤੀ ਦਾ ਸਮਾ ਹੈ ਪਰ ਇਸ ਵਿਚ ਵੀ ਆਪਸ ਵਿਚ ਦੀ ਫੁਟ, ਲੜਾਈ ਝਗੜੇ, ਵੈਰ ਵਿਰੋਧ ਤੇ ਧੜੇ-ਬੰਦੀਆਂ ਵੇਖ ਕੇ ਸੁਆਲ ਪੈਦਾ ਹੋਂਦਾ ਹੈ ਕਿ ਕੀ ਸਿਖ ਦੀ ਹਾਲਤ ਇਸੇ ਤਰ੍ਹਾਂ ਹੀ ਰਹੇਗੀ ? ਕੀ ਕਦੀ ਪੂਰਨ ਮੇਲ-ਮਿਲਾਪ ਤੇ ਸ਼ਾਂਤੀ ਵਰਤੇਗੀ ਇਨ੍ਹਾਂ ਲੜਾਈਆਂ ਝਗੜਿਆਂ ਤੇ ਧੜੇ-ਬੰਦੀਆਂ ਦਾ ਮੂਲ ਕਾਰਨ ਕੀ ਹੈ ? ਉਹ ਕਾ ਕਿਸ ਤਰ੍ਹਾਂ ਦੂਰ ਹੋ ਸਕਦਾ ਹੈ ?

ਏਹ ਸੁਆਲ ਹਨ ਜੇਹੜੇ ਹਰ ਇਕ ਸਿਖ ਦੇ ਦਿਲ ਵਿਚ ਪੈਦਾ ਹੋਣੇ ਜ਼ਰੂਰੀ ਹਨ ਇਨ੍ਹਾਂ ਸੁਆਲਾਂ ਦੇ ਸਹੀ ਉੱਤਰ ਸੱਚ-ਮੁਚ ਸਿਖ ਪੰਥ ਦੀ ਹਾਲਤ ਬਦਲ ਸਕਦੇ ਹ ਇਨ੍ਹਾਂ ਸੁਆਲਾਂ ਦੇ ਉੱਤਰ ਲੱਭਣ ਤੋਂ ਪਹਿਲਾਂ ਆਓ ਪਿਛਲੇ ੩੫ ਸਾਲਾਂ ਦੇ ਇਤਿਹ ਨੂੰ ਅੱਖਾਂ ਦੇ ਸਾਮ੍ਹਣੇ ਰੱਖ ਕੇ ਕੁਝ ਜ਼ਰੂਰੀ ਸਿਟੇ ਕੱਢੀਏ—

੧. ਸਿੱਖ ਪੰਥ ਵਿਚ ਚਿਰ ਤੋਂ ਆਪਸ ਵਿਚ ਧੜਿਆਂ, ਪਾਰਟੀਆਂ ਤੇ ਫਿਰਕਿ ਵਿਚ ਫੁਟ ਝਗੜੇ ਚਲੇ ਆ ਰਹੇ ਹਨ ਅਤੇ ਇਨ੍ਹਾਂ ਦੇ ਮਿਟਣ ਦੀ ਕੋਈ ਆਸ ਨਹੀਂ।

੨. ਨਵੀਂ ਉਠ ਰਹੀ ਹਰ ਇਕ ਲਹਿਰ ਨੂੰ ਮਹੰਤੀ ਗੱਦੀਆਂ ਤੇ ਤਖ਼ਤਾਂ ਦਬਾਇਆ ਜਾਂਦਾ ਹੈ।

੩. ਗੱਦੀਆਂ ਤੇ ਤਖ਼ਤਾਂ ਵਲੋਂ ਛੇਕੇ ਹੋਏ ਤੇ ਬਾਈ-ਕਾਟ ਕੀਤੇ ਹੋਏ ਕਈ ਮੁਖੀਏ ਤੇ ਪ੍ਰਧਾਨ ਬਣ ਜਾਂਦੇ ਹਨ। ਕਈ ਵੇਰਾਂ ਓਹ ਵੀ ਦੂਜਿਆਂ ਨੂੰ ਛੇਕਣ ਲੱਗ ਪੈਂਦੇ ਹ

੪. ਮੌਜੂਦਾ ਧੜਿਆਂ ਤੇ ਪਾਰਟੀਆਂ ਦੇ ਝਗੜੇ ਦੀ ਹਾਲਤ ਕਿਸੇ ਬੇਰੂਨੀ ਡਰ, ਜਾਂ ਹਊਏ ਦੀ ਜ਼ਰੂਰ ਲੋੜ ਬਣੀ ਰਹਿੰਦੀ ਹੈ।

੫. ਪਾਰਟੀਆਂ, ਧੜਿਆਂ ਤੇ ਫਿਰਕਿਆਂ ਦੀ ਲੜਾਈ ਸਮੇਂ ਭਾਵੇਂ ਇਕ ਦੂਜੇ ਭੰਡਿਆ ਤੇ ਸਿਖੀਓਂ ਖਾਰਜ ਕੀਤਾ ਜਾਂਦਾ ਹੈ, ਪਰ ਸਮਾ ਪਾਕੇ ਫਿਰ ਮੇਲ ਤੇ ਸਮਝੌਤੇ ਹੁੰਦੇ ਰਹਿੰਦੇ ਹਨ ਜਿਸ ਤੋਂ ਸਿਧ ਹੁੰਦਾ ਹੈ ਕਿ ਏਹ ਲੜਾਈਆਂ ਅਸੂਲੀ ਤੇ ਸਿਧਾਂਤਕ ਨ ਹਨ, ਇਨ੍ਹਾਂ ਦੇ ਕਾਰਨ ਕੁਝ ਹੋਰ ਹਨ।

੬. ਸਿੰਘ ਸਭਾ ਲਹਿਰ, ਵਿਦਿਅਕ ਲਹਿਰ ਅਤੇ ਅਕਾਲੀ ਲਹਿਰ ਵਿਚ ਭਾਵੇਂ ਜਨਤਾ ਨੇ ਆਪਣੀ ਗਾਹੜੀ ਕਮਾਈ ਵਿਚੋਂ ਕਰੋੜਾਂ ਰੁਪਏ ਦਿਤੇ, ਕੁਰਬਾਨੀਆਂ ਕੀਤੀ ਜੇਹਲਾਂ ਭੁਗਤੀਆਂ, ਗੋਲੀਆਂ ਖਾਧੀਆਂ, ਘਰ ਬਾਰ ਉਜਾੜੇ ਪਰ ਫਿਰ ਵੀ ਗ਼ਰੀਬੀ ਤੇ ਭੁਖ ਨੰਗ ਵਧਦੀ ਹੀ ਜਾ ਰਹੀ ਹੈ। ਸਿਖ ਪੰਥ ਹੋਰ ਮਜ਼ਹਬਾਂ ਦੇ ਟਾਕਰੇ ਤੇ ਕੋਈ ਤਰੱਕੀ ਨਹੀਂ ਕਰ ਰਿਹਾ।

੭. ਇਸ ਸਮੇਂ ਲੜਾਈ ਗਰਮ ਨਹੀਂ ਪਰ ਪਾਰਟੀਆਂ ਤੇ ਧੜਿਆਂ ਦੀ ਬੇਦਿਲੀ ਤੇ ਸ਼ਕ ਘੋਲ ਲਈ ਖ਼ੂਬ ਤਿਆਰੇ ਕਰਵਾ ਰਹੇ ਹਨ।

ਮਹਿਸੂਸ ਤੇ ਸਭ ਕਰਦੇ ਹਨ ਅਤੇ ਇਲਾਜ ਵੀ ਸੋਚਦੇ ਹਨ। ਕਈ ਵੇਰਾਂ ਪਾਠ ਹੋਏ ਅਤੇ ਅਰਦਾਸੇ ਸੋਧੇ ਗਏ ਕਿ ਹੇ ਵਾਹਿਗੁਰੂ ਸਿਖਾਂ ਵਿਚੋਂ ਫੁਟ ਦੂਰ ਕਰੋ ਕੁਰੋ। ਕਈ ਮਿਲਾਪ ਕਾਨਫ੍ਰੰਸਾਂ ਹੋਈਆਂ, ਕਈ ਵੇਰਾਂ ਫਿਰਕੂ ਐਵਾਰਡ, ਸਿਖ-ਧਰਮ

ਤੇ ਸ਼ਹੀਦ ਗੰਜ ਦੇ ਮੋਰਚਿਆਂ ਵਰਗੇ ਸਾਂਝੇ ਸੁਆਲਾਂ ਦੇ ਸਮੇਂ ਸਭ ਧੜਿਆਂ ਤੇ ਪਾਰਟੀਆਂ ਇਕੱਠਾ ਕਰਨ ਦੇ ਯਤਨ ਹੋਏ, ਕਈ ਵੇਰਾਂ ਸਭ ਸਭਾ ਸੁਸਾਇਟੀਆਂ ਤੇ ਜਥੇ ਤੋੜਕੇ ਪ੍ਰਤਿਨਿਧ ਜਥਾ ਬਨਾਣ ਦੀਆਂ ਤਜਵੀਜ਼ਾਂ ਹੋਈਆਂ। ਇਕ ਵੇਰਾਂ ਇਕ ਬੀਬੀ ਨੇ ਮਰਨ ਬਰਤ ਵੀ ਧਾਰਨ ਕੀਤਾ ਪਰ ਇਸ ਵੇਲੇ ਤਕ ਕੋਈ ਉਪਾ ਵੀ ਸਫਲ ਨਹੀਂ ਹੋਇਆ। ਸੋਚਣਾ ਚਾਹੀਦਾ ਹੈ ਇਸ ਫੁਟ ਤੇ ਲੜਾਈ ਦਾ ਮੂਲ ਕਾਰਨ ਕੀ ਹੈ?

੧. ਕੁਝ ਮਹਾਂਪੁਰਸ਼ ਵਿਚਾਰਵਾਨ ਏਹ ਕਹਿੰਦੇ ਹਨ ਸਿਖਾਂ ਵਿਚ ਧਰਮ ਘਟ ਗਿਆ ਹੈ, ਬਾਣੀ ਨਹੀਂ ਪੜ੍ਹਦੇ, ਨਾਮ ਨਹੀਂ ਜਪਦੇ, ਰਹਿਤਾਂ ਨਾਲ ਪ੍ਰੇਮ ਨਹੀਂ ਰਖਦੇ ਇਸ ਕਰਕੇ ਗਿਰਾਵਟ ਆਈ ਹੈ।

ਪਰ ਏਹ ਗਲ ਠੀਕ ਨਹੀਂ ਜਾਪਦੀ। ਮੈਂ ਵੇਖ ਰਿਹਾ ਹਾਂ ਕਿ ਅਗੇਨਾਲੋਂ ਗੁਰਦੁਆਰੇ, ਗ੍ਰੰਥੀ, ਰਾਗੀ, ਉਪਦੇਸ਼ਕ ਤੇ ਸੰਤ ਕਈ ਗੁਣਾਂ ਵਧ ਗਏ। ਬਾਣੀ ਦਾ ਪਾਠ ਬਹੁਤ ਜ਼ਿਆਦਾ ਹੁੰਦਾ ਹੈ। ਗੁਰਪੁਰਬ ਜ਼ਿਆਦਾ ਮਨਾਏ ਜਾਂਦੇ ਹਨ। ਗੁਰਬਾਣੀ ਦੇ ਗ੍ਰੰਥ ਕਈ ਗੁਣਾਂ ਵਧ ਛਪ ਕੇ ਵਿਕਦੇ ਹਨ। ਨਾਮ ਜਪਣ ਵਾਲੇ, ਅਠ ਅਠ ਪਹਿਰ ਸਮਾਧੀਆਂ ਲਾਣ ਵਾਲੇ ਵੀ ਬੇਅੰਤ ਹਨ। ਸ਼ੈਦ ਏਹ ਕਿਹਾ ਜਾਵੇ ਕਿ ਲੋਕੀ ਏਹ ਕੰਮ ਦਿਲੋਂ ਨਹੀਂ ਕਰਦੇ, ਵਿਖਾਵੇ ਨਾਲ ਕਰਦੇ ਹਨ। ਫਿਰ ਇਸਦੀ ਵੀ ਤਾਂ ਕੋਈ ਵਜਾ ਹੋਣੀ ਚਾਹੀਦੀ ਹੈ, ਨਾਲੇ ਪਾਠ ਕਰਨ ਵਾਲੇ, ਬਾਣੀਆਂ ਪੜ੍ਹਣ ਵਾਲੇ ਤੇ ਨਾਮ ਜਪਣ ਵਾਲਿਆਂ ਨੂੰ ਤਾਂ ਆਪੋ ਵਿਚ ਨਹੀਂ ਲੜਨਾ ਚਾਹੀਦਾ ਉਨ੍ਹਾਂ ਸਾਰਿਆਂਦਾ ਤਾਂਮਿਲਾਪ ਚਾਹੀਦਾ ਹੈਪਰ ਏਹਗਲਵੀਨਹੀਂ ਹੈਉਹ ਸ਼ੈਦ ਵਧੇਰੇਲੜਦੇਹਨ।

੨. ਕੁਝ ਏਹ ਵੀ ਕਹਿੰਦੇ ਹਨ ਕਿ 'ਖਾਲਸਾ ਸੁ ਜੋ ਕਰੇ ਨਿਤ ਜੰਗ' ਭਾਵੇਂ ਬਿਗਾਨਿਆਂ ਨਾਲ ਤੇ ਭਾਵੇਂ ਆਪੋ ਵਿਚ। ਖਾਲਸੇ ਦੇ ਸੁਭਾ ਵਿਚ ਹੀ ਜੁਧ ਜੰਗ ਸ਼ਾਮਲ ਹੈ। ਏਹ ਅਮਨ ਦਾ ਜੀਵਨ ਗੁਜ਼ਾਰ ਹੀ ਨਹੀਂ ਸਕਦਾ। ਅਜਿਹਾ ਕਹਿਣਾ ਸਿਖ ਪੰਥ ਦੀ ਸਖਤ ਹੱਤਕ ਹੈ। ਲੜਾਈ; ਅਨਿਆਂ ਤੇ ਜ਼ੁਲਮ ਦੇ ਵਿਰੁਧ ਜੰਗ ਕਰਨਾ ਹੈ ਨਾ ਕਿ ਹਰ ਸਮੇਂ ਤੇ ਹਰ ਹਾਲਤ ਵਿਚ ਜੰਗ ਹੀ ਕਰੀ ਜਾਣਾ ਹੈ। ਅਜਿਹਾ ਕਹਿਣ ਵਾਲੇ ਸਿਖ ਸਿਧਾਂਤਾਂ ਤੋਂ ਬਿਲਕੁਲ ਅਨਜਾਣ ਹਨ ਤੇ ਸਿਖੀ ਨਾਲ ਇਨਸਾਫ ਨਹੀਂ ਕਰਦੇ।

੩. ਕੁਝ ਸਜਣ ਏਹ ਵੀ ਕਹਿ ਦਿੰਦੇ ਹਨ ਕਿ ਜੀ ਜ਼ਮਾਨਾ ਹੀ ਖਰਾਬ ਹੋ ਗਿਆ ਹੈ। ਦੁਨੀਆਂ ਵਿਗੜ ਗਈ ਹੈ ਤੇ ਓਹੀ ਅਸਰ ਸਿਖ ਪੰਥ ਉਤੇ ਪੈ ਰਿਹਾ ਹੈ। ਇਹ ਵੀ ਕੋਈ ਵਜ਼ਨਦਾਰ ਗਲ ਨਹੀਂ। ਅਸੀਂ ਤਾਂ ਮੂਲ ਕਾਰਨ ਲਭਣਾ ਚਾਹੁੰਦੇ ਹਾਂ ਜੋ ਲੜਾਈ ਝਗੜੇ ਤੇ ਵੈਰ ਵਿਰੋਧ ਦਾ ਮੁਢ ਹੈ ਅਤੇ ਫਿਰ ਉਸਨੂੰ ਦੂਰ ਕਰਕੇ ਅਜਿਹੇ ਸਾਧਨ ਵਰਤਨਾ ਚਾਹੁੰਦੇ ਹਾਂ ਜਿਸ ਨਾਲ ਯਕੀਨ ਹੋ ਸਕੇ ਕਿ ਅਸੀ ਵਧ ਤੋਂ ਵਧ ਮੇਲ ਮਿਲਾਪ ਤੇ ਸ਼ਾਂਤੀ ਨਾਲ ਰਹਿ ਸਕਾਂਗੇ। ਇਹ ਗਲ ਮੰਨ ਲੈਣੀ ਤਾਂ ਨਿਰਾਸਤਾ ਵਿਚ ਡੁਬ ਜਾਣਾ ਹੈ। ਜੇ ਜ਼ਮਾਨਾ ਖਰਾਬ ਹੋ ਗਿਆ ਹੈ ਤਾਂ ਕੀ ਅਸੀਂ ਕਾਰਨ ਲਭਕੇ ਜ਼ਮਾਨਾ ਨਹੀਂ ਬਦਲ ਸਕਦੇ? ਇਸ ਸੰਬੰਧ ਵਿਚ ਮਜ਼ਹਬੀ, ਧਾਰਮਕ, ਸੰਤ, ਮਹੰਤ ਅਤੇ ਸਰਮਾਏਦਾਰ ਨੀਤੀਵਾਨ ਜੋ ਬਿਆਨ ਕਰਦੇ ਹਨ ਉਸ ਨਾਲ ਤਸੱਲੀ ਨਹੀਂ ਹੁੰਦੀ।

੪. ਸਾਮਵਾਦੀ ਜਾਂ ਸਾਂਝੀਵਾਲ ਵੀ ਇਸ ਹਾਲਤ ਦਾ ਨਿਰਨਾ ਕਰਦਾ ਹੈ। ਉਹ ਕਹਿੰਦਾ ਹੈ ਜੋ ਕਾਰਨ ਹੋਰ ਮਜ਼ਹਬਾਂ ਵਿਚ ਅਥਵਾ ਵਡੀਆਂ ਵਡੀਆਂ ਕੌਮਾਂ ਵਿਚ ਲੜਾਈ ਝਗੜੇ ਅਤੇ ਵੈਰ ਵਿਰੋਧ ਦਾ ਹੈ ਓਹੀ ਕਾਰਨ ਸਿਖ ਪੰਥ ਦੀ ਫੁਟ ਅਤੇ ਲੜਾਈ ਝਗੜੇ ਦਾ ਹੈ।

ਉਹ ਕਾਰਨ ਹੈ "ਨਾ-ਬਰਾਬਰੀ ਦੇ ਅਸੂਲ ਉਤੇ ਬਣਿਆਂ ਹੋਇਆ ਸਮਾਜ ਅ ਸ੍ਰੇਣੀਆਂ" ਨਾ ਬਰਾਬਰੀ ਦੇ ਸਮਾਜ਼ ਵਿਚ ਰਾਜੇ ਮਹਾਰਾਜੇ ਅਤੇ ਉਨ੍ਹਾਂ ਦੀ ਪਰਜਾ, ਮ ਮਹੰਤ ਤੇ ਉਨ੍ਹਾਂ ਦੇ ਚੇਲੇ; ਮਾਲਕ ਤੇ ਗੁਲਾਮ, ਜ਼ਮੀਨਾਂ ਫੈਕਟਰੀਆਂ ਕਾਰਖਾਨਿਆਂ ਦੇ ਮਾਲਕ ਅਤੇ ਉਨ੍ਹਾਂ ਵਿਚ ਮਿਹਨਤ ਕਰਨ ਵਾਲੇ ਗਰੀ ਕਿਰਤੀ । ਏਹ ਨਾ-ਬਰਾਬਰੀ ਦੀਆਂ ਸ੍ਰੇਣੀਆਂ ਹਨ। ਰਾਜੇ, ਮਹਾਰਾਜੇ, ਮਾਲ ਕਾਰਖਾਨੇ ਦਾਰ ਤੇ ਮਹੰਤ ਆਪੋ ਵਿਚ ਵੀ ਲੜਦੇ ਹਨ। ਪ੍ਰਧਾਨਤਾ ਲਈ, ਧਨ ਅਤੇ ਜੈਦਾ ਵਧਾਣ ਲਈ ਅਤੇ ਕਦੀ ਕਦੀ ਵਿਸ਼ੇ ਵਾਸ਼ਨਾ ਲਈ। ਇਨ੍ਹਾਂ ਲੋਕਾਂ ਦੀ ਲੜਾਈ ਵਿ ਸਭਾ ਸੁਸਾਇਟੀਆਂ ਤੇ ਆਸ਼ਰਮਾਂ ਵਿਚ ਵੀ ਆ ਜਾਂਦੀ ਹੈ। ਆਮ ਜਨਤਾ ਨੂੰ ਕੱਖ ਪ ਨਹੀਂ ਲੱਗਦਾ ਕਿ ਅੰਦਰ ਕੀ ਹੋ ਰਿਹਾ ਹੈ। ਮਜ਼ਹਬ ਦੇ ਮੁਖੀਏ ਹਮੇਸ਼ਾਂ ਸਰਮਾਏ-ਦਾਰ ਗੱਦੀ-ਦਾਰਾਂ, ਕਾਰਖਾਨੇ-ਦਾਰਾਂ ਦੀ ਆਪੋ ਵਿਚ ਦੀ ਲੜਾਈ ਨੂੰ ਵੀ ਧਰਮ-ਯੁਧ ਬਣਾ ਦੇ ਹਨ। ਨਾਭੇ ਪਟਿਆਲੇ ਦੀ ਲੜਾਈ ਵਿਚ "ਤੇਰਾ ਘਰ ਸੁ ਮੇਰਾ ਘਰ" ਦੇ ਵਰ ਦਾ ਆਸਰਾ ਲਿਆ ਗਿਆ। ਹੋਰ ਵੀ ਮਜ਼ਹਬੀ ਪਵਿਤ੍ਰਤਾ ਜਿਤਨੀ ਹੋ ਸਕੀ ਵਰਤੀ ਗਈ ਅਕਾਲ ਤਖਤ ਸਾਹਿਬ ਜੀ ਦੀ ਵੀ ਸਹੈਤਾ ਲਈ ਗਈ, ਪਰ ਕਿਸਨੂੰ ਪਤਾ ਹੈ ਕਿ ਇ ਲੜਾਈ ਦੀ ਤਹਿ ਵਿਚ ਇਕ ਸੁੰਦਰ ਤੀਵੀਂ ਸੀ ਜਿਸਨੂੰ ਦੋਵੇਂ ਰਾਜੇ ਚਾਹੁੰ ਸਨ ਅਤੇ ਦੂਜੇ ਸਿਖ ਪੰਥ ਦੀ ਜਥੇਦਾਰੀ ਦੀ ਭੁਖ ਸੀ ਜਿਸਦੇ ਆਸਰੇ ਰਿਆਸਤੀ ਪਰ ਦਾ ਲਹੂ ਬੜੀ ਆਸਾਨੀ ਨਾਲ ਨਚੋੜਿਆ ਜਾ ਸਕਦਾ ਸੀ ਅਤੇ ਉਸ ਉਤੇ ਮਜ਼ਹਬੀ ਪ ਵੀ ਪੋ ਸਕਦਾ ਸੀ। ਇਸ ਨੂੰ ਧਰਮ-ਯੁਧ ਬਣਾ ਕੇ ਮੋਰਚੇ ਲੱਗਦੇ ਰਹੇ।

ਨਾ-ਬਰਾਬਰੀ ਦਾ ਸਮਾਜ ਕੈਮ ਰੱਖਣ ਲਈ ਤਾਕਤ ਅਤੇ ਅਧਿਕਾਰ ਦੀ ਲੋੜ ਪੈਂ ਹੈ। ਧਨ ਦੇ ਖਜ਼ਾਨੇ, ਮਜ਼ਹਬੀ ਗੱਦੀ ਦੇ ਛਤਵੇ ਅਤੇ ਫੌਜ, ਪੁਲਸ ਅਤੇ ਵਾਲੰਟੀਅ ਮਜ਼ਹਬੀ ਤੇ ਭਾਈ-ਚਾਰਕ ਰਸਮ ਰਵਾਜ ਅਜਿਹੇ ਹੋਣੇ ਚਾਹੀਦੇ ਹਨ ਜਿਸਤੋਂ ਸਪੱਸ਼ਟ ਲੱਗਦਾ ਰਹੇ ਕਿ ਫਲਾਣਾ ਗਰੀਬ ਹੈ ਫਲਾਣਾ ਅਮੀਰ ਹੈ, ਫਲਾਣਾ ਉੱਚਾ ਤੇ ਖਾਨਦਾ ਹੈ, ਫਲਾਣਾ ਨੀਚ ਤੇ ਕਮੀ ਹੈ। ਹਰ ਇਕ ਰਸਮ ਧਨ ਖਰਚ ਕੇ ਅਦਾ ਹੋਵੇ।

ਇਕ ਚੁਆਨੀ ਦਿਹਾੜੀ ਕਮਾਣ ਵਾਲਾ ਗਰੀਬ ਕਿਰਤੀ ਅਖੰਡ ਪਾਠ ਕਿਸ ਤ ਕਰਾਵੇ, ਤੀਰਥ ਯਾਤਰਾ ਕਿਸਤਰ੍ਹਾਂ ਕਰੇ ? ਸੰਗ ਮਰਮਰ ਅਰਦਾਸ ਕਰਾ ਕੇ ਜਾਂ ਗੁ ਬਣਵਾ ਕੇ ਜਨਮ ਸਫਲ ਕਿਸ ਤਰ੍ਹਾਂ ਕਰਾਵੇ ?

ਗਰੀਬ ਜਨਤਾ ਨੂੰ ਦਿਲ ਵਿਚ ਵਿਸਵਾਸ਼ ਰਹਿਣਾ ਚਾਹੀਦਾ ਹੈ ਕਿ ਉਹ ਕਰਮ ਨਹੀਂ ਕਰ ਸਕਦੀ, ਉਹ ਪੁੰਨ ਦਾਨ ਨਹੀਂ ਕਰ ਸਕਦੀ, ਇਸ ਵਾਸਤੇ ਵਾਹਿਗੁਰੂ ਉਸ ਤੇ ਖੁਸ਼ ਨਹੀਂ। ਜੋ ਬਾਹਲਾ ਧਨ ਖਰਚ ਕੇ ਰਸਮਾਂ ਕਰਦੇ ਹਨ ਘਰੀਂ ਬੁਲਾਂਦੇ ਹਨ, ਉਨ੍ਹਾਂ ਦੀ ਸੇਵਾ ਕਰਦੇ ਹਨ, ਉਹ ਸੁਭਾਗ ਹਨ। ਏਹ ਭੋਲੀ ਅਨ-ਪੜ੍ਹ ਜਨਤਾ ਗੱਦੀ-ਦਾਰੀ ਤੇ ਸਰਮਾਏ-ਦਾਰੀ ਘੋਲਾਂ ਲਈ ਮਜ਼ਹਬੀ ਵਰਤੀ ਜਾਂਦੀ ਰਹਿੰਦੀ ਹੈ।

। ਗੁਰੂ ਸਾਹਿਬਾਂ ਦੀ ਤਾਲੀਮ ਹੈ-"ਏਕ ਪਿਤਾ ਏਕਸ ਕੇ ਹਮ ਬਾਰਕ" "ਸਭੇ ਸਾਂਝੀ ਸਦਾਇਨ" "ਰਾਣਾ ਰੰਕ ਬਰਾਬਰੀ" "ਇਕ ਬਾਟੇ ਵਿਚ ਸਭ ਨੂੰ ਅੰਮ੍ਰਿਤ"

( ਬਾਕੀ ਦੇਖੋ ਸਫਾ ੩੯ )

( ਸਫਾ ੨੦ ਦੀ ਬਾਕੀ )

ਪੂਰੀ ਸਾਂਝ।" "ਜ਼ਾਤ, ਵਰਨ, ਤੇ ਕੁਲ ਅਭਿਮਾਨ ਦਾ ਖਾਤਮਾ। ਗੱਦੀਆਂ ਤੇ ਮਹੰਤੀਆਂ ਤ੍ਰਮ। ਪੂਰਨ ਬਰਾਬਰੀ ਤੇ ਪੰਚੈਤੀ ਪ੍ਰਬੰਧ।"

ਗੁਰੂ ਗੋਬਿੰਦ ਸਿੰਘ ਜੀ ਨੇ ਇਹ ਸਿਧਾਂਤ ਅਮਲੀ ਤੌਰ ਤੇ ਸਿੱਖਾਂ ਵਿਚ ਪ੍ਰਚੱਲਤ ਕੀਤੇ ਵੇਲੇ ਚਾਰ ਚੁਫੇਰੇ ਦਾ ਸਮਾਜ ਗਲਤ ਸੀ, ਜਿਧਰ ਵੇਖੋ ਉਧਰ ਹੀ ਗੱਦੀ-ਦਾਰੀ। ਆਪਣੇ ਪਣੇ ਸਮੇਂ ਵਿਚ ਇਨ੍ਹਾ ਸਿਧਾਂਤਾਂ ਲਈ ਸਰਬੰਸ ਵਾਰਿਆ ਪਰ ਮਗਰੋਂ ਆਕੇ ਫ਼ਿਰ ਆਲੇ ਆਲੇ ਦੇ ਸਮਾਜ ਦਾ ਹੀ ਸਿਖਾਂ ਵਿਚ ਅਸਰ ਹੋ ਗਿਆ। ਓਹੀ ਗੱਦੀਦਾਰੀ, ਓਹੀ ਨਾ-ਬਰਾਬਰੀ ਦੀਆਂ ਸ੍ਰੇਣੀਆਂ ਦੇ ਘੋਲ।

ਸਿਰਫ ਬਰਾਬਰੀ ਤੇ ਸਮਾਨਤਾ ਉਪਰ ਲੈਕਚਰ ਦੇ ਦੇਣ ਨਾਲ ਜਾਂ ਭਾਈਚਾਰਕ ਤੇ ਸੰਗਤ ਪੰਗਤ ਵਿਚ ਇਕੱਠਿਆਂ ਬੈਠ ਜਾਣ ਨਾਲ ਜਾਂ ਮੂੰਹ ਜ਼ਬਾਨੀ ਭਾਈ ਜੀ ਤੇ ਭਰਾ ਕਹਿ ਦੇਣ ਨਾਲ ਤਾਂ ਸਮਾਨਤਾ ਨਹੀਂ ਵਰਤ ਜਾਂਦੀ। ਪੂਰਨ ਸਮਾਨਤਾ ਉਹ ਹੈ ਜਿਥੇ ਸਿਆਸਕ, ਆਰਥਕ, ਧਾਰਮਕ ਤੇ ਸਮਾਜਕ ਤੌਰ ਤੇ ਇਸਤ੍ਰੀ ਮਰਦ ਸਭ ਨੂੰ ਬਰਾਬਰੀ ਦਾ ਦਰਜਾ ਪ੍ਰਾਪਤ ਹੋਵੇ। ਮੈਂ ਖਿਆਲ ਕਰਦਾ ਹਾਂ ਗੁਰੂ ਗੋਬਿੰਦ ਸਿੰਘ ਜੀ ਦਾ ਇਹੋ ਸੁਪਨਾ ਸੀ ਇਹੋ ਜਿਹਾ ਸਮਾਜ ਬਣਨ ਨਾਲ ਹੀ ਝਗੜੇ, ਵੈਰ ਵਿਰੋਧ ਅਤੇ ਧੜੇ ਬੰਦੀਆਂ ਮਿਟ ਦੀਆਂ ਹਨ ਜਾਂ ਘਟੋ ਘਟ ਨਾ ਹੋਣ ਦੇ ਬਰਾਬਰ ਰਹਿ ਜਾਂਦੀਆਂ ਹਨ। ਸਿਖ ਪੰਥ ਵੀ ਵੇਲੇ ਨਾ-ਬਰਾਬਰੀ ਦੇ ਸਮਾਜ ਦਾ ਇਕ ਤਕੜਾ ਹਿੱਸਾ ਹੈ, ਇਸ ਵਿਚ ਵੀ ਰਾਜਗੱਦੀਆਂ, ਰੀਆਂ, ਜਗੀਰਦਾਰੀਆਂ, ਸਰਮਾਏਦਾਰੀਆਂ ਤੇ ਕਾਰਖਾਨੇਦਾਰੀਆਂ ਹਨ ਅਤੇ ਇਨ੍ਹਾਂ ਨੂੰ ਰਖਣ ਦੇ ਯਤਨ ਵੀ ਜ਼ਰੂਰ ਹੋਣੇ ਹੋਏ।

ਦੂਜੇ ਪਾਸੇ ਆਮ ਕਿਰਤੀ, ਮਿਹਨਤੀ ਤੇ ਗ਼ਰੀਬ ਜਨਤਾ ਦੇ ਦਿਮਾਗ ਵਿਚ ਗੁਰੂ ਜੀ ਸਮਾਨਤਾ ਦੀ ਤਾਲੀਮ ਵਧ ਰਹੀ ਹੈ। ਉਸਨੂੰ ਜਦ ਵੀ ਅਮਨ ਚੈਨ ਨਾਲ ਸੋਚਣ ਦਾ ਮਿਲੇ ਉਹ ਝਟ ਪਟ ਜਥੇ-ਬੰਦ ਹੋ ਜਾਏਗੀ ਅਤੇ ਸਾਂਝੀਵਾਲਤਾ ਦੀ ਲਹਿਰ ਦੀ ੜਾਈ ਕਰੇਗੀ, ਇਸ ਵਾਸਤੇ ਸਿਖ ਜਨਤਾ ਤੋਂ ਗੱਦੀ-ਦਾਰੀ ਤੇ ਸਰਮਾਏਦਾਰੀ ਨੂੰ ਵਧੇਰੇ ਰਹਿੰਦਾ ਹੈ। ਇਸ ਖਤਰੇ ਤੋਂ ਬਚੱਾ ਦਾ ਉਪਾ ਇਹੋ ਹੈ ਕਿ ਸਿਖ ਜਨਤਾ ਨੂੰ ਬਿਲਕੁਲ ਤੇ ਚੈਨ ਨਾਲ ਸੋਚਣ ਦਾ ਮੌਕਾ ਨਾ ਦਿਤਾ ਜਾਏ। ਕਦੀ ਨਾਸਤਕਾਂ ਵਿਰੁਧ ਕਦੀ ਂ ਵਿਰੁਧ ਕਦੀ ਸਿਖੀ ਦੇ ਭੇਸ ਵਿਚ ਛਪੇ ਹੋਏ ਬਹੁਰੂਪੀਆਂ ਦੇ ਵਿਰੁਧ ਇਸ ਨੂੰ ਇਆ ਜਾਂਦਾ ਰਹੇ। ਕਦੀ ਮੁਸਲਮ ਰਾਜ ਦੇ ਹਊਏ ਜਾਂ ਗੁਰੂਆਂ ਦੀਆਂ ਹੱਤਕਾਂ ਦੇ ਸਾਮ੍ਹਣੇ ਆਉਂਦੇ ਰਹਿਣ। ਡਰ ਤੇ ਖਤਰਿਆਂ ਦੇ ਸ਼ੋਸ਼ੇ ਉਡਦੇ ਰਹਿਣ।

ਨਾ-ਬਰਾਬਰੀ ਦੇ ਸਮਾਜ ਦੀ ਮੌਜੂਦਗੀ ਵਿਚ ਅਤੇ ਇਸਦੀ ਹਮਾਇਤ ਵਿਚ ਜੋ ਵੀ ਉਠੇਗੀ ਤਾਕਤ ਪਕੜਣ ਮਗਰੋਂ ਉਸ ਵਿਚ ਫਿਰ ਫੁਟ ਪਏਗੀ। ਪਾਰਟੀਆਂ ਜ਼ੀਆਂ ਅਤੇ ਲੜਾਈ ਮਚੇਗੀ।

ਮੌਜੂਦਾ ਫੁਟ ਅਤੇ ਲੜਾਈ ਦਾ ਕਾਰਨ ਕੋਈ ਇਕ ਪਾਰਟੀ ਨਹੀਂ, ਕੋਈ ਖਾਸ ਲੀਡਰ ਨਾ ਮਾ: ਤਾਰਾ ਸਿੰਘ ਜੀ, ਨਾ ਗਿਆਨੀ ਸ਼ੇਰ ਸਿੰਘ ਜੀ, ਨਾ ਸਰ ਸੁੰਦਰ ਸਿੰਘ ਜੀ। ਏਹ ਤਾਂ ਨਾ-ਬਰਾਬਰੀ ਵਾਲਾ ਗਲਤ ਸਮਾਜ ਹੈ। ਇਸ ਨਾ-ਬਰਾਬਰੀ ਦੇ ਸਮਾਜ ਹਮਾਇਤ ਕਰਨ ਵਾਲੇ ਆਪੋ ਵਿਚ ਵੀ ਲੜਦੇ ਹਨ ਅਤੇ ਜਨਤਾ ਨੂੰ ਵੀ ਗੁਮਰਾਹ ਕਰਨ

ਦੇ ਕਾਰਨ ਬਣਦੇ ਰਹਿੰਦੇ ਹਨ।

ਸਾਡੇ ਅਖਬਾਰ ਅਤੇ ਸਾਡੇ ਆਗੂ ਹਮੇਸ਼ ਇਕ ਪਾਰਟੀ ਜਾਂ ਇਕ ਲੀਡਰ ਨੂੰ ਹਨ ਜਾਂ ਕੋਈ ਇਕ ਮਾਮਲਾ ਸਾਮ੍ਹਣੇ ਰਖ ਲੈਂਦੇ ਹਨ, ਉਸ ਦੇ ਆਧਾਰ ਉਤੇ ਪਾਰਟੀ ਦੀ ਮਸ਼ਹੂਰੀ ਤੇ ਦੂਜੀ ਦੀ ਨਿਖੇਧੀ ਕਰਦੇ ਹਨ ਤੇ ਇਕੋ ਮਾਮਲੇ ਦਾ ਕਰਕੇ ਜਨਤਾ ਨੂੰ ਆਪਣੇ ਮਗਰ ਲਗਣ ਲਈ ਪ੍ਰੇਰਦੇ ਹਨ। ਪਰ ਗਲ ਏਹ ਨਾ-ਬਰਾਬਰੀ ਦੇ ਸਮਾਜ ਵਿਚ ਅਤੇ ਗੱਦੀਦਾਰੀ ਤੇ ਸਰਮਾਏਦਾਰੀ ਪ੍ਰਥਾ ਵਿਚ ਪਾਰਟੀ ਧੜੇ, ਲੜਾਈਆਂ ਝਗੜੇ ਵਧਦੇ ਹੀ ਜਾਣਗੇ।

ਇਸ ਵੇਲੇ ਅਸੀਂ ਘਟੋ ਘਟ ਏਹ ਕਰ ਸਕਦੇ ਹਾਂ ਕਿ ਜੋ ਪੁਰਸ਼ ਦਿਲੋਂ ਮੌਜੂਦਾ ਫੁਟ ਲੜਾਈ ਝਗੜੇ ਨੂੰ ਪਸੰਦ ਨਹੀਂ ਕਰਦਾ ਉਂਞ ਭਾਵੇਂ ਉਹ ਕੋਈ ਸਿਧਾਂਤ ਮੰਨਦਾ ਚਾਹੀਦਾ ਹੈ ਕਿ ਹੇਠਾਂ ਲਿਖੀਆਂ ਗੱਲਾਂ ਦਾ ਪ੍ਰਚਾਰ ਕਰੇ ਅਤੇ ਹਮਾਇਤ ਕਰੇ:—

੧. ਗਾਲ੍ਹਾਂ, ਭੰਡੀਆਂ ਬਿਲਕੁਲ ਬੰਦ, ਜੋ ਕਰੇ ਉਸ ਤੋਂ ਬਚੋ।

੨. ਰਾਇ ਦੀ ਆਜ਼ਾਦੀ ਅਤੇ ਖਿਆਲਾਂ ਦੀ ਆਜ਼ਾਦੀ ਦੀ ਪੂਰੀ ਖੁਲ੍ਹ।

੩. ਸਭ ਪਾਰਟੀਆਂ ਤੇ ਫਿਰਕਿਆਂ ਦੇ ਆਗੂਆਂ ਅਤੇ ਉਨ੍ਹਾਂ ਦੇ ਖਿਆਲਾਂ ਦਾ

੪. ਫਤਵੇ ਬਾਜ਼ੀ ਤੇ ਆਪਣੇ ਵਿਰੋਧੀ ਨੂੰ ਸਿਖੀਓਂ ਛੇਕੋ ਦਾ ਰਵਾਜ ਬਿਲਕੁਲ

੫. ਆਮ ਸਿਖ ਜਨਤਾ ਵਿਚ ਵਿਦਿਆ ਪ੍ਰਚਾਰ ਅਤੇ ਸਿਧਾਂਤਾਂ ਦੇ ਸਮ ਯਤਨ ਕੀਤਾ ਜਾਵੇ।

ਇੰਨੀਆਂ ਕੁ ਗਲਾਂ ਕਰਨ ਨਾਲ ਵੀ ਅਸੀਂ ਸਿਧਾ ਰਾਹ ਬਣਾ ਸਕਦੇ ਅਸਲ ਤਬਦੀਲੀ ਸਾਰੇ ਦੇਸ਼ ਨਾਲ ਇਕੱਠੀ ਹੋਵੇਗੀ। ਜਨਤਾ ਨੂੰ ਤੇ ਵਿਦਵਾਨ ਦਿਲ ਨਾਲ ਸਮੇਂ ਦੀਆਂ ਲਹਿਰਾਂ ਤੇ ਇਨ੍ਹਾਂ ਦੇ ਬੁਨਿਆਦੀ ਸਿਧਾਂਤਾਂ ਨੂੰ ਵਿਚਾ ਸਮਝਣਾ ਚਾਹੀਦਾ ਹੈ।

[ਹੀਰਾ ਸਿੰਘ ਦਰਦ

---

## ਸੁਤੰਤਰਤਾ ਦਾ ਸੂਰਜ !

ਚੁਪ ਵਧਾਉਣ ਵਾਲੀ ਰਾਤ ਦੇ ਹਨੇਰੇ ਵਿਚ ਤਾਰਿਆਂ ਦੀ ਦੁਨੀਆਂ ਦਸ਼ਾ ਤੇ ਅੱਥਰੂ ਕੇਰ ਰਹੀ ਹੈ।

ਲੋਕ ਇਨ੍ਹਾਂ ਅਥਰੂਆਂ ਨੂੰ ਮੋਤੀ ਸਮਝਦੇ ਹਨ, ਪਰ ਇਹ ਤਾਂ ਆਕਾਸ਼ ਦੇ ਜਿਗਰ ਦੇ ਟੋਟੇ ਹਨ।

ਹਨੇਰੇ ਦੀ ਵਸਤੀ ਦੇ ਪਿਛੇ ਇਕ ਨੂਰੀ ਅਸਗਾਹ ਤੇ ਅਥਾਹ ਮਾਰ ਰਿਹਾ ਹੈ।

ਜਿਸ ਦੀਆਂ ਲਹਿਰਾਂ ਹਨੇਰੇ ਦੇ ਉਚੇ ਕਿਲ੍ਹੇ ਦੇ ਨਾਲ ਟਕਰਾ

ਨੂਰ ਦਾ ਸਮੁੰਦਰ ਦੁਨੀਆਂ ਨੂੰ ਚਾਨਣਾ ਕਰ ਦੇਵੇਗਾ।

ਕੀ ਕਿਸੇ ਤਰ੍ਹਾਂ ਮੇਰੀ ਕੌਮ ਤੇ ਹਨੇਰੇ ਦੇ ਛਾਏ ਹੋਏ ਬੱਦਲ ਵੀ ਸੁਤੰਤਰਤਾ ਦਾ ਸੂਰਜ ਪ੍ਰਗਟ ਹੋ ਜਾਇਗਾ?

[ਇਕ

## ਇਤਿਹਾਸਕ ਕਿਆਰੀ—

# ਗੁਰਦੁਆਰਾ ਲਹਿਰ ਦਾ ਸੰਖੇਪ ਹਾਲ !

ਗੁਰਬਖਸ਼ ਸਿੰਘ "ਸ਼ਮਸ਼ੇਰ"

**ਮੁਢਲੇ ਸਮੇਂ ਦਾ ਪ੍ਰਬੰਧ—**

ਸਤਿਗੁਰਾਂ ਦੇ ਸਮੇਂ ਅਤੇ ਬੁਢਾ ਦਲ ਦੇ ਵੇਲੇ *ਗੁਰਦੁਆਰਿਆਂ ਦਾ ਪ੍ਰਬੰਧ ਵਧੀਆ ਨਮੂਨੇ ਦਾ ਹੋਇਆ ਕਰਦਾ ਸੀ। ਗੁਰਦੁਆਰਿਆਂ ਦੇ ਪ੍ਰਬੰਧਕ ਉਹ ਚੁਣੇ ਜਾਂਦੇ ਸਨ ਜੋ ਵਿਦਵਾਨ, ਗੁਰਮਤ ਵਿਚ ਪ੍ਰਪੱਕ, ਉੱਚੇ ਆਚਰਨ ਵਾਲੇ ਅਤੇ ਨਿਸ਼ਕਾਮ ਸੇਵਕ ਹੋਇਆ ਕਰਦੇ ਸਨ, ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਗੁਰਦੁਆਰਿਆਂ ਵਿਚ ਸੰਗ ਮਰ ਮਰ ਤੇ ਸੋਨਾਂ ਲਗਾਣ ਦੀ ਬੜੀ ਭਾਰੀ ਸੇਵਾ ਹੋਈ ਅਤੇ ਡੋਗਰਿਆਂ ਦੀ ਪ੍ਰਧਾਨਗੀ ਵਿਚ ਪ੍ਰਸਿੱਧ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਕੁਝ ਕੁ ਉਲਟਾ ਪੁਲਟਾ ਜਿਹਾ ਹੋ ਗਿਆ ਸੀ। ਇਸ ਦੇ ਕਾਰਨ ਸਿਖੀ ਦੇ ਕੇਂਦਰਾਂ ਚੋਂ ਗੁਰਮਤ ਦਾ ਪ੍ਰਚਾਰ ਸਹਿਜੇ ਸਹਿਜੇ ਬੰਦ ਹੁੰਦਾ ਗਿਆ ਅਤੇ ਪੁਰਾਤਨ ਮਰਯਾਦਾ ਵਿਚ ਭੀ ਥੋੜੇ ਥੋੜੇ ਵਿਗਾੜ ਪੈਂਦੇ ਗਏ।

ਸ਼ੇਰਿ ਪੰਜਾਬ ਦੇ ਅੱਖੀਆਂ ਮੀਟਣ ਪਿਛੋਂ ਰਹਿੰਦੀ ਖੂੰਹਦੀ ਗਿਲ ਭੀ ਗਲ ਗਈ। ਗੁਰਦੁਆਰਿਆਂ ਦੇ ਮੁਖੀ ਪ੍ਰਬੰਧਕਾਂ ਉਤੇ ਮਾਇਆ ਨੇ ਅਜਿਹਾ ਪ੍ਰਭਾਵ ਪਾਇਆ ਕਿ ਕੁਝ ਕੁ ਪੱਕੇ ਸਿਖ ਪ੍ਰੇਮੀਆਂ ਤੋਂ ਬਿਨਾਂ ਆਮ ਪ੍ਰਬੰਧਕਾਂ ਲਈ ਕੇਵਲ ਦਾਹੜੀ ਅਤੇ ਦਸਤਾਰ ਦਾ ਨਾਮ ਹੀ ਸਿੱਖੀ ਰਹਿ ਗਿਆ ਸੀ। ਆਮ ਦਬ ਦਬੇ ਤੇ ਜਥੇ ਵਾਲੇ ਮੁਖੀ ਗੁਰ-ਸਿੱਖਾਂ; ਜਿਨ੍ਹਾਂ ਨੇ ਕਿ ਇਨ੍ਹਾਂ ਦਾ ਸੁਧਾਰ ਕਰਨਾ ਸੀ, ਰਣ-ਭੂਮੀ ਵਿਚ ਹਾਰ ਖਾਣ ਪਿਛੋਂ ਕੁਝ ਢਿੱਲੇ ਹੋ ਗਏ। ਤਦ ਪੁਜਾਰੀਆਂ ਨੇ ਇਸ ਸਮੇਂ ਸੰਗਤਾਂ ਦੀ ਭੈ ਭਾਵਨੀ ਨੂੰ ਮਨੋਂ ਵਿਸਾਰ ਦਿੱਤਾ। ਅਜਿਹੀ ਅਵਸਥਾ ਵਿਚ ਗੁਰਦੁਆਰਿਆਂ ਦੀ ਸੁਤੰਤ੍ਰਤਾ ਨੂੰ ਕਾਇਮ ਰੱਖਣ ਵਾਲਾ ਉਹ ਉਤਸ਼ਾਹ ਅਲੋਪ

---

*ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਚੋਥੀ ਪਾਤਸ਼ਾਹੀ ਤਕ ਸਿਖਾਂ ਦੇ ਧਰਮ ਮਦਰਾਂ ਦਾ ਨਾਮ "ਧਰਮ ਸਾਲਾ" ਪ੍ਰਚੱਲਤ ਸੀ। "ਮੈਂ ਬੱਧੀ ਸੱਚ ਧਰਮਸਾਲ ਹੈ। ਗੁਰ ਸਿਖਾ ਲਹਦਾ ਭਾਲਿਕੈ। ਪੈਰ ਧੋਵਾਂ ਪੱਖਾ ਫੇਰਦਾ ਤਿਸ ਨਿਵਿ ਨਿਵਿ ਲਾਗਾ ਪਾਇ ਜੀਉ। (ਸ੍ਰੀ ਮ: ੫) ਪੂਰਬ ਧਰਮਸਾਲ ਬਨਾਵਹੁ। ਬਹੁਰ ਆਇ ਹਮ ਕੋ ਲੈ ਜਾਵਹੁ"। (ਨਾਨਕ ਪ੍ਰਕਾਸ਼) ਇਸ ਦੇ ਪਿਛੋਂ ਸ੍ਰੀ ਪੰਚਮ ਪਾਤਸ਼ਾਹ ਜੀ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਨਾਮ "ਹਰਿਮੰਦਰ ਸਾਹਿਬ" ਰਖਿਆ। ਇਸ ਦੇ ਪਿਛੋਂ ਛੇਵੀਂ ਪਾਤਸ਼ਾਹੀ ਦੇ ਸਮੇਂ ਧਰਮਸਾਲਾ, ਤੇ ਗੁਰਦੁਆਰਾ ਦੋਵੇਂ ਨਾਮ ਪ੍ਰਚੱਲਤ ਹੋ ਗਏ ਜੋ ਅੱਜ ਕਲ ਪ੍ਰਚੱਲਤ ਹਨ।

ਹੋ ਗਿਆ, ਜੋ ਇਨ੍ਹਾਂ ਦੇ ਦਿਲਾਂ ਵਿਚ ਚੜ੍ਹਦੀਆਂ ਕਲਾਂ ਸਮੇਂ ਪੂਰਨ ਠਾਠਾਂ ਮਾਰਦਾ ਹੁੰਦਾ ਸੀ। ਜਿਨ੍ਹਾਂ ਸਾਧੂਆਂ ਯਾ ਮਹੰਤਾਂ ਦੇ ਹੱਥਾਂ ਵਿਚ ਇਸ ਸਮੇਂ ਗੁਰਦੁਆਰੇ ਚਲੇ ਗਏ ਸਨ, ਉਨ੍ਹਾਂ ਨੇ ਆਪਣੇ ਸਿਰ ਤੋਂ ਸੰਗਤ ਦਾ ਭੈ ਲਥਾ ਅਨੁਭਵ ਕਰਕੇ ਧਰਮ ਅਰਥ ਚੜ੍ਹੇ ਚੜ੍ਹਾਵੇ ਦੀ ਆਮਦਨ ਗੁਰੂ ਕੀ ਗੋਲਕ ਨੂੰ ਅਜਿਹੇ ਭੈੜੇ ਕੰਮਾਂ ਲਈ ਵਰਤਣਾ ਸ਼ੁਰੂ ਕਰ ਦਿੱਤਾ, ਜਿਸ ਦੀ ਮਿਸਾਲ ਦਿਤਿਆਂ ਭੀ ਲੱਜਿਆ ਆਉਂਦੀ ਹੈ ਪਵਿਤ੍ਰ ਗੁਰਧਾਮਾਂ ਵਿਚ ਬੁਤ ਪੂਜਾ, ਸ਼ਰਾਬਾਂ ਪੀਣ ਅਤੇ ਸਤਵੰਤੀਆਂ ਦੇ ਸਤਸੰਗ ਕਰਨ ਤੋਂ ਬਿਨਾਂ ਹੋਰ ਭੀ ਅਜਿਹੇ ਨੀਚਤਾ ਭਰੇ ਕਈ ਕੁਕਰਮ ਹੋਣ ਲੱਗ ਪਏ। ਜਿਨ੍ਹਾਂ ਨੇ ਗੁਰੂ ਪਿਆਰਿਆਂ ਤੇ ਪੰਥ ਦਰਦੀਆਂ ਦੇ ਹਿਰਦੇ ਛਾਨਣੀ ਛਾਨਣੀ ਕਰ ਕੇ ਦਿਲ ਤੜਫਾ ਦਿਤੇ ਅਤੇ ੧੯੮੦ ਦੇ ਪਿਛੇ ਕੁਝ ਸਜਣਾਂ ਨੇ ਮਿਲ ਕੇ ਇਨ੍ਹਾਂ ਕੁਕਰਮੀਆਂ ਦੇ ਸੁਧਾਰ ਲਈ ਯਤਨ ਅਰੰਭ ਕਰ ਦਿਤੇ ਇਸ ਨਵੀਂ ਜਥੇ-ਬੰਦੀ ਦਾ ਨਾਮ "ਸਿੰਘ ਸਭਾ ਲਹਿਰ" ਰਖਿਆ ਗਿਆ। ਇਸ ਜਥੇ ਨੇ ਕੌਮ ਅੰਦਰ ਧਾਰਮਕ ਤੇ ਵਿਦਿਅਕ ਪ੍ਰਚਾਰ ਆਰੰਭ ਕਰ ਦਿਤਾ ਜਿਸ ਦੇ ਕਾਰਨ ਮੁੜ ਨਵੇਂ ਸਿਰੇ ਪੰਥ ਵਿਚ ਜਾਗ੍ਰਤੀ ਔਣੀ ਆਰੰਭ ਹੋ ਗਈ। ਸੰਗਤਾਂ ਵਿਚ ਸਿੱਖੀ ਭਾਵ, ਸ਼ਰਧਾ ਅਤੇ ਗੁਰਬਾਣੀ ਦੇ ਪ੍ਰੇਮ ਦਾ ਪ੍ਰਵਾਹ ਚੱਲ ਪਿਆ।

ਜਦ ਸੰਗਤਾਂ ਇਨ੍ਹਾਂ ਪਵਿਤ੍ਰ ਭਾਵਾਂ ਨੂੰ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਜਾਇਆ ਕਰਨ ਤਾਂ ਪੁਜਾਰੀਆਂ ਵਲੋਂ ਕਈ ਕਿਸਮ ਦੀਆਂ ਔਕੜਾਂ ਪੇਸ਼ ਆਇਆ ਕਰਨ। ਕਿਉਂਕਿ ਮਹੰਤ ਅਤੇ ਪੁਜਾਰੀ ਕਾਨੂੰਨ ਦੀ ਸ਼ੈਹ ਨਾਲ ਉਨ੍ਹਾਂ ਪਵਿਤ੍ਰ ਅਸਥਾਨਾਂ ਦੇ ਆਪਣੇ ਆਪ ਨੂੰ ਜੱਦੀ ਮਾਲਕ ਸਮਝੀ ਬੈਠੇ ਸਨ। ਮਨਮਤ ਪ੍ਰਹਾਰ ਅਤੇ ਗੁਰਮਤ ਪ੍ਰਚਾਰ ਦੇ ਸ਼ੁਭ ਖਿਆਲਾਂ ਵਿਚ ਉਹ ਸੰਗਤ ਦੀ ਕਿਸੇ ਗੱਲ ਵਿਚ ਕੋਈ ਪ੍ਰਵਾਹ ਨਹੀਂ ਕਰਿਆ ਕਰਦੇ ਸਨ। ਸਗੋਂ ਕਈ ਵੇਰ ਕਬਜ਼ੇ ਦੀ ਬੀਮਾਰੀ ਦੇ ਅਸਰ ਥੱਲੇ ਆ ਕੇ ਆਕੜ ਅਤੇ ਹੰਕਾਰ ਵਿਚ ਸੰਗਤਾਂ ਦਾ ਨਿਰਾਦਰ ਕਰਨ ਵਿਚ ਭੀ ਕੋਈ ਸੰਕੋਚ ਨਹੀਂ ਕਰਿਆ ਕਰਦੇ ਸਨ। ਇਨ੍ਹਾਂ ਗੱਲਾਂ ਤੋਂ ਅਤਿਅੰਤ ਦੁਖੀ ਹੋ ਕੇ ਕਈ ਸੱਜਣਾਂ ਵਲੋਂ ਕਾਨੂੰਨੀ ਦਰਵਾਜ਼ੇ ਖੜਕਾਏ ਜਾਂਦੇ ਰਹੇ ਪਰ ਕਾਨੂੰਨ ਦੀਆਂ ਕਈਆਂ ਊਣਤਾਈਆਂ ਦੇ ਕਾਰਨ, ਉਨ੍ਹਾਂ ਗੁਰਮੁਖਾਂ ਨੂੰ ਬਦ-ਚਲਨ ਮਹੰਤਾਂ ਦੇ ਬਦਲੌਣ ਵਿਚ ਕੋਈ ਸਫ਼ਲਤਾ ਪ੍ਰਾਪਤ ਨਹੀਂ ਹੁੰਦੀ ਰਹੀ।

ਮਹੰਤਾਂ ਪਾਸ ਮੁਕੱਦਮੇ ਜਿੱਤਨ ਲਈ ਗੁਰਦੁਆਰਿਆਂ ਦੀ ਗੋਲਕ ਦਾ ਬੇਅੰਤ ਰੁਪਿਆ ਹੋਇਆ ਕਰਦਾ ਸੀ। ਕਈ ਸਾਲਾਂ ਦੇ ਲੰਮੇਂ ਅਰਸੇ ਤਕ ਕਈ ਆਮ੍ਹੋ ਸਾਮ੍ਹਣੇ ਮੁਕੱਦਮੇ ਚਲਦੇ ਰਹੇ ਪਰ ਇਨ੍ਹਾਂ ਦੀ ਆਸ ਦਾ ਕਮਜ਼ੋਰ ਲੱਕ ਭੀ ਰੁਪਿਆਂ ਦੇ ਬੋਝ ਨਾਲ ਅਧਵਾਟਿਓਂ ਹੀ ਟੁਟ ਜਾਂਦਾ ਰਿਹਾ।

ਸੰ: ੧੯੧੪ ਈ: ਤੁਕ ਸਿੰਘ ਸਭਾ ਲਹਿਰ ਚੜ੍ਹਦੀਆਂ ਕਲਾਂ ਵਿਚ ਰਹੀ ਪਰ ਜਦ ੧੪ ਜਨਵਰੀ ਸੰ: ੧੯੧੪ ਈ: ਨੂੰ ਸਰਕਾਰ ਨੇ ਸੜਕ ਸਿੱਧੀ ਕਰਨ ਦੇ ਬਹਾਨੇ ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਚਾਰ ਸੌ ਫੁਟ ਲੰਮੀ, ਦੋ ਫੁਟ ਚੌੜੀ ਅਤੇ ਬਾਰਾਂ ਫੁਟ ਉੱਚੀ ਕੰਧ ਢਾਹ ਦਿੱਤੀ ਅਤੇ ਇਸ ਦੀਆਂ ਇੱਟਾਂ ਦੀ ਰੋੜੀ ਕੁਟ ਕੇ ਨੇੜੇ ਦੀਆਂ ਸੜਕਾਂ ਤੇ ਪਾ ਦਿੱਤੀ, ਇਸ ਗੁਰਦੁਆਰੇ ਦੀ ਪੰਜਾਹ ਵਿਘੇ ਬਾਗਾਂ ਦੀ ਜ਼ਮੀਨ ਸੜਕ ਵਿਚ ਲੈ ਲਈ, ਕੰਧ ਦੇ ਅੰਦਰਲੇ

ਬਾਗ ਤੇ ਕਬਜ਼ਾ ਕਰਨ ਲਈ ਅੱਠ ਹਜ਼ਾਰ ਰੁਪਿਆ ਸਰਕਾਰੀ ਖਜ਼ਾਨੇ ਵਿਚ ਅਮਾਨਤ ਰਖਾ ਦਿਤਾ। ਤਾਂ ਇਸ ਦੇ ਵਿਰੁਧ ਬੜੀ ਭਾਰੀ ਐਜੀਟੇਸ਼ਨ ਹੋਈ। ਇਸ ਸਮੇਂ ਜਰਮਨ ਜੰਗ ਛਿੜ ਪੈਣ ਦੇ ਕਾਰਣ ਸ੍ਰਕਾਰ ਨੇ ਇਸ ਕੰਧ ਨੂੰ ਇਸੇ ਤਰ੍ਹਾਂ ਰਹਿਣ ਦਿਤਾ। ਬਾਗ ਵਾਲੀ ਕੰਧ ਸੰ: ੧੯੧੪ ਈ: ਵਿਚ ਹੀ ਤਿਆਰ ਕਰ ਦਿਤੀ ਪਰ ਬਾਕੀ ਕੰਧ ਢੱਠੀ ਰਹੀ, ਪਰ ਸਿੰਘ ਸਭਾ ਦੇ ਪ੍ਰਬੰਧਕਾਂ ਨੇ ਇਸ ਦੇ ਮੁੜ ਨਵੇਂ ਸਿਰੇ ਬਨਵੋਣ ਵਿਚ ਕੋਈ ਹਿੱਸਾ ਨ ਲਿਆ।

ਇਸ ਦੇ ਨਾਲ ਹੀ ੨੧ ਫਰਵਰੀ ਸੰ: ੧੯੧੫ ਈ: ਨੂੰ ਕੋਮਾ ਗਾਟਾ ਮਾਰੂ ਜਹਾਜ਼ ਦਾ ਬਜ ਬਜ ਘਾਟ ਤੇ ਹਾਦਸਾ ਹੋ ਗਿਆ। ਜਹਾਜ਼ ਵਾਲੇ ਸਿੰਘ ਬਹੁਤ ਸਾਰੇ ਮਾਰੇ ਤੇ ਫੜੇ ਗਏ ਬਾਬਾ ਗੁਰਦਿਤ ਸਿੰਘ ਜੀ ਇਸ ਜਹਾਜ਼ ਦੇ ਪ੍ਰਬੰਧਕ ਕਿਸੇ ਤਰ੍ਹਾਂ ਬਚ ਗਏ ਅਤੇ ਕਈ ਸਾਲ ਗੁਪਤ ਭੱਜੇ ਫਿਰਦੇ ਰਹੇ। ਜੰਗ ਦੇ ਦਿਨਾਂ ਵਿਚ ਪ੍ਰਦੇਸੋਂ ਆਏ ਕਈ ਸਿੰਘਾਂ ਨੂੰ ਬਗਾਵਤ ਦੇ ਇਲਜ਼ਾਮਾਂ ਵਿਚ ਕਾਲ ਕੋਠੜੀਆਂ ਵਿਚ ਡੱਕਿਆ ਜਾਂਦਾ ਰਿਹਾ। ਲਾਹੌਰ ਵਿਚ ਇਸ ਸਮੇਂ ਤਿੰਨ ਉਤੇੜਿਤੀ ਸਾਜਸ਼ ਦੇ ਵੱਡੇ ਮੁਕੱਦਮੇ ਚੱਲੇ ਜਿਨ੍ਹਾਂ ਵਿਚ ਇਕੜ ਦੁਕੜ ਹਿੰਦੂ ਮੁਸਲਮਾਨਾਂ ਤੋਂ ਬਿਨਾਂ ਬਾਕੀ ਸਭ ਮੁਲਜ਼ਮ ਸਿੰਘ ਹੀ ਸਨ। ਇਸ ਸਖਤੀ ਸਬੰਧੀ ਦੱਬੀ ਦੱਬੀ ਐਜੀਟੇਸ਼ਨ ਵੀ ਹੁੰਦੀ ਰਹੀ ਪਰ ਸਿੰਘ ਸਭਾ ਲਹਿਰ ਦੇ ਮੋਢੀਆਂ ਨੇ ਕੋਈ ਜ਼ੋਰਦਾਰ ਐਜੀਟੇਸ਼ਨ ਨ ਕੀਤੀ ਅਤੇ ਇਸ ਸਮੇਂ ਦੇ ਅਖਬਾਰਾਂ ਦੇ ਰੌਲੀ ਪਾਉਂਦਿਆਂ ਭੀ ਅਕਾਲ ਤਖਤ ਦੇ ਪ੍ਰਬੰਧਕਾਂ ਤੇ ਹੋਰਨਾਂ ਕਈ ਸਰਕਾਰੀ ਆਦਮੀਆਂ ਨੇ ਮਿਲ ਕੇ ਸਗੋਂ ਇਨ੍ਹਾਂ ਗੁਰਮੁਖ ਸਿਖਾਂ ਦੇ ਬਰਖਲਾਫ ਹੁਕਮਨਾਮੇ ਜਾਰੀ ਕਰਵਾਏ ਕਿ ਇਹ ਸਿਖ ਹੀ ਨਹੀਂ ਹਨ। ਇਨ੍ਹਾਂ ਕਾਰਨਾਂ ਕਰ ਕੇ ਸੰਨ ੧੮੧੮ ਈ: ਵਿਚ ਸਿੰਘ ਸਭਾ ਲਹਿਰ ਦਾ ਕੰਮ ਬਹੁਤ ਮੱਠਾ ਪੈ ਗਿਆ ਤੇ ਸਿੰਘ ਸਭਾ ਦੇ ਆਗੂ ਬਹੁਤ ਬਦਨਾਮ ਹੋ ਗਏ।

## ਗੁਰਦੁਆਰਾ ਲਹਿਰ ਦਾ ਆਰੰਭ—

ਇਸ ਲਹਿਰ ਨੂੰ ਕਿਸੇ ਨੇ ਗਿਣ ਮਿਥ ਕੇ ਸਕੀਮ ਬਣਾ ਕੇ ਨਹੀਂ ਚਲਾਇਆ ਹੈ। ਇਸ ਦੇ ਸਾਮਾਨ ਪਹਿਲਾਂ ਹੀ ਬਣ ਚੁਕੇ ਸਨ। ਸਿੰਘ ਸਭਾ ਵਲੋਂ ਆਮ ਜਨਤਾ ਦੀ ਰੁਚੀ ਹਟ ਚੁਕੀ ਸੀ ਅਤੇ ਮਹੰਤਾਂ ਦੇ ਕੁਕਰਮਾਂ ਵਲੋਂ ਸੰਗਤਾਂ ਬਹੁਤ ਦੁਖੀ ਸਨ ਇਨ੍ਹਾਂ ਭੈੜੀਆਂ ਗੱਲਾਂ ਤੋਂ ਤੰਗ ਆਕੇ ਸੰਨ ੧੯੧੭—੧੮ ਈ: ਵਿਚ ਸੰਗਤਾਂ ਨੇ ਥਾਂ ਪਰ ਥਾਂ ਆਮ ਦੀਵਾਨਾਂ ਵਿਚ ਮਹੰਤਾਂ ਦੇ ਨੀਚਤਾ ਭਰੇ ਕੁਕਰਮਾਂ ਦੇ ਪਾਜ ਉਘੇੜਨੇ ਸ਼ੁਰੂ ਕਰ ਦਿਤੇ। ਸੰਗਤ ਦੀ ਅੱਖੀਂ ਘੱਟਾ ਘਤਣ ਲਈ ਕਿਸੇ ਕਿਸੇ ਸਮੇਂ ਪੁਜਾਰੀ ਜਾਕੇ ਮਾਮੂਲੀ ਮਾਫ਼ੀ ਸ਼ਾਫੀ ਮੰਗਕੇ ਸਮਝੌਤਾ ਭੀ ਕਰ ਲੈਂਦੇ ਰਹੇ ਪਰ "ਸ਼ਰੀਕਾਂ ਦਾ ਆਖਿਆ ਸਿਰ ਮਥੇ ਤੇ ਪ੍ਰਨਾਲਾ ਉਥੇ ਹੀ ਰਖਣਾ" ਇਸੇ ਤਰਾਂ ਮਾਰੀ ਮਿਟੀ ਦੇ ਦੋ ਕੁ ਸਾਲ ਲੰਘ ਗਏ।

ਸਭ ਤੋਂ ਪਹਿਲਾਂ ਪੰਜ ਅਕਤੂਬਰ ਸੰਨ ੧੯੨੦ ਈ: ਨੂੰ ਗੁਰਦੁਆਰਾ ਬਾਬੇ ਦੀ ਬੇਰ ਦੇ ਜੰਦਰੇ ਤੋੜ ਕੇ ਪੰਥਕ ਮੁਖੀਆਂ ਨੇ ਕਬਜ਼ਾ ਕਰ ਲਿਆ ਅਤੇ ੬ ਅਕਤੂਬਰ ਨੂੰ ਕਮਿਸ਼ਨਰ ਸਾਹਿਬ ਨੇ ਪੁਜ ਕੇ ੧੩ ਆਦਮੀਆਂ ਦੀ ਇਕ ਕਮੇਟੀ ਦੇ ਅਧੀਨ ਸਾਰਾ ਪ੍ਰਬੰਧ ਸੌਂਪ ਦਿਤਾ

੧੨ ਅਕਤੂਬਰ ਸੰਨ ੧੯੨੦ ਈ: ਨੂੰ ਖਾਲਸਾ ਬ੍ਰਾਦਰੀ ਸ਼ਹਿਰ ਅੰਮ੍ਰਿਤਸਰ ਦੇ ਸਾਲਾਨਾ ਦੀਵਾਨ ਵਿਚ, ਕੁਝ ਅਖੌਤੀ ਅਛੂਤਾਂ ਵਿਚੋਂ ਸਜੇ ਸਿੰਘ ਜਲ੍ਹਿਆਂ ਵਾਲੇ ਬਾਗ ਵਿਚੋਂ ਖ਼ਾਲਸਾ ਕਾਲਜ ਦੀ ਸੰਗਤ ਸਮੇਤ, ਕੜਾਹ ਪ੍ਰਸ਼ਾਦ ਦੀ ਦੇਗ ਅਤੇ ਮਾਇਆ ਲੈਕੇ ਸ੍ਰੀ ਹਰਿ ਮੰਦਰ ਸਾਹਿਬ ਦੀ ਭੇਟਾ ਕਰਨ ਆਏ। ਉਸ ਸਮੇਂ ਭਾਈ ਗੁਰਬਚਨ ਸਿੰਘ ਜੀ ਗ੍ਰੰਥੀ ਮਹਾਰਾਜ ਦੀ ਤਾਬਿਆ ਬੈਠੇ ਸਨ ਅਤੇ ਕੀਰਤਨੀਏ ਅਖੰਡ ਕੀਰਤਨ ਕਰ ਰਹੇ ਸਨ। ਪੁਜਾਰੀਆਂ ਨੇ ਬੜਾ ਹਠ ਕੀਤਾ ਕਿ ਅਸੀਂ ਇਨ੍ਹਾਂ ਸਿੰਘਾਂ ਦਾ ਅਰਦਾਸਾ ਨਹੀਂ ਕਰਨਾ ਹੈ। ਇਸ ਝਗੜੇ ਰਗੜੇ ਵਿਚ ਮੁਸਲਮਾਨੀ ਹਕੂਮਤ ਦੇ ਪਿਛੋਂ ਇਹ ਪਹਿਲਾ ਸਮਾ ਸੀ ਜੋ ਸ੍ਰੀ ਹਰਿਮੰਦਰ ਸਾਹਿਬ ਦੀ ਅਖੰਡ ਕੀਰਤਨ ਦੀ ਮਰਯਾਦਾ ਸਿਖਾਂ ਪਾਸੋਂ ਹੀ ਖੰਡਣ ਹੋਈ ਸੀ ਅਤੇ ਸਦੀਆਂ ਪਿਛੋਂ ਹਰਿ ਮੰਦਰ ਅੰਦਰ ਅਖੰਡ ਕੀਰਤਨ ਦੇ ਥਾਂ ਲੈਕਚਰ ਹੋਇਆ ਕੁਝ ਚਿਰ ਵਿਲ ਮਠ ਦੇ ਬਾਦ ਪ੍ਰਸਪਰ ਵਿਚਾਰ ਪਿਛੋਂ ਇਹ ਫੈਸਲਾ ਹੋਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਹੁਕਮ ਲਿਆ ਜਾਵੇ ਅਤੇ ਉਸ ਉਤੇ ਅਮਲ ਕੀਤਾ ਜਾਵੇ। ਇਸ ਤਜਵੀਜ਼ ਨੂੰ ਸੁਧਾਰਕ ਤੇ ਪੁਜਾਰੀ ਦੋਵੇਂ ਮੰਨ ਗਏ। ਤਾਂ ਇਹ ਪਵਿਤ੍ਰ ਗੁਰ-ਵਾਕ ਆਇਆ।

## ਸੋਰਠ ਮਹਲਾ ੩ ॥ ਦੁਤੁਕੀ ॥

ਨਿਰਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ ॥
ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ ॥੧॥ ਹਰਿ
ਜੀਉ ਆਪੇ ਬਖਸਿ ਮਿਲਾਇ ॥ ਗੁਣ ਹੀਣ ਹਮ ਅਪਰਾਧੀ ਭਾਈ ਪੂਰੈ ਸਤਿਗੁਰਿ
ਲੀਏ ਰਲਾਇ ॥ ਰਹਾਉ ॥੧॥ ਕਉਣ ਕਉਣ ਅਪਰਾਧੀ ਬਖਸਿਅਨੁ [illegible]
ਪਿਆਰੇ ਸਾਚੈ ਸਬਦਿ ਵੀਚਾਰਿ ॥ ਭਉਜਲੁ ਪਾਰਿ ਉਤਾਰਿਅਨੁ ਭਾਈ ਸਤਿਗੁਰ
ਬੇੜੈ ਚਾੜਿ ॥੨॥ ਮਨੂਰੈ ਤੇ ਕੰਚਨ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ ॥
ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ ॥੩॥ ਹਉ
ਵਾਰੀ ਹਉ ਵਾਰਣੈ ਸਤਿਗੁਰ ਕਉ ਸਦ ਬਲਿਹਾਰੈ ਜਾਉ ॥ ਨਾਮੁ ਨਿਧਾਨੁ [illegible]
ਜਿਨਿ ਦਿਤਾ ਭਾਈ ਗੁਰਮਤਿ ਸਹਜਿ ਸਮਾਉ ॥੪॥ ਗੁਰ ਬਿਨੁ ਸਹਜੁ [illegible]
ਊਪਜੈ ਭਾਈ ਪੂਛਹੁ ਗਿਆਨੀਆ ਜਾਇ ॥ ਸਤਿਗੁਰ ਕੀ ਸੇਵਾ ਸਦਾ [illegible]
ਭਾਈ ਵਿਚਹੁ ਆਪੁ ਗਵਾਇ ॥੫॥ ਗੁਰਮਤੀ ਭਉ ਊਪਜੈ ਭਾਈ ਭਉ [illegible]
ਸਚੁ ਸਾਰੁ ॥ ਪ੍ਰੇਮ ਪਦਾਰਥ ਪਾਈਐ ਭਾਈ ਸਚੁ ਨਾਮੁ ਆਧਾਰੁ ॥ [illegible]
ਸਤਿਗੁਰੁ ਸੇਵਹਿ ਆਪਣਾ ਭਾਈ ਤਿਨ ਕੈ ਹਉ ਲਾਗਉ ਪਾਇ ॥ [illegible]
ਸਵਾਰੀ ਆਪਣਾ ਭਾਈ ਕੁਲੁ ਭੀ ਲਈ ਬਖਸਾਇ ॥੭॥ ਸਚੁ [illegible]
ਸਬਦੁ ਹੈ ਭਾਈ ਗੁਰ ਕਿਰਪਾ ਤੇ ਹੋਇ ॥ ਨਾਨਕ ਨਾਮੁ ਹਰਿ ਮਨਿ [illegible]
ਤਿਸੁ ਬਿਘਨੁ ਨ ਲਾਗੈ ਕੋਇ ॥੮॥੨॥

ਇਸ ਧੁਰ ਕੀ ਆਈ ਰੱਬੀ ਬਾਣੀ ਦਾ ਹੁਕਮ ਸੁਨਣ ਪਿਛੋਂ ਸਭ [illegible] ਅਤੇ ਕਈਆਂ ਦੇ ਨੇਤਰਾਂ ਵਿਚੋਂ ਜਲ ਵੱਗ ਤੁਰਿਆ, ਅਤੇ ਅਰਦਾਸਾ ਸੋਧ [illegible]

ਦੀ ਦੇਗ ਸੰਗਤ ਵਿਚ ਵਰਤਾ ਦਿਤੀ ਗਈ ਪਰੰਤੂ ਜਦੋਂ ਇਹੋ ਪ੍ਰੇਮੀ ਸ੍ਰੀ ਅਕਾਲ ਤਖਤ ਸਾਹਿਬ ਮੱਥਾ ਟੇਕਣ ਆਏ। ਤਾਂ ਇਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੁਜਾਰੀ ਤਖ਼ਤ ਸਾਹਿਬ ਸੁੰਵਾ ਹੀ ਛੱਡ ਕੇ ਪਿਛਲੇ ਰਸਤੇ ਥਾਣੀ ਭੱਜ ਗਏ ਤਾਂ ਗੁਰੂ ਸੰਗਤ ਨੇ ਬੈਠ ਕੇ ਡੂੰਘੀ ਸੋਚ ਨਾਲ ਵਿਚਾਰ ਕੇ ਫ਼ੈਸਲਾ ਕੀਤਾ ਕਿ ਇਸ ਤਰ੍ਹਾਂ ਸ੍ਰੀ ਤਖਤ ਸਾਹਿਬ ਦੇ ਸੁੰਞਿਆਂ ਰਹਿਣ ਨਾਲ ਬੜੀ ਭਾਰੀ ਬੇ-ਅਦਬੀ ਹੈ ਸੋ ਇਸੇ ਸਮੇਂ ਇਕ ਪੰਜੀਆਂ ਸਿੰਘਾਂ ਦਾ ਜੱਥਾ ਸੇਵਾ ਲਈ ਨੀਯਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਸਰਬ ਸੰਮਤੀ ਨਾਲ ਇਹ ਪਵਿਤ੍ਰ ਸੇਵਾ ਸੌਂਪ ਕੇ ਸ੍ਰਕਾਰੀ ਸਰਬਰਾਹ ਨੂੰ ਖਬਰ ਦੇ ਦਿਤੀ ਗਈ।

ਸਤਿਗੁਰਾਂ ਨੂੰ ਕੁਝ ਏਦਾਂ ਹੀ ਮਨਜ਼ੂਰ ਸੀ ਕਿ ਕੱਠੇ ਹੋਏ ਪੁਜਾਰੀ ਸ੍ਰਬਰਾਹ ਦੇ ਕਹਿਣ ਅਤੇ ਡਿਪਟੀ ਕਮਿਸ਼ਨਰ ਦੇ ਹੁਕਮ ਦੇਣ ਤੇ ਭੀ ਮੁੜ ਆਪਣੀ ਸੇਵਾ ਤੇ ਹਾਜ਼ਰ ਨ ਹੋਏ। ਜਿਸ ਕਰਕੇ ਡਿਪਟੀ ਕਮਿਸ਼ਨਰ ਨੇ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਪ੍ਰਬੰਧ ਲਈ ਇਕ ਨੌ ੯ ਆਦਮੀਆਂ ਦੀ ਆਰਜ਼ੀ ਕਮੇਟੀ ਬਣਾ ਦਿਤੀ।

ਗੁਰਦਵਾਰਾ ਸੁਧਾਰ ਲਹਿਰ ਦੇ ਮਨਤਵ ਨੂੰ ਪੂਰਿਆਂ ਕਰਨ ਲਈ ਸਾਰੇ ਪੰਥ ਨੂੰ ਜਥੇ ਬੰਦ ਕਰਕੇ ਪੰਥ ਦੀ ਇਕ ਸਾਂਝੀ ਪ੍ਰਤੀਨਿਧ ਕਮੇਟੀ ਕਾਇਮ ਕਰਨ ਦੀ ਲੋੜ ਨੂੰ ਪ੍ਰਤੀਤ ਕਰਕੇ ਨਵੇਂ ਪ੍ਰਬੰਧ ਦੀ ਮਨਸ਼ਾ ਮੁਤਾਬਕ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਇਕ ਹੁਕਮ ਨਾਂਮਾਂ ਜਾਰੀ ਕੀਤਾ ਗਿਆ ਕਿ ਸਾਰਾ ਪੰਥ ਅਜਿਹੀ ਕਮੇਟੀ ਕਾਇਮ ਕਰਨ ਲਈ ੧੫ ਨਵੰਬਰ ਸੰ: ੧੯੨੦ ਈ: ਨੂੰ ਸ੍ਰੀ ਅਕਾਲ ਤਖਤ ਸਾਹਿਬ ਇਕੱਤ੍ਰ ਹੋਵੇ।

## ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਕਾਇਮ ਹੋਣੀ—

ਉਪ੍ਰੋਕਤ ਹੁਕਮ ਨਾਮੇ ਅਨੁਸਾਰ ੧੫ ਨਵੰਬਰ ਸੰ: ੧੯੨੦ ਈ ਨੂੰ ਸ੍ਰੀ ਅਕਾਲ ਤਖਤ ਸਾਹਿਬ ਉਤੇ ਪੰਥ ਦਾ ਬੜਾ ਭਾਰਾ ਇਕਠ ਹੋਇਆ। ੧੫ ਅਤੇ ੧੬ ਨਵੰਬਰ ਦੀ ਸਾਂਝੀ ਇਕਤ੍ਰਤਾ ਵਿਚ ੧੭੫ ਆਦਮੀਆਂ ਦੀ ਇਕ ਪ੍ਰਤੀਨਿਧ ਕਮੇਟੀ ਚੁਣੀ ਗਈ ਜਿਸ ਦਾ ਨਾਮ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਰਖਿਆ ਗਿਆ।

ਇਸ ਦੀ ਪਹਿਲੀ ਇਕਤ੍ਰਤਾ ੧੨ ਦਸੰਬਰ ਸੰ: ੧੯੨੦ ਈ: ਨੂੰ ਸ੍ਰੀ ਅਕਾਲ ਤਖਤ ਸਾਹਿਬ ਹੋਈ। ਇਸ ਇਕਤ੍ਰਤਾ ਦੇ ਸਾਰੇ ਮੈਂਬਰਾਂ ਦੀ ਸੋਧ ਕਰਕੇ ਔਹਦੇਦਾਰ ਚੁਣੇ ਗਏ ਅਤੇ ਨਿਯਮਾਂ ਦਾ ਖਰੜਾ ਤਿਆਰ ਕਰਨ ਲਈ ਇਕ ਸਬ ਕਮੇਟੀ ਨੀਯਤ ਕੀਤੀ ਗਈ। ਅਤੇ ੧੪ ਦਸੰਬਰ ਨੂੰ ਸਰੋਮਣੀ ਅਕਾਲੀ ਦਲ ਕਾਇਮ ਹੋਇਆ। ਅਕਾਲ ਪੁਰਖ ਦੇ ਹੁਕਮ ਅੰਦਰ ਇਸ ਦਿਨ ਤੋਂ ਹੀ ਗੁਰਦਵਾਰਾ ਸੁਧਾਰ ਲਹਿਰ ਨੇ ਵਧਣਾ ਫੁਲਣਾ ਸ਼ੁਰੂ ਕੀਤਾ।

੨੪ ਜਨਵਰੀ ਸੰ: ੧੯੨੧ ਈ: ਨੂੰ ਸ੍ਰੀ ਨਨਕਾਣੇ ਸਾਹਿਬ ਦੇ ਮਹੰਤ ਦੀਆਂ ਹਿਰਦੇ ਵੇਧਕ ਖਬਰਾਂ ਸੁਣਕੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਆਪਣੀ ਜਨਰਲ ਕਮੇਟੀ ਵਿਚ ਸਰਬ ਸੰਮਤੀ ਨਾਲ ਇਹ ਪਾਸ ਕਰ ਦਿਤਾ ਕਿ ੪, ੫ ਤੇ ੬ ਮਾਰਚ ਨੂੰ ਸ੍ਰੀ ਨਨਕਾਣੇ ਸਾਹਿਬ ਇਕ ਭਾਰੀ ਦੀਵਾਨ ਕੀਤਾ ਜਾਵੇ ਜਿਸ ਵਿਚ ਸਾਰਾ ਪੰਥ ਇਕੱਤ੍ਰ ਹੋ ਕੇ ਮਹੰਤ ਨੂੰ ਕਹੇ ਕਿ ਉਹ ਆਪਣਾ ਸੁਧਾਰ ਕਰੇ। ਮਹੰਤ ਨੇ ਇਹ ਐਲਾਨ ਪੜ੍ਹ ਕੇ ਸਗੋਂ ਲੜਾਈ ਦੀਆਂ ਤਿਆਰੀਆਂ

ਸ਼ੁਰੂ ਕਰ ਦਿੱਤੀਆਂ ਅਤੇ ੧੪ ਫਰਵਰੀ ਨੂੰ ਆਪਣੇ ਸਲਾਹਕਾਰਾਂ ਦੀ ਇਕ ਗੁਪਤ ਇਕੱਤ੍ਰਤ ਕਰ ਕੇ ਇਹ ਗੋਂਦ ਗੁੰਦ ਲਈ ਕਿ ਪੰਜ ਮਾਰਚ ਨੂੰ ਜਦ ਸਾਰਾ ਪੰਥ ਸ੍ਰੀ ਨਨਕਾਣੇ ਸਾਹਿਬ ਵਿਚ ਇਕੱਤ੍ਰ ਹੋਵੇ ਤਾਂ ਸਾਰੇ ਸਿਖ ਮੁਖੀਆਂ ਨੂੰ ਸ੍ਰੀ ਜਨਮ ਅਸਥਾਨ ਦੇ ਅੰਦਰ ਸੱਦ ਕੇ ਕਤਲ ਕਰ ਦਿੱਤਾ ਜਾਵੇ।

੨੬ ਜਨਵਰੀ ਸੰ: ੧੯੨੧ ਈ: ਨੂੰ ਜਦ ਸ੍ਰੀ ਤਰਨ ਤਾਰਨ ਸਾਹਿਬ ਦੇ ਪੁਜਾਰੀਆਂ ਅਤੇ ਅਕਾਲੀਆਂ ਵਿਚਕਾਰ ਸਮਝੌਤੇ ਦੀ ਵਿਚਾਰ ਹੋ ਰਹੀ ਸੀ, ਤਦ ਪੁਜਾਰੀਆਂ ਨੇ ਇਕ-ਦਮ ਛਵ੍ਹੀਆਂ ਅਤੇ ਡਾਗਾਂ ਆਦਿ ਨਾਲ ਅਕਾਲੀਆਂ ਨੂੰ ਮਾਰਨਾਂ ਅਰੰਭ ਕਰ ਦਿੱਤਾ ਜਿਸ ਨਾਲ ੧੭ ਸਿੰਘ ਜ਼ਖ਼ਮੀ ਹੋਏ। ਭਾਈ ਹਜ਼ਾਰਾ ਸਿੰਘ ਅਲਦੀਨ ਪੁਰ ਜ਼ਿਲਾ ਅੰਮ੍ਰਿਤਸਰ ਅਤੇ ਭਾਈ ਹੁਕਮ ਸਿੰਘ ਜੀ ਵਸਾਊ ਕੋਟ ਜ਼ਿਲਾ ਗੁਰਦਾਸਪੁਰ ਸ਼ਹੀਦ ਹੋ ਗਏ। ਇਹ ਗੁਰਦੁਵਾਰਾ ਸੁਧਾਰ ਲਹਿਰ ਦੀ ਸਭ ਤੋਂ ਪਹਿਲੀ ਸ਼ਹੀਦੀ ਸੀ।

ਇਸ ਸਮੇਂ ਜਦ ਅਕਾਲੀਆਂ ਦਾ ਬਹੁਤ ਜ਼ੋਰ ਵਧ ਰਿਹਾ ਸੀ ਅਤੇ ਉਨ੍ਹਾਂ ਨੇ ਕਈਆਂ ਗੁਰਦੁਵਾਰਿਆਂ ਤੇ ਕਬਜ਼ੇ ਕਰ ਲਏ ਸਨ ਤਦ ੩੧ ਜਨਵਰੀ ਸੰਨ ੧੯੨੧ ਈਸਵੀ ਨੂੰ ਮਹੰਤ ਸੁੰਦਰ ਦਾਸ ਗੁਰੂ ਕਾ ਬਾਗ ਜ਼ਿਲਾ ਅੰਮ੍ਰਿਤਸਰ ਨੇ ਸ਼੍ਰੋਮਣੀ ਕਮੇਟੀ ਵਲੋਂ ੧੧ ਆਦਮੀਆਂ ਦੀ ਨੀਯਤ ਹੋਈ ਕਮੇਟੀ ਦੇ ਅਧੀਨ ਸੇਵਾ ਕਰਨੀ ਪ੍ਰਵਾਨ ਕਰ ਲਈ।

੫ ਫਰਵਰੀ ਸੰਨ ੧੯੨੧ ਨੂੰ ਅਕਾਲੀਆਂ ਨੇ ਗੁਰਦੁਆਰਾ ਭਾਈ ਜੋਗਾ ਸਿੰਘ ਪਿਸ਼ਾਵਰ ਤੇ ਜਾ ਕਬਜ਼ਾ ਕੀਤਾ। ਇਸਤਰਾਂ ਜਦ ਸਰਕਾਰ ਨੇ ਗੁਰਦੁਵਾਰਾ ਸੁਧਾਰ ਲਹਿਰ ਦੀ ਤੇਜੀ ਅਤੇ ਸਿਖਾਂ ਦੇ ਦਿਲੀ ਜ਼ਜਬਾਤ ਨੂੰ ਵੇਖਿਆ ਕਿ ਹਰ ਇਕ ਸਿਖ ਦੀ ਇਸ ਲਹਿਰ ਨਾਲ ਦਿਲੋਂ ਹਮਦਰਦੀ ਹੈ ਅਤੇ ਇਹ ਪੰਜਾਬ ਨੂੰ ਛਡਕੇ ਸਰਹੱਦ ਉਤੇ ਜਾਕੇ ਭੀ ਆਪਣਾ ਪ੍ਰਭਾਵ ਪਾ ਰਹੇ ਹਨ ਤਦ ਸਰਕਾਰ ਨੇ ਮਹਿਸੂਸ ਕੀਤਾ ਕਿ ਗੁਰਦੁਵਾਰਿਆਂ ਦੇ ਪ੍ਰਬੰਧ ਲਈ ਕੋਈ ਪੱਕਾ ਫੈਸਲਾ ਹੋ ਜਾਣਾ ਚਾਹੀਦਾ ਹੈ ਜਿਸ ਨਾਲ ਉਹ ਆਪੋ ਧਾਪੀ ਤੇ ਹਲੇ ਗੁਲੇ ਰੁਕ ਜਾਣ।

**੧੬ ਫਰਵਰੀ ਸੰ:੧੯੨੧ ਈ: ਨੂੰ ਸ੍ਰਕਾਰ ਵਲੋਂ ਇਸ ਮਾਮਲੇ ਲਈ ਇਕ ਪੜਤਾਲੀਆ ਕਮੇਟੀ ਬਨਾਉਣ ਦਾ ਐਲਾਨ ਕੀਤਾ ਗਿਆ। ਸ਼ੇਖ ਅਸਗਰ ਅਲੀ ਦੀ ਪ੍ਰਧਾਨਗੀ ਹੇਠ ਸ੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਮਹੰਤਾਂ ਦੀ ਸਾਂਝੀ ਕਾਨਫ੍ਰੰਸ ਹੋਣ ਦਾ ਫੈਸਲਾ ਹੋਇਆ ਪਰ ਇਸ ਦੀਆਂ ਤਾਰੀਖਾਂ ਮਿਥਦਿਆਂ ਕਰਦਿਆਂ ਨੂੰ ੨੦ ਫਰਵਰੀ ਸੰ: ੧੯੨੧ ਈ: ਨੂੰ ਭਾਈ ਲਛਮਨ ਸਿੰਘ ਜੀ ਇਸ ਖਿਆਲ ਨਾਲ ਜੱਥਾ ਲੈਕੇ ਸ੍ਰੀ ਨਨਕਾਣੇ ਸਾਹਿਬ ਕਬਜਾ ਕਰਨ ਲਈ ਚਲੇ ਗਏ ਕਿ ਪੰਥ ਦੇ ਮੁਖੀ ਬੱਚ ਜਾਣ ਜੇ ਮੇਰਾ ਸਿਰ ਲਗ ਜਾਵੇ ਤਾਂ ਕੋਈ ਗੱਲ ਨਹੀਂ। ਇਸ ਜਥੇ ਚੋਂ ੮੬ ਸਿੰਘ ਸ਼ਹੀਦ ਹੋ ਗਏ ਜਿਸ ਦੇ ਕਾਰਨ ਇਹ ਸਕੀਮ ਵਿਚੇ ਹੀ ਠੱਪੀ ਰਹਿ ਗਈ। ਸ਼੍ਰੋਮਣੀ ਕਮੇਟੀ ਦੇ ਐਲਾਨ ਅਨੁਸਾਰ ਇਨ੍ਹਾਂ ਪਵਿਤ੍ਰ ਸ਼ਹੀਦਾਂ ਦੀ ਯਾਦਗਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਕੇ ੫ ਅਪ੍ਰੈਲ ਸੰਨ ੧੯੨੧ ਈ: ਨੂੰ ਸਾਰੀ ਕੌਮ ਵਿਚ ਇਹੋ ਦਿਨ ਮਨਾਇਆ ਗਿਆ।**

ਇਸ ਸਾਕੇ ਨੂੰ ਵੇਖਕੇ ਮਹੰਤ ਸੁੰਦਰ ਦਾਸ ਗੁਰੂ ਕਾ ਬਾਗ ਭੀ ਆਕੜ ਖੜੋਤਾ ਅਤੇ ਆਪਣੇ ਇਕਰਾਰਾਂ ਦੇ ਉਲਟ ਕਾਰਵਾਈਆਂ ਕਰਨ ਲਗ ਪਿਆ।

## ਗੁਰਦੁਵਾਰਾ ਕਾਨੂੰਨ ਲਈ ਕੋਸ਼ਸ਼–

੧੪ ਮਾਰਚ ਸੰਨ ੧੯੨੧ ਈ: ਨੂੰ ਫੇਰ ਮੀਆਂ ਫਜ਼ਲ ਹੁਸੈਨ ਨੇ ਪੰਜਾਬ ਕੌਂਸਲ ਵਿਚ ਇਕ ਮਤਾ ਪੇਸ਼ ਕੀਤਾ ਕਿ ਧਾਰਮਕ ਅਸਥਾਨਾਂ ਦੇ ਪ੍ਰਬੰਧ ਨੂੰ ਠੀਕ ਕਰਨ ਲਈ ਇਕ ਬਿਲ ਪੇਸ਼ ਹੋਣਾ ਚਾਹੀਦਾ ਹੈ ਅਤੇ ਬਿਲ ਦੇ ਬਨਣ ਸਮੇਂ ਤਕ ਤਿੰਨਾਂ ਮੈਂਬਰਾਂ ਦਾ ਇਕ ਗੁਰਦੁਵਾਰਾ ਕਮਿਸ਼ਨ ਨੀਯਤ ਕਰਨ ਦਾ ਫੈਸਲਾ ਹੋਇਆ। ਹਿੰਦੂ ਅਤੇ ਮੁਸਲਮਾਨ ਮੈਂਬਰਾਂ ਨੇ ਅਵਾਜ਼ ਉਠਾਈ ਕਿ ਉਨ੍ਹਾਂ ਦੇ ਬੰਦੇ ਭੀ ਕਮਿਸ਼ਨ ਵਿਚ ਨੀਯਤ ਹੋਣੇ ਚਾਹੀਦੇ ਹਨ। ਸਿਖ ਮੈਂਬਰਾਂ ਨੇ ਇਸ ਕਮਿਸ਼ਨ ਦੀ ਬਣਤਰ ਅਤੇ ਲਫਜ਼ਾਂ ਨੂੰ ਇਤਰਾਜ਼ ਯੋਗ ਸਮਝ ਕੇ ਰਾਇ ਹੀ ਨ ਦਿਤੀ।

੨੦ ਮਾਰਚ ਦੀ ਸ਼੍ਰੋਮਣੀ ਕਮੇਟੀ ਦੀ ਜਨਰਲ ਇਕਤ੍ਰਤਾ ਵਿਚ ਪਾਸ ਹੋਗਿਆ ਕਿ ਜੇ ਅਪ੍ਰੈਲ ਤਕ ਤਸੱਲੀ ਬਖਸ਼ ਗੁਰਦੁਵਾਰਾ ਕਾਨੂੰਨ ਬਣਾਕੇ ਗੁਰਦਵਾਰਾ ਸੁਧਾਰ ਲਹਿਰ ਦੇ ਸਾਰੇ ਕੈਦੀ ਨ ਛਡੇ ਗਏ ਤਾਂ ਸਿਖ ਗੁਰਦੁਵਾਰਿਆਂ ਦਾ ਸੁਧਾਰ ਹਰ ਯੋਗ ਤਰੀਕੇ ਨਾਲ ਕਰਨ ਲਈ ਮਜਬੂਰ ਹੋਣਗੇ। ਸੋ ਗਵਰਨਮੈਂਟ ਨੇ ਗੁਰਦੁਵਾਰਾ ਕਮਿਸ਼ਨ ਦਾ ਸਵਾਲ ਛਡ ਕੇ ੫ ਅਪ੍ਰੈਲ ਨੂੰ ਗੁਰਦਵਾਰਾ ਬਿਲ ਪੇਸ਼ ਕਰਨ ਦਾ ਫੈਸਲਾ ਕੀਤਾ। ੮ ਅਪ੍ਰੈਲ ਨੂੰ ਜਿਸ ਸ਼ਕਲ ਵਿਚ ਗੁਰਦਵਾਰਾ ਬਿਲ ਸੀਲੈਕਟ ਕਮੇਟੀ ਪਾਸੋਂ ਨਿਕਲ ਕੇ ਪ੍ਰਕਾਸ਼ਤ ਹੋਇਆ ਤਾਂ ਐਜੀਟੇਸ਼ਨ ਹੋਰ ਭੀ ਵਧ ਗਈ ਕਿਉਂਕਿ ਇਸ ਵਿਚ ਬਹੁਤ ਨੁਕਸ ਸਨ ਇਸਦੇ ਨਾਲ ਹੀ ਸਰਕਾਰ ਨੇ ਸਖ਼ਤੀ ਕਰਨੀ ਆਰੰਭ ਦਿਤੀ ਸਿਖ ਕੌਂਸਲਰਾਂ ਨੇ ਭੀ ਇਸ ਦੀ ਵਿਰੋਧਤਾ ਕੀਤੀ। ੧੧ ਅਪ੍ਰੈਲ ਦੇ ਸਮਾਗਮ ਵਿਚ ਸ਼੍ਰੋਮਣੀ ਕਮੇਟੀ ਨੇ ਇਹ ਗਲ ਸਪਸ਼ਟ ਕਰ ਦਿਤੀ ਕਿ ਬਿਲ ਨਾ ਤਸੱਲੀ ਬਖਸ਼ ਹੈ। ਪਰ ਫਿਰ ਭੀ ਗੁਪਤ ਗਲ ਬਾਤ ਛਿੜੀ ਰਹੀ।

ਇਸ ਸਮੇਂ ਅਕਾਲੀਆਂ ਦਾ ਧਾਰਮਕ ਜੋਸ਼ ਵੇਖ ਕੇ ਸਰਦਾਰ ਸਰਦੂਲ ਸਿੰਘ ਜੀ ਕਵੀਸ਼ਰ ਨੇ ਅਕਾਲੀ ਅਖ਼ਬਾਰ ਵਿਚ ਇਕ ਅਪੀਲ ਛਾਪੀ ਕਿ ਅਜਿਹੇ ਇਕ ਸੌ ਗੁਰੂ ਕੇ ਸਿਖ ਮੈਦਾਨ ਵਿਚ ਨਿਤਰਨ ਜੋ ਸ਼ਾਂਤਮਈ ਰਹਿ ਕੇ ਗੁਰਦੁਵਾਰਾ ਸ੍ਰੀ ਰਕਾਬ-ਗੰਜ ਦਿਲੀ ਦੀ ਢੱਠੀ ਹੋਈ ਕੰਧ ਮੁੜ ਨਵੇਂ ਸਿਰੇ ਆਪਣੀਆਂ ਜਾਨਾਂ ਦੇ ਕੇ ਬਨੌਣ। ਤਦ ਸਰਕਾਰ ਨੇ ਸਤਾਂ ਸਾਲਾਂ ਪਿਛੋਂ ੨੮ ਅਪ੍ਰੈਲ ਸੰਨ ੧੯੨੧ ਨੂੰ ਆਪਣੇ ਖਰਚ ਤੇ ਮੁੜ ਨਵੇਂ ਸਿਰੇ ਉਸੇਤਰਾਂ ਗੁਰਦੁਵਾਰੇ ਦੀ ਕੰਧ ਬਣਾ ਦਿਤੀ।

੩੦ ਅਪ੍ਰੈਲ ਸੰਨ ੧੯੨੧ ਈ: ਨੂੰ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਰਜਿਸਟ੍ਰਿਡ ਕਰਾਈ ਗਈ ਅਤੇ ਨਿਯਮਾਂ ਦੇ ਬਨਣ ਉਪ੍ਰੰਤ ਇਸ ਦੀ ਨਵੀਂ ਚੋਣ ਜੁਲਾਈ ਸੰਨ੧੯੨੧ ਈ: ਨੂੰ ਕੀਤੀ ਗਈ। ਚੁਣੇ ਹੋਏ ਮੈਂਬਰਾਂ ਨੇ ਕੁਲ ਗਿਣਤੀ ਦਾ ਪੰਜਵਾਂ ਹਿਸਾ ੧੪ ਅਗਸਤ ਨੂੰ ਨਾਮਜ਼ਦ ਕੀਤਾ। ਇਸੇ ਸਮੇਂ ਸ਼੍ਰੋਮਣੀ ਕਮੇਟੀ ਨੇ ਪਾਸ ਕਰਕੇ ੨੩ ਅਗਸਤ ਨੂੰ ਗੁਰਦੁਵਾਰਾ ਗੁਰੂ ਕੇ ਬਾਗ ਦਾ ਚਾਰਜ ਆਪਣੇ ਹੱਥ ਵਿਚ ਲੈ ਲਿਆ ਅਤੇ ਸੇਵਾਦਾਰ ਗੁਰਦੁਵਾਰੇ ਦੀ

ਜ਼ਮੀਨ ਚੋਂ ਸੁਕੀਆਂ ਲਕੜਾਂ ਵਢ ਕੇ ਗੁਰੂ ਕੇ ਲੰਗਰ ਵਿਚ ਬਾਲਦੇ ਰਹੇ। ਇਸ ਦੇ ਮੁਕੰਮਲ ਸ਼੍ਰੋਮਣੀ ਕਮੇਟੀ ਦੀ ਇਕਤ੍ਰਤਾ ੨੭ ਅਗਸਤ ਸੰਨ ੧੯੨੧ ਈ: ਨੂੰ ਹੋਈ। ਦਿਨਾਂ ਪਿਛੋਂ ਅੰਤ੍ਰਿੰਗ ਕਮੇਟੀ (ਵਰਕਿੰਗ ਕਮੇਟੀ) ਨੀਯਤ ਕਰਕੇ ਮਿਸ਼ਨਰੀ ਅਤੇ ਪਬਲਿ ਆਦਿ ਮਹਿਕਮਿਆਂ ਨੂੰ ਅਡ ਅਡ ਮੈਂਬਰਾਂ ਦੇ ਸਪੁਰਦ ਕਰ ਦਿਤਾ ਗਿਆ। ਇਸ ਕਮੇਟੀ ਨੇ ਬੜੇ ਉਤਸ਼ਾਹ ਅਤੇ ਧਰਮ ਭਾਵ ਨਾਲ ਗੁਰਦਵਾਰਿਆਂ ਦੇ ਸੁਧਾਰ ਦਾ ਅਰੰਭਿਆ ਪਰ ਇਸ ਵਿਚ ਅਨੇਕ ਵਿਘਨ ਪੈ ਰਹੇ ਜਿਸ ਤੇ ਪੰਥ ਨੂੰ ਬੇਹੱਦ ਕੁਰਬਾ ਕਰਨੀਆਂ ਪਈਆਂ ਉਨ੍ਹਾਂ ਸਭ ਔਂਕੜਾਂ ਦਾ ਵਰਨਨ ਕਰਨ ਲਗਿਆਂ ਆਪਣੇ ਆ ਇਕ ਵਡੇ ਆਕਾਰ ਦੀ ਕਿਤਾਬ ਬਣ ਸਕਦੀ ਹੈ * ਪਰ ਏਥੇ ਕੇਵਲ ਵੰਨਗੀ ਮਾਤਰ ਲਿਖਣੀਆਂ ਜ਼ਰੂਰੀ ਹਨ।

[ਚਲਦਾ—ਬਾਕੀ ਅਗਲੇ ਪਰਚੇ ਦੀ ਉਡੀਕ ਕ

*ਵਿਸਥਾਰ ਪੂਰਬਕ ਮੁਕੰਮਲ ਹਾਲ ਪੜ੍ਹਣ ਲਈ ਵੇਖੋ ਸ੍ਰੀ ਨਨਕਾਣੇ ਸਾਹਿਬ ਦੇ ਸ਼ਹੀਦਾਂ ਦਾ ਇਤਿਹ ਜਿਸਦੇ ਵਡੇ ੬੦੦ ਸਫ਼ੇ ੬੦ ਤਸਵੀਰਾਂ, ਤਿੰਨ ਨਕਸ਼ੇ ਤੇ ਇਕ ਬੰਸਾਵਲੀ ਹੈ ਵਲੈਤੀ ਐਨਟੀਕ ਪੇਪਰ ਤੇ ਵਲੈ ਸਿਆਹੀ ਨਾਲ ਬਿਲਕੁਲ ਸੁਧ ਛਪੀ ਹੈ ਜਿਲਦ ਮਜਬੂਤ ਕਪੜੇ ਦੀ ਸਿਲਾਈ ਜੁਜ਼ਬੰਦੀ ਦੀ ਮੁਲ ਕੇਵ ਲਾਗਤ ੩) ਰੁਪੲੇ ਮਿਲਨ ਦਾ ਪਤਾ—ਮੈਨੇਜਰ ਗੁਰਦੁਵਾਰਾ ਕਮੇਟੀ ਸ੍ਰੀ ਨਨਕਾਣਾ ਸਾਹਿਬ ਇਹ ਮਜ਼ ਉਸੇ ਕਿਤਾਬ ਵਿਚੋਂ ਮਸਾਲਾਂ ਲੈਕੇ ਬਹੁਤ ਸੰਖਪ ਕਰ ਕੇ ਲਿਖਿਆ ਗਿਆ ਹੈ। ["ਸ਼ਮਸ਼ੇਰ" ਝੁਬਾਲੀਅ

## ਇਤਿਹਾਸਕ ਕਿਆਰੀ—

# ਗੁਰਦੁਆਰਾ ਲਹਿਰ ਦਾ ਸੰਖੇਪ ਹਾਲ !

ਗੁਰਬਖਸ਼ ਸਿੰਘ "ਸ਼ਮਸ਼ੇਰ"

[ ਫੁਲਵਾੜੀ ਸਤੰਬਰ ੧੯੩੮ ਸਫ਼ੇ ੪੮ ਤੋਂ ਅਗੋਂ ]

## ਸਖ਼ਤ ਔਕੜਾਂ ਦਾ ਮੁਕਾਬਲਾ—

ਸ਼ਰੋਮਣੀ ਕਮੇਟੀ ਦੀ ਬਣਤਰ ਨੇ ਇਸ ਦਾ ਅਜਿਹਾ ਪ੍ਰਤਾਪ ਵਧਾਇਆ ਜੋ ਢੱਠੇ ਹੋਏ ਹਿਰਦਿਆਂ ਵਿਚ ਮੁੜ ਨਵੇਂ ਸਿਰੇ ਉਤਸ਼ਾਹ ਅਤੇ ਕੁਰਬਾਨੀ ਦੀ ਸਪਿਰਟ ਪੈਦਾ ਹੋ ਗਈ। ਇਸ ਨਿਸ਼ਕਾਮ ਸੇਵਾ ਦਾ ਸਦਕਾ ਥੋੜੇ ਸਮੇਂ ਵਿਚ ਹੀ ਕਈ ਗੁਰਦੁਆਰੇ ਸ਼ਰੋਮਣੀ ਕਮੇਟੀ ਨਾਲ ਸਬੰਧਤ ਹੋ ਗਏ। ਇਸ ਮੰਤਵ ਨੂੰ ਸਿਰੇ ਚਾੜ੍ਹਣ ਲਈ ਜੋ ਜੋ ਔਕੜਾਂ ਸਿਖਾਂ ਦੇ ਰਸਤੇ ਵਿਚ ਆਈਆਂ। ਉਨ੍ਹਾਂ ਦਾ ਬੜੀ ਬਹਾਦਰੀ ਅਤੇ ਸੂਰਮਤਾਈ ਨਾਲ ਮੁਕਾਬਲਾ ਕੀਤਾ ਅਤੇ ਜਿਸ ਕਿਸਮ ਦੀਆਂ ਭੀ ਕੁਰਬਾਨੀਆਂ ਕਰਨੀਆਂ ਪਈਆਂ ਖਿੜੇ ਮੱਥੇ ਹਸੂੰ ਹਸੂੰ ਕਰਦਿਆਂ ਕੀਤੀਆਂ। ਇਨ੍ਹਾਂ ਸੰਖੇਪ ਸਤਰਾਂ ਵਿਚ ਉਨ੍ਹਾਂ ਸਭ ਦਾ ਵਰਨਣ ਹੋ ਸਕਣਾ ਅਸੰਭਵ ਹੈ।

੭ ਨਵੰਬਰ ਸੰਮਤ ੧੯੨੧ ਈਸਵੀ ਨੂੰ ਸ਼ਾਮ ਦੇ ਤਿੰਨ ਵਜੇ ਲਾਲਾ ਅਮਰ ਨਾਥ ਈ. ਏ. ਸੀ., ਪੁਲਸ ਨੂੰ ਨਾਲ ਲੈ ਕੇ ਸਰਦਾਰ ਸੁੰਦਰ ਸਿੰਘ ਰਾਮਗੜ੍ਹੀਆ ਮੀਤ ਪ੍ਰਧਾਨ ਸ਼ਰੋਮਣੀ ਕਮੇਟੀ ਅਤੇ ਪ੍ਰਧਾਨ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਦਰਬਾਰ ਸਾਹਿਬ ਜੀ ਦੇ ਘਰ ਆਇਆ ਅਤੇ ਸ੍ਰੀ ਦਰਬਾਰ ਸਾਹਿਬ ਦੀਆਂ ਸਾਰੀਆਂ ਚਾਬੀਆਂ ਖੋਹ ਕੇ ਲੈ ਗਿਆ। ੧੨ ਨਵੰਬਰ ਨੂੰ ਸ਼ਰੋਮਣੀ ਕਮੇਟੀ ਨੇ ਪਾਸ ਕਰ ਦਿਤਾ ਕਿ ਸਰਕਾਰ ਦੇ ਨੀਯਤ ਕੀਤੇ ਸਰ-ਬਰਾਹ ਕਪਤਾਨ ਬਹਾਦਰ ਸਿੰਘ ਨੂੰ ਸ੍ਰੀ ਦਰਬਾਰ ਸਾਹਿਬ ਜੀ ਦੇ ਪ੍ਰਬੰਧ ਵਿਚ ਦਖਲ ਨ ਦੇਣ ਦਿਤਾ ਜਾਵੇ। ਡਿਪਟੀ ਕਮਿਸ਼ਨਰ ਨੇ ਉੱਕਤ ਕਪਤਾਨ ਨੂੰ ੧੫ ਨਵੰਬਰ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਜਨਮ ਦਿਨ ਦੇ ਗੁਰਪੁਰਬ ਵਾਲੇ ਦਿਨ ਚਾਬੀਆਂ ਦੇ ਕੇ ਭੇਜਿਆ। ਪਰ ਉਸ ਸਮੇਂ ਸੰਗਤ ਵਿਚ ਬੜੀ ਵਿਰੋਧਤਾ ਅਤੇ ਜੋਸ਼ ਸੀ ਆਪ ਆਏ ਅਤੇ ਸ਼ਰਮ ਖਾਕੇ ਵਾਪਸ ਚਲੇ ਗਏ ਅਤੇ ਥੋੜੇ ਦਿਨਾਂ ਪਿਛੋਂ ਸਰ-ਬਰਾਹੀ ਤੋਂ ਅਸਤੀਫਾ ਦੇ ਦਿਤਾ। ਇਨ੍ਹਾਂ ਦੇ ਪਿਛੋਂ ਸਰਕਾਰ ਨੂੰ ਸਿਖਾਂ 'ਚੋਂ ਸਰ-ਬਰਾਹੀ ਲਈ ਕੋਈ ਆਦਮੀ ਨ ਲੱਭਾ ਜੋ ਸਾਰੀ ਕੌਮ ਦੀ ਮੁਖਾਲਫਤ ਕਰ ਕੇ ਇਸ ਕਠਨ ਕੰਮ ਨੂੰ ਸਿਰੇ ਚਾੜ੍ਹੇ।

ਜ਼ਿਲੇ ਵਿਚ ਥਾਂ ਪਰ ਥਾਂ ਫ਼ਿਰ ਕੇ ਡਿਪਟੀ ਕਮਿਸ਼ਨਰ ਨੇ ਜਲਸੇ ਕਰਕੇ ਸਿੱਖਾਂ ਸਬੰਧੀ ਗਲਤ ਫ਼ਹਿਮੀਆਂ ਫ਼ੈਲਾਉਣੀਆਂ ਸ਼ੁਰੂ ਕਰ ਦਿੱਤੀਆਂ ਜਿਸ ਕਰ ਕੇ ਸਿਖਾਂ ਨੇ ਕੀ ਮਜਬੂਰ

ਹੋਕੇ ਜਿਥੇ ਡਿਪਟੀ ਕਮਿਸ਼ਨਰ ਨੇ ਜਲਸਾ ਕਰਨਾ ਉਥੇ ਦੀਵਾਨ ਲਾਕੇ ਅਸਲੀ ਵਾਕਿਆਤ ਪ੍ਰਗਟ ਕਰਨੇ ਸ਼ੁਰੂ ਕਰ ਦਿਤੇ । ੨੬ ਨਵੰਬਰ ਨੂੰ ਪਿੰਡ ਅਜਨਾਲੇ ਵਿਚ ਅਜਿਹਾ ਹੀ ਇਕ ਦੀਵਾਨ ਹੋਇਆ ਜਿਥੇ ਸ਼ਰੋਮਣੀ ਕਮੇਟੀ ਦੇ ਨੌਂ ਪਤਵੰਤੇ ਮੈਂਬਰ। ਅਤੇ ਸ੍ਰਦਾਰ ਹਰਨਾਮ ਸਿੰਘ ਜ਼ੈਲਦਾਰ ਅਤੇ ਪੰਡਤ ਦੀਨਾ ਨਾਥ ਜੀ ਗ੍ਰਿਫ਼ਤਾਰ ਕੀਤੇ ਗਏ।

ਚਾਬੀਆਂ ਦੇ ਮਾਮਲੇ ਸਬੰਧੀ ਇਸ ਦਿਨ ਤੋਂ ਸਾਰੇ ਇਲਾਕਿਆਂ ਵਿਚ ਦੀਵਾਨ ਹੋਣੇ ਸ਼ੁਰੂ ਹੋ ਗਏ ਅਤੇ ਅਜਿਹੇ ਦੀਵਾਨਾਂ ਵਿਚ ਹਿੱਸਾ ਲੈਣ ਵਾਲਿਆਂ ਦੀਆਂ ਧੜਾ ਧੜ ਗ੍ਰਿਫ਼ਤਾਰੀਆਂ ਹੋਣ ਲੱਗ ਪਈਆਂ, ਜਿਨ੍ਹਾਂ ਦੀ ਗਿਣਤੀ ੧੯੩ ਤਕ ਪੁਜ ਗਈ।

੧੧ ਨਵੰਬਰ ੧੯੨੧ ਦੀ ਇਕੱਤ੍ਰਤਾ ਵਿਚ ਸ਼ਰੋਮਣੀ ਕਮੇਟੀ ਨੇ ਸਰਕਾਰ ਨਾਲ ਨਾ-ਮਿਲ-ਵਰਤਨ ਦਾ ਮਤਾ ਪਾਸ ਕਰ ਦਿਤਾ। ੨੨ ਨਵੰਬਰ ਨੂੰ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਉਤੇ ਕਬਜ਼ਾ ਹੋ ਗਿਆ। ਇਸ ਤਰ੍ਹਾਂ ਚਾਬੀਆਂ ਸਬੰਧੀ ਜੋਸ਼ ਘਟਦਾ ਨ ਵੇਖ ਕੇ ਡਿਪਟੀ ਕਮਿਸ਼ਨਰ ਨੇ ਬਥੇਰੇ ਤਰੀਕੇ ਚਾਬੀਆਂ ਵਾਪਸ ਕਰਨ ਦੇ ਵਰਤੇ, ਪਰ ਹਰ ਸਮੇਂ ਹਰ ਥਾਂ ਤੋਂ ਉਸਨੂੰ ਏਹੋ ਉਤਰ ਮਿਲਦਾ ਰਿਹਾ ਕਿ ਪਹਿਲਾਂ ਸਾਰੇ ਕੈਦੀ ਰਿਹਾ ਕਰੋ ਤੇ ਚਾਬੀਆਂ ਸ਼ਰੋਮਣੀ ਕਮੇਟੀ ਨੂੰ ਦੇ ਦਿਤੀਆਂ ਜਾਣ ਹੋਰ ਕੋਈ ਰਾਹ ਨ ਨਿਕਲਦਾ ਵੇਖ ਕੇ ੧੯ ਜਨਵਰੀ ਸੰਮਤ ੧੯੨੨ ਈਸਵੀ ਨੂੰ ਭਰੇ ਦੀਵਾਨ ਵਿਚ ਚਾਬੀਆਂ ਸਰਦਾਰ ਖੜਕ ਸਿੰਘ ਪ੍ਰਧਾਨ ਸ਼ਰੋਮਣੀ ਕਮੇਟੀ ਦੇ ਹਵਾਲੇ ਕਰ ਦਿੱਤੀਆਂ ਗਈਆਂ।

ਇਸ ਸਮੇਂ ਸਿਖਾਂ ਦੀ ਅਦੁਤੀ ਕੁਰਬਾਨੀ, ਦ੍ਰਿੜ੍ਹਤਾ ਅਤੇ ਸੇਵਾ ਦੀਆਂ ਮੁਲਕ ਵਿਚ ਧਾਂਕਾਂ ਪੈ ਚੁਕੀਆਂ ਸਨ। ਕਾਂਗਰਸੀ ਲੀਡਰ ਤੇ ਗੈਰ ਕੌਮਾਂ ਦੇ ਆਗੂ ਅੰਮ੍ਰਿਤਸਰ ਆ ਕੇ ਸਿਖਾਂ ਨਾਲ ਹਮਦਰਦੀ ਪ੍ਰਗਟ ਕਰਨ ਨੂੰ ਫ਼ਖ਼ਰ ਸਮਝਦੇ ਸਨ। ਇਸ ਤਰ੍ਹਾਂ ਅਨਮਤੀਆਂ ਦੀ ਸਿਖਾਂ ਨਾਲ ਹਮਦਰਦੀ ਵੇਖ ਕੇ। ਥੋਹੜੇ ਦਿਨਾਂ ਲਈ ਸਰਕਾਰ ਭੀ ਸਿਖਾਂ ਨੂੰ ਖੁਸ਼ ਕਰਨ ਦੀ ਜ਼ਾਹਰਾ ਕੋਸ਼ਸ਼ ਕਰਦੀ ਰਹੀ।

ਪਰੰਤੂ ਫ਼ਰਵਰੀ ਵਿਚ ਫੇਰ ਕਿਰਪਾਨ ਪਹਿਨਣ ਅਤੇ ਤਜ਼ੀਰੀ ਚੌਂਕੀਆਂ ਦਾ ਖਰਚ ਨ ਦੇਣ ਦੇ ਬਹਾਨੇ ਤਿੰਨਾਂ ਮਹੀਨਿਆਂ ਵਿਚ ਦੋ ਹਜ਼ਾਰ ਦੇ ਕਰੀਬ ਸਿਖ ਗ੍ਰਿਫ਼ਤਾਰ ਕੀਤੇ ਗਏ। ਫ਼ਰਵਰੀ ਸੰਮਤ ੧੯੨੨ ਈਸਵੀ ਨੂੰ ਦੋਬਾਰੇ ਗੁਰੂ ਕੇ ਬਾਗ ਦੇ ਮਹੰਤ ਸੁੰਦਰ ਦਾਸ ਨੇ ਸ਼ਰੋਮਣੀ ਕਮੇਟੀ ਨਾਲ ਸਮਝੌਤਾ ਕਰ ਲਿਆ ਪਰੰਤੂ ੮ ਅਗਸਤ ੧੯੨੨ ਈਸਵੀ ਨੂੰ ਜਦ ਅਗੇ ਵਾਂਗ ਸੁਭਾਵਕ ਹੀ ਪੰਜਾਂ ਸਿੱਖਾਂ ਨੇ ਖੇਤਾਂ ਵਿਚੋਂ ਬਾਲਣ ਲਈ ਇਕ ਸੁਕੀ ਕਿੱਕਰ ਵੱਢੀ ਤਾਂ ਮਹੰਤ ਦੀ ਸ਼ਕੈਤ ਉਤੇ, ਨਹੀਂ ਸਗੋਂ ਬੇਦੀ ਬ੍ਰਿਜ ਬਲਭ ਸਿੰਘ ਦੀ ਡਾਇਰੀ ਉਤੇ ੯ ਅਗਸਤ ਨੂੰ ਪੁਲਸ ਨੇ ਇਹ ਪੰਜੇ ਸਿੰਘ ਗ੍ਰਿਫ਼ਤਾਰ ਕਰ ਲਏ। ੧੦ ਅਗਸਤ ਨੂੰ ਮਿਸਟਰ ਬੀ. ਟੀ. ਸੁਪ੍ਰੰਟੈਨਡੈਂਟ ਪੁਲਸ, ਗਾਰਦ ਲੈਕੇ ਗੁਰਦੁਆਰਾ ਗੁਰੂ ਕੇ ਬਾਗ ਪਹੁੰਚ ਗਏ ਪਰੰਤੂ ਸਿਖ ਇਸ ਸਮੇਂ ਭੀ ਪਹਿਲਾਂ ਵਾਂਗ ਗੁਰਦੁਆਰੇ ਦੀ ਜ਼ਮੀਨ ਵਿਚੋਂ ਬਾਲਣ ਲਿਆਕੇ ਗੁਰੂ ਕੇ ਲੰਗਰ ਵਿਚ ਵਰਤਦੇ ਰਹੇ ਅਤੇ ਪੁਲਸ ਚੁਪ ਕਰ ਕੇ ਬੈਠੀ ਰਹੀ। ਪਰ ੨੨ ਅਗਸਤ ਨੂੰ ਅਚਾਨਕ ਹੀ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ। ੨੬ ਅਗਸਤ ਨੂੰ ਸ਼ਰੋਮਣੀ ਕਮੇਟੀ ਦੇ ਓਹਦੇਦਾਰ ਤੇ ਹੋਰ ਕਈ ਪਤਵੰਤੇ ਗ੍ਰਿਫ਼ਤਾਰ ਕੀਤੇ ਗਏ। ੨੭ ਅਗਸਤ ਤੋਂ ਉਥੇ ਸਖ਼ਤ ਮਾਰ ਕੁਟਾਈ ਸ਼ੁਰੂ ਹੋ ਗਈ। ਗੁਰੂ ਕੇ

ਬਾਗ਼ ਦੀ ਨਾਕਾਬੰਦੀ ਕੀਤੀ ਗਈ, ਅਤੇ ਜਿਸ ਕਿਸੇ ਉਤੇ ਸ਼ੱਕ ਹੋਵੇ ਕਿ ਰਸਦ ਪਹੁੰਚਾਉਣ ਦੀ ਕੋਸ਼ਸ਼ ਕਰਦਾ ਹੈ, ਤਾਂ ਉਸ ਨੂੰ ਭੀ ਮਾਰ ਕੁਟਾਈ ਹੋਣ ਲੱਗ ਪਈ। ਸ੍ਰੀ ਅੰਮ੍ਰਿਤਸਰ ਆਉਣ ਵਾਲੇ ਯਾਤਰੂਆਂ ਨੂੰ ਰਸਤੇ ਵਿਚੋਂ ਹੀ ਰੋਕਣਾ ਯਾਂ ਗ੍ਰਿਫਤਾਰ ਕਰਨਾ ਅਰੰਭ ਕਰ ਦਿੱਤਾ ਗਿਆ। ਪਰ ਫੇਰ ਭੀ ਸਿਖ ਸ੍ਰੀ ਅੰਮ੍ਰਿਤਸਰ ਪਹੁੰਚਣ, ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਸ਼ਾਂਤਮਈ ਰਹਿਣ ਦਾ ਅਰਦਾਸਾ ਸੋਧ ਕੇ ਹਰ ਰੋਜ਼ ਜੱਥਾ ਗੁਰੂ ਕੇ ਬਾਗ ਨੂੰ ਲਕੜਾਂ ਵੱਢਣ ਲਈ ਜਾਵੇ।

੩੧ ਅਗਸਤ ਤੋਂ ਹਰ ਰੋਜ਼ ਸੌ ਸੌ ਸੂਰਬੀਰ ਅਕਾਲੀਆਂ ਦਾ ਜੱਥਾ ਜਾਣ ਲੱਗ ਪਿਆ। ਪਰ ਇਹ ਰਸਤੇ ਵਿਚ ਹੀ ਕਿਤੇ ਨ ਕਿਤੇ ਰੋਕਿਆ ਜਾਂਦਾ ਸੀ। ਇਸ ਨੂੰ ਇਤਨੀ ਸਖ਼ਤ ਮਾਰ ਕੁਟਾਈ ਕੀਤੀ ਜਾਂਦੀ ਸੀ ਕਿ ਉਸਦਾ ਹਰ ਇਕ ਮੈਂਬਰ ਬੇਹੋਸ਼ ਹੋ ਜਾਂਦਾ ਸੀ। ਬੇਹੋਸ਼ ਹੋਏ ਸਿਖਾਂ ਨੂੰ ਪਵਿਤ੍ਰ ਕੇਸਾਂ ਤੋਂ ਧੂਹ ਧੂਹ ਕੇ ਚਿੱਕੜ ਵਾਲੇ ਟੋਇਆਂ, ਮੁਦਿਆਂ ਤੇ ਚਲਿਆਂ ਵਿਚ ਸੁਟਿਆ ਜਾਂਦਾ ਸੀ। ਇਸ ਦੇ ਪਿਛੋਂ ਸ਼ਰੋਮਣੀ ਕਮੇਟੀ ਦੇ ਡਾਕਟਰ ਤੇ ਮੋਟਰਾਂ ਪਹੁੰਚ ਪੈਂਦੀਆਂ ਸਨ। ਉਨ੍ਹਾਂ ਬੇਹੋਸ਼ ਹੋਏ ਬਹਾਦਰ ਅਕਾਲੀਆਂ ਨੂੰ ਸ੍ਰੀ ਅੰਮ੍ਰਿਤਸਰ ਕਮੇਟੀ ਦੇ ਗੁਰੂ ਰਾਮਦਾਸ ਹਸਪਤਾਲ ਵਿਚ ਲਿਆ ਕੇ ਹਰ ਤਰ੍ਹਾਂ ਦੀ ਲੋੜੀਂਦੀ ਸੇਵਾ ਕੀਤੀ ਜਾਂਦੀ ਸੀ। ਇਨ੍ਹਾਂ ਸਿੰਘਾਂ ਦੀ ਗਿਣਤੀ ਤੇਰ੍ਹਾਂ ਸੌ ਤਕ ਪੁਜ ਗਈ ਸੀ। ਇਸ ਤੋਂ ਬਿਨਾਂ ਉਧਰ ਦੂਜੇ ਬੰਨੇ ਗੁਰੂ ਕੇ ਬਾਗ ਦੇ ਖੇਤਾਂ ਵਿਚੋਂ ਲਕੜਾਂ ਵੱਢਣ ਗਏ ਸਿੰਘਾਂ ਨੂੰ ਭੀ ਹਰ ਰੋਜ਼ ਮਾਰ ਕੁਟਾਈ ਕੀਤੀ ਜਾਂਦੀ ਸੀ।

ਸਿਖ ਇਸ ਤਰ੍ਹਾਂ ਸਖ਼ਤੀ ਨਾਲ ਨ ਹਾਰਦੇ ਵੇਖ ਕੇ ੯ ਸਤੰਬਰ ਨੂੰ ਪੁਲਸ ਦੀ ਰਸਤੇ ਵਾਲੀ ਚੌਂਕੀ ਉਠਾ ਲਈ ਗਈ, ਅਤੇ ਉਸ ਦਿਨ ਜਥਾ ਸਿੱਧਾ ਗੁਰੂ ਕੇ ਬਾਗ ਪੁਜ ਗਿਆ। ੧੩ ਸਤੰਬਰ ਨੂੰ ਗਵਰਨਰ ਸਾਹਿਬ ਅੰਮ੍ਰਿਤਸਰ ਆਏ, ਉਸ ਦਿਨ ਤੋਂ ਮਾਰ ਕੁਟਾਈ ਬੰਦ ਕੀਤੀ ਗਈ। ਅਤੇ ਗ੍ਰਿਫਤਾਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਕੁਝ ਦਿਨ, ਤਾਂ ਵੀਹ ਵੀਹ ਸਿੰਘ ਗ੍ਰਿਫਤਾਰ ਹੁੰਦੇ ਰਹੇ ਪਰ ਇਹ ਗਿਣਤੀ ਦਿਨੋਂ ਦਿਨ ਵਧਦੀ ਗਈ, ਇਥੋਂ ਤਕ ਕਿ ੧੦ ਅਕਤੂਬਰ ਤੋਂ ਇਕ ਸੌ ਸਿੰਘ ਰੋਜ਼ ਗ੍ਰਿਫਤਾਰ ਹੋਣ ਲੱਗ ਪਏ। ੧੭ ਨਵੰਬਰ ਨੂੰ ਸਰ ਗੰਗਾ ਰਾਮ ਲਾਹੌਰ ਨੇ ਮਹੰਤ ਸੁੰਦਰ ਦਾਸ ਪਾਸੋਂ ਗੁਰਦੁਆਰਾ ਗੁਰੂ ਕੇ ਬਾਗ ਦੀ ਜ਼ਮੀਨ ਠੇਕੇ ਤੇ ਲਿਖਾ ਲਈ ਅਤੇ ਸਰਕਾਰ ਨੂੰ ਲਿਖ ਦਿਤਾ ਕਿ ਮੈਨੂੰ ਪੁਲਸ ਦੀ ਲੋੜ ਨਹੀਂ ਹੈ।

੧੭ ਨਵੰਬਰ ਸੰਮਤ ੧੯੨੨ ਈਸਵੀ ਤਕ ਗ੍ਰਿਫਤਾਰੀਆਂ ਦੀ ਗਿਣਤੀ ੫੬੦੫ ਤਕ ਪੁਜ ਗਈ ਸੀ। ਜਿਨ੍ਹਾਂ ਵਿਚੋਂ ੩੫ ਸ਼ਰੋਮਣੀ ਕਮੇਟੀ ਦੇ ਮੈਂਬਰ ਸਨ। ਗੁਰੂ ਕੇ ਬਾਗ ਦੇ ਸਭ ਕੈਦੀ ਮਈ ਸੰਮਤ ੧੯੨੩ ਈ: ਵਿਚ ਰਿਹਾ ਕੀਤੇ ਗਏ। ਰਿਹਾਈ ਦਾ ਕਾਰਨ ਸਰਕਾਰ ਨੇ ਇਹ ਦਸਿਆ ਕਿ ਅਪਰੈਲ ਸੰਮਤ ੧੯੨੩ ਈ: ਵਾਲਾ ਅੰਮ੍ਰਿਤਸਰ ਦਾ ਹਿੰਦੂ ਮੁਸਲਮ ਫਸਾਦ ਰੋਕਣ ਵਿਚ ਸਿਖਾਂ ਨੇ ਬੜੀ ਭਾਰੀ ਮਦਦ ਕੀਤੀ ਕੀਤੀ ਹੈ।

੧੭ ਫਰਵਰੀ ਸੰਮਤ ੧੯੨੩ ਈਸਵੀ ਨੂੰ ਗੁਰਦੁਆਰਾ ਤੰਬੂ ਸਾਹਿਬ ਮੁਕਤਸਰ ਜ਼ਿਲਾ ਫੀਰੋਜ਼ਪੁਰ ਦਾ ਕਬਜ਼ਾ ਭਾਈ ਸਰਮੁਖ ਸਿੰਘ ਤੇ ਅਨੋਖ ਸਿੰਘ ਨੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰ ਦਿੱਤਾ। ੧੮ ਫਰਵਰੀ ਨੂੰ ਇਕ ਸੌ ਸਿੰਘਾਂ ਦਾ ਜੱਥਾ ਘੱਲ ਕੇ ਸ਼ਰੋਮਣੀ ਕਮੇਟੀ ਨੇ ਦਰਬਾਰ ਸਾਹਿਬ ਤੇ ਕਬਜ਼ਾ ਕਰ ਲਿਆ।

੧੭ ਜੂਨ ਸੰਮਤ ੧੯੨੩ ਈਸਵੀ ਨੂੰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ

ਪਵਿਤ੍ਰ ਕਾਰ ਸਵਾ ਦਾ ਮਹਾਨ ਪੁਰਬ ਅਰੰਭ ਹੋਇਆ। ਗੁਰਦੁਆਰਾ ਪਿਪਲੀ ਸਾਹਿਬ ਤੋਂ ਸਾਰੇ ਪੰਜਾਬ ਅਤੇ ਪ੍ਰਦੇਸਾਂ ਵਿਚੋਂ ਆਏ ਸਿਖਾਂ ਦਾ ਬਹੁਤ ਵੱਡਾ ਜਲੂਸ ਨਿਕਲਿਆ। ਇਕ ਬੰਨਿਓਂ ਜਲੂਸ ਘੰਟੇ ਘਰ ਪੁਜਾ ਹੋਇਆ ਸੀ ਅਤੇ ਦੂਜੇ ਬੰਨੇਂ ਪਿਪਲੀ ਸਾਹਿਬ ਤੋਂ ਸਿੰਘ ਮਾਰਚ ਕਰਕੇ ਖਤਮ ਨਹੀਂ ਹੋਏ ਸਨ। ਇਸ ਤੋਂ ਪਹਿਲਾਂ ਇਸ ਲਹਿਰ ਵਿਚ ਏਡਾ ਵੱਡਾ ਸ਼ਾਨਦਾਰ ਕੌਮੀ ਜਲੂਸ ਕਦੇ ਨਹੀਂ ਨਿਕਲਿਆ ਸੀ।

ਚਾਂਦੀ ਦੇ ਬਾਲਟਿਆਂ ਤੇ ਸੋਨੇ ਦੀਆਂ ਕਹੀਆਂ ਨਾਲ ਪੰਜਾਂ ਪਿਆਰਿਆਂ ਨੇ ਅਰਦਾਸਾ ਸੋਧ ਕੇ ਕਾਰ ਸੇਵਾ ਅਰੰਭ ਕਰ ਦਿਤੀ। ਸਿਖ ਰਾਜਿਆਂ ਵਿਚੋਂ ਉਸ ਦਿਨ ਕੇਵਲ ਮਹਾਰਾਜਾ ਪਟਿਆਲਾ ਹੀ ਸ਼ਾਮਲ ਸਨ। ਇਕ ਮਹੀਨੇ ਤਕ ਕਾਰ ਸੇਵਾ ਹੁੰਦੀ ਰਹੀ। ਇਹ ਅਦੁਤੀ ਨਜ਼ਾਰਾ ਪੰਥ ਖਾਲਸੇ ਦੀ ਅਦੁਤੀ ਸ਼ਾਨ ਤੇ ਚੜ੍ਹਦੀ ਕਲਾ ਦਾ ਕਦੇ ਨ ਭੁਲਣ ਵਾਲਾ ਨਿਰਾਲਾ ਨਜ਼ਾਰਾ ਸੀ।

## ਸ਼ਰੋਮਣੀ ਕਮੇਟੀ ਕਾਨੂੰਨ ਵਿਰੁਧ ਕਰਾਰ ਦਿਤੀ ਗਈ—

ਇਸ ਸਮੇਂ ਕੁਝ ਵਾਯੂ ਮੰਡਲ ਸ਼ਾਂਤ ਹੋਣ ਹੀ ਲੱਗਾ ਸੀ ਕਿ ੯ ਜੁਲਾਈ ਸੰਮਤ ੧੯੨੩ ਈਸਵੀ ਨੂੰ ਮਹਾਰਾਜਾ ਰਿਪਦੁਮਨ ਸਿੰਘ ਨਾਭਾ ਤਖਤੋਂ ਉਤਾਰੇ ਗਏ। ਜਿਸ ਨਾਲ ਸਿਖਾਂ ਵਿਚ ਐਜੀਟੇਸ਼ਨ ਦੀ ਨਵੀਂ ਲਹਿਰ ਚੱਲ ਪਈ। ਅਗਸਤ ਵਿਚ ਸ਼ਰੋਮਣੀ ਕਮੇਟੀ ਨੇ ਇਸ ਮਾਮਲੇ ਨੂੰ ਆਪਣੇ ਹੱਥ ਵਿਚ ਲੈ ਲਿਆ। ੯ ਸਤੰਬਰ ਸੰਮਤ ੧੯੨੩ ਈਸਵੀ ਨੂੰ ਸਾਰੀ ਸਿਖ ਦੁਨੀਆਂ ਵਿਚ ਰੋਸ ਵਜੋਂ ਨਾਭਾ ਦਿਨ ਮਨਾਇਆ ਗਿਆ। ਜਲੂਸ ਕੱਢਣ ਅਤੇ ਵਖਿਆਨ ਦੇਣ ਦੇ ਅਪਰਾਧ ਵਿਚ ਥਾਂ ਪਰ ਥਾਂ ਸਿਖਾਂ ਦੀਆਂ ਗ੍ਰਿਫਤਾਰੀਆਂ ਹੋਣ ਲੱਗ ਪਈਆਂ। ਇਸਤਰ੍ਹਾਂ ਗੁਰਦੁਆਰਾ *ਗੰਗਸਰ ਜੈਤੋ ਰਿਆਸਤ ਨਾਭਾ ਵਿਚ ਸਜੇ ਦੀਵਾਨਾਂ ਵਿਚੋਂ ਭੀ ਗ੍ਰਿਫਤਾਰੀਆਂ ਕੀਤੀਆਂ ਗਈਆਂ। ਉਥੇ ਇਕੱਤ੍ਰ ਹੋਏ ਸਿੰਘਾਂ ਨੇ ੧੪ ਸਤੰਬਰ ਸੰਮਤ ੧੯੨੩ ਈਸਵੀ ਨੂੰ ਅਖੰਡ ਪਾਠ ਪ੍ਰਾਰੰਭ ਕਰ ਦਿਤਾ। ਇਸ ਸਮੇਂ ਸਾਰੀ ਹਾਜ਼ਰ ਸੰਗਤ ਨੂੰ ਰਿਆਸਤੀ ਪੁਲਸ ਨੇ ਫੌਜ ਦੀ ਮਦਦ ਨਾਲ ਗ੍ਰਿਫਤਾਰ ਕਰ ਲਿਆ। ਸ੍ਰੀ ਗੁਰੂ ਗਰੰਥ ਸਾਹਿਬ ਦੀ ਤਾਬਿਆ ਬੈਠੇ ਅਖੰਡ ਪਾਠ ਕਰ ਰਹੇ ਗ੍ਰੰਥੀ ਸਿੰਘਾਂ ਨੂੰ ਭੀ ਜ਼ਬਰਦਸਤੀ ਬਾਹਵਾਂ ਤੋਂ ਫੜਕੇ ਘੜੀਸਿਆ ਗਿਆ। ਅਤੇ ਇਨ੍ਹਾਂ ਸਿੰਘਾਂ ਦੇ ਨਾਲ ਹੀ ਗ੍ਰਿਫਤਾਰ ਕਰਕੇ ਲੈ ਗਏ। ਇਸ ਤਰ੍ਹਾਂ ਅਖੰਡ ਪਾਠ ਖੰਡਣ ਹੋ ਜਾਣ ਦੇ ਕਾਰਨ ਸਾਰੇ ਸਿਖ ਸੰਸਾਰ ਵਿਚ ਬੜਾ ਭਾਰਾ ਜੋਸ਼ ਵਧਿਆ। ਸੰਗਤਾਂ ਹੁਮ ਹੁਮਾਕੇ ਆਪਣੇ ਇਸ ਧਾਰਮਕ ਹੱਕ ਨੂੰ ਕਾਇਮ ਰੱਖਣ ਲਈ ਜੈਤੋ ਪਹੁੰਚਣ ਲਗ ਪਈਆਂ। ਸਾਰੇ ਥਾਈਂ ਇਸ ਗੱਲ ਦਾ ਪ੍ਰਚਾਰ ਸ਼ੁਰੂ ਹੋ ਗਿਆ ਕਿ ਸੰਗਤ ਨੂੰ ਗੁਰਦੁਆਰੇ ਦੇ ਦਰਸ਼ਨ ਕਰਨ ਅਤੇ ਅਖੰਡ ਪਾਠ ਕਰਨ ਦੀ ਕੋਈ ਬੰਦਸ਼ ਨਹੀਂ ਹੋਣੀ ਚਾਹੀਦੀ ਹੈ। ੧੫ ਸਤੰਬਰ ਸੰਮਤ ੧੯੨੩ ਈਸਵੀ ਤੇ ਪੰਜੀ ਪੰਜੀ ਸਿੰਘਾਂ ਦੇ ਜਥੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਸ਼ਾਂਤ-ਮਈ ਰਹਿਣ ਦਾ ਪ੍ਰਣ ਲੈਕੇ ਇਸ ਹੱਕ ਨੂੰ ਕਾਇਮ ਰੱਖਣ ਲਈ ਸ੍ਰੀ ਅੰਮ੍ਰਿਤਸਰ ਤੋਂ

*ਜਿਨ੍ਹਾਂ ਗੁਰਦੁਆਰਿਆਂ ਦਾ ਇਸ ਲੇਖ ਵਿਚ ਜ਼ਿਕਰ ਆਇਆ ਹੈ, ਉਨ੍ਹਾਂ ਦਾ ਮੁਕੰਮਲ ਇਤਿਹਾਸ ਤਸਵੀਰਾਂ ਤੇ ਨਕਸ਼ੇ ਦਾ ਹਾਲ ਸ੍ਰੀ ਨਨਕਾਣੇ ਸਾਹਿਬ ਦੇ ਸ਼ਹੀਦੀ ਇਤਿਹਾਸ ਵਿਚ ਛਪਿਆ ਹੈ।

ਪੈਦਲ ਵੱਖ ਵੱਖ ਇਲਾਕਿਆਂ ਵਿਚ ਇਸ ਗੱਲ ਦਾ ਪ੍ਰਚਾਰ ਕਰਦੇ ਜੈਤੋ ਨੂੰ ਰਵਾਨਾ ਹੋਣ ਲੱਗ ਪਏ। ਇਨ੍ਹਾਂ ਜਥਿਆਂ ਨੂੰ ਨਾਭੇ ਦੀ ਹਕੂਮਤ ਰਸਤੇ ਵਿਚ ਹੀ ਗ੍ਰਿਫਤਾਰ ਕਰ ਲੈਂਦੀ ਅਤੇ ਮਾਰ ਕੁਟਾਈ ਕਰਕੇ ਤਿੰਨ ਤਿੰਨ ਸੌ ਮੀਲ ਦੂਰ ਲੈ ਜਾਕੇ ਬੇ-ਅਬਾਦ ਇਲਾਕਿਆਂ ਵਿਚ ਬਿਨਾਂ ਖਰਚ ਪਰਚ ਦੇ ਇਨ੍ਹਾਂ ਦੀ ਕਿਸਮਤ ਤੇ ਰੱਬ ਆਸਰੇ ਛੱਡ ਦਿੰਦੀ ਰਹੀ। ਇਸ ਤਰ੍ਹਾਂ ਦੀ ਸਖਤੀ ਪੰਜ ਹਜ਼ਾਰ ਯਾਤਰੂਆਂ ਨਾਲ ਕੀਤੀ ਗਈ।

ਇਸ ਲਹਿਰ ਨੂੰ ਕੁਚਲਨ ਲਈ ੧੨ ਅਕਤੂਬਰ ੧੯੨੩ ਨੂੰ ਸਰਕਾਰ ਨੇ ਸ਼੍ਰੋਮਣੀ ਅਤੇ ਸ਼੍ਰੋਮਣੀ ਅਕਾਲੀ ਦਲ ਕਾਨੂੰਨ ਵਿਰੁਧ ਜਮਾਤਾਂ ਕਰਾਰ ਦੇ ਦਿਤੀਆਂ। ਇਸ ਦੀ ਐਗ-ਜ਼ੈਕਟਵ ਕਮੇਟੀ ਦੇ ੬੦ ਮੈਂਬਰ ਥਾਓਂ ਥਾਈਂ ੧੩ ਅਤੇ ੧੪ ਅਕਤੂਬਰ ਦੀ ਦਰਮਿਆਨੀ ਰਾਤ ਨੂੰ ਗ੍ਰਿਫਤਾਰ ਕੀਤੇ ਗਏ। ਇਨ੍ਹਾਂ ਉਤੇ ਬਾਦਸ਼ਾਹ ਵਿਰੁਧ ਸਾਜਸ਼ ਕਰਨ ਦਾ ਮੁਕੱਦਮਾ ਡਿਸਟ੍ਰੈਕਟ ਬੋਰਡ ਅੰਮ੍ਰਿਤਸਰ ਦੀ ਇਮਾਰਤ ਵਿਚ ਚਲਾਇਆ ਗਿਆ। ਪਿਛੋਂ ਇਹੋ ਮੁਕੱਦਮਾ ਇਥੋਂ ਬਦਲ ਕੇ ਜ਼ਿਲਾ ਲਾਹੌਰ ਵਿਚ ਤਿੰਨ ਸਾਲ ਚਲਦਾ ਰਿਹਾ।

ਜੈਤੋ ਦੇ ਮੋਰਚੇ ਦੇ ਨਾਲ ਹੀ ਗੁਰਦੁਆਰਾ ਸੰਗਤ ਸਾਹਿਬ ਭਾਈ ਫੇਰੂ ਜ਼ਿਲਾ ਲਾਹੌਰ ਵਿਚ ੧੫ ਦਸੰਬਰ ੧੯੨੩ ਈਸਵੀ ਨੂੰ ਇਕ ਬੜਾ ਭਾਰੀ ਮੋਰਚਾ ਲੱਗ ਗਿਆ। ਜਿਸ ਵਿਚ ਕਈ ਹਜ਼ਾਰ ਸਿੰਘ ਗ੍ਰਿਫਤਾਰ ਹੋਏ ਇਹ ਮੋਰਚਾ ੨੦ ਸਤੰਬਰ ਸੰਮਤ ੧੯੨੫ ਈਸਵੀ ਨੂੰ ਉਥੇ ਇਕ ਖੂਨ ਹੋ ਜਾਣ ਦੇ ਕਾਰਨ ਬੰਦ ਕਰ ਦਿਤਾ ਗਿਆ।

ਦਸੰਬਰ ਸੰਮਤ ੧੯੨੩ ਈਸਵੀ ਨੂੰ ਸਰਦਾਰ ਗੁਰਦਿਆਲ ਸਿੰਘ ਅਸਿਸਟੈਂਟ ਐਡ-ਮਨਿਸਟ੍ਰੇਟਰ ਨਾਭੇ ਬਾਬਤ ਗੁਰਦੁਆਰਾ ਰੰਗਸਰ ਵਿਚ ਅਖੰਡ ਪਾਠ ਖੰਡਨ ਕਰਨ ਦੇ ਅਪ੍ਰਾਧ ਵਿਚ ਸਿਖੀ ਤੋਂ ਖਾਰਜ ਕਰਨ ਵਾਲਾ ਹੁਕਮ ਨਾਮਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੋਇਆ। ਤਾਂ ਸਰਦਾਰ ਗੁਰਦਿਆਲ ਸਿੰਘ ਡੋਲ ਗਿਆ ਅਤੇ ਝੁਕ ਕੇ ਮਾਫ਼ੀ ਮੰਗਣ ਹੀ ਵਾਲਾ ਸੀ ਕਿ ਇਸ ਨੂੰ ਪਲੋਸ ਪਲਾਸ ਕੇ ਕਿਸੇ ਨ ਕਿਸੇ ਤਰ੍ਹਾਂ ਤਖਤ ਸ੍ਰੀ ਹਜ਼ੂਰ ਸਾਹਿਬ ਤੋਂ ਇਸ ਦੇ ਹੱਕ ਵਿਚ ਇਕ ਇਸ਼ਤਿਹਾਰ ਜਿਹਾ ਹੁਕਮਨਾਮੇਂ ਦੀ ਸ਼ਕਲ ਵਿਚ ਕਢਾਇਆ ਗਿਆ।

੭ ਜਨਵਰੀ ੧੯੨੪ ਈਸਵੀ ਨੂੰ ਸ਼੍ਰੋਮਣੀ ਕਮੇਟੀ ਦੀ ਜਨਰਲ ਮੀਟਿੰਗ ਹੋਈ। ਇਸ ਮੀਟਿੰਗ ਵਿਚ ਜਿੱਨੇਂ ਮੈਂਬਰ ਸ਼ਾਮਲ ਹੋਏ ਸਭ ਕਾਨੂੰਨ ਵਿਰੁਧ ਜਮਾਤ ਦੇ ਮੈਂਬਰ ਹੋਣ ਦੇ ਕਾਰਨ ਸਰਕਾਰ ਨੇ ਫੜ ਲਏ ਅਤੇ ਮੁਕੱਦਮਾਂ ਚਲਾ ਕੇ ਇਨ੍ਹਾਂ ਸਭਨਾਂ ਨੂੰ ਦੋ ਦੋ ਸਾਲ ਦੀਆਂ ਸਜ਼ਾਵਾਂ ਦੇਕੇ ਪੰਜ ਪੰਜ ਸੌ ਰੁਪਿਆ ਜੁਰਮਾਨਾ ਕੀਤਾ ਗਿਆ।

੧ ਫਰਵਰੀ ਸੰਮਤ ੧੯੨੪ ਈਸਵੀ ਨੂੰ ਸ਼੍ਰੋਮਣੀ ਕਮੇਟੀ ਦੇ ਐਲਾਨ ਅਨੁਸਾਰ ਜੇਹਲ ਦੇ ਸਿੰਘਾਂ ਦੇ ਕਸ਼ਟਾਂ ਬਾਰੇ ਪਾਠਾਂ ਦੇ ਭੋਗ ਪਾਕੇ ਤੇ ਅਰਦਾਸੇ ਸੋਧ ਕੇ ਸਾਰੇ ਪੰਥ ਵਿਚ ਇਹ ਦਿਨ ਬੜੇ ਜੋਸ਼ ਤੇ ਉਤਸ਼ਾਹ ਨਾਲ ਮਨਾਇਆ ਗਿਆ। ੧੨ ਮਈ ਸੰਮਤ ੧੯੨੩ ਈਸਵੀ ਵਿਚ ਅਕਾਲ ਤਖਤ ਵਾਲੇ ਬਾਬਾ ਕਰਤਾਰ ਸਿੰਘ ਜੀ ਨੂੰ ਬਾਈਕਾਟ ਕੀਤਾ ਗਿਆ। ੨੪ ਅਪਰੈਲ ੧੯੨੪ ਕੀਸਵੀ ਨੂੰ ਸ੍ਰੀ ਨਨਕਾਣੇ ਸਾਹਿਬ ਦੇ ਸਾਕੇ ਦੇ ਅਪਰਾਧੀ ਬਾਬਾ ਕਰਤਾਰ ਸਿੰਘ ਜੀ ਬੇਦੀ ਨੇ ਪੰਥ ਪਾਸੋਂ ਸ੍ਰੀ ਅਕਾਲ ਤਖਤ ਸਾਹਿਬ ਹਾਜਰ ਹੋ ਕੇ ਮਾਫ਼ੀ ਮੰਗੀ ਤੇ ਤਨਖਾਹ ਲੁਆ ਕੇ ਬਖਸ਼ੌਣ ਲਈ ਅਕਤੂਬਰ ਵਿਚ ਨੰਗੀਂ ਪੈਰੀਂ ਸ੍ਰੀ ਅੰਮ੍ਰਿਤਸਰ ਤੋਂ ਪੈਦਲ

ਚੱਲ ਕੇ ਗੁਰਦੁਆਰਾ ਸ੍ਰੀ ਜਨਮ ਅਸਥਾਨ ਨਨਕਾਣਾ ਸਾਹਿਬ ਦੀ ਯਾਤਰਾ ਕੀਤੀ।

ਇਕ ਬੰਨੇ ਸਿਖ ਲੀਡਰਾਂ ਤੇ ਮੁਕੱਦਮਾਂ ਚਲਦਾ ਸੀ ਅਤੇ ਦੂਜੇ ਬੰਨੇ ਜੈਤੋ ਦਾ ਮੋਰਚਾ ਗਰਮ ਸੀ। ਕੌਮ ਵਲੋਂ ਇੰਨੀ ਕੁਰਬਾਨੀ ਕਰਨ ਦੇ ਬਾਵਜੂਦ ਭੀ ਨਾਭਾ ਸਰਕਾਰ ਦੇ ਕੰਨਾਂ ਤੇ ਜੂੰ ਤਕ ਨ ਸਰਕੀ ਤਾਂ ਪੰਥ ਦਾ ਫੈਸਲਾ ਹੋਇਆ ਕਿ ਪੰਜ ਸੌ ਸਿੰਘਾਂ ਦਾ ਇਕ ਜੱਥਾ ਗੁਰਦੁਆਰਾ ਗੰਗਸਰ ਦੀ ਯਾਤਰਾ ਲਈ ਭੇਜਿਆ ਜਾਵੇ । ਸੋ ੯ ਫਰਵਰੀ ੧੯੨੪ ਈਸਵੀ ਨੂੰ ਬਸੰਤ ਪੰਚਮੀਂ ਵਾਲੇ ਦਿਨ ਬਸੰਤੀ ਚੋਲੇ ਪਹਿਨ ਕੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਸ਼ਾਂਤ-ਮਈ ਰਹਿਣ ਦਾ ਪ੍ਰਣ ਲੈਕੇ ਬੜੀ ਧੂਮ ਧਾਮ ਨਾਲ ਵਾਜਿਆਂ ਗਾਜਿਆਂ ਦੀ ਘਨਘੋਰ ਵਿਚ ਜੈਤੋ ਦੇ ਅਖੰਡ ਪਾਠ ਲਈ ਪੈਦਲ ਰਵਾਨਾ ਹੋ ਗਿਆ । ਜੋ ੨੧ ਫਰਵਰੀ ਨੂੰ ਜੈਤੋ ਪੁਜਾ ਹੋਰ ਭੀ ਬਹੁਤ ਸਾਰੀ ਦਰਸ਼ਨ ਆਈ ਸੰਗਤ ਇਸ ਜਥੇ ਦੇ ਨਾਲ ਸ਼ਾਮਲ ਸੀ। ਇਸ ਦਿਨ ਨਾਭਾ ਹਕੂਮਤ ਦੇ ਕਰਮਚਾਰੀਆਂ ਵਲੋਂ ਨਿਹੱਥੇ ਜਥੇ ਅਤੇ ਨਿਹੱਥੀ ਸੰਗਤ ਉਤੇ ਬੜੀ ਬੇ-ਕਿਰਕੀ ਨਾਲ ਗੋਲੀ ਚਲਾਈ ਗਈ। ਧੜਾ ਧੜ ਲਾਸ਼ਾਂ ਜ਼ਮੀਨ ਤੇ ਡਿੱਗਨ ਲੱਗ ਪਈਆਂ ਪਰ ਫੇਰ ਭੀ ਜੱਥਾ ਬੜੇ ਹੌਂਸਲੇ ਨਾਲ ਵਰ੍ਹਦੀਆਂ ਗੋਲੀਆਂ ਵਿਚ ਛਾਤੀਆਂ ਤਾਣ ਕੇ ਜੋਧਿਆਂ ਵਾਂਗ ਸ਼ਾਂਤ-ਮਈ ਰਹਿੰਦਾ ਹੋਇਆ ਅਗੇ ਵਧਦਾ ਚਲਾ ਗਿਆ । ਇਥੋਂ ਤਕ ਕਿ ਇਕ ਬੀਬੀ ਦੇ ਕੁਛੜ ਚੁਕੇ ਛਾਤੀ ਨਾਲ ਲਾਏ ਮਾਸੂਮ ਬੱਚੇ ਨੂੰ ਗੋਲੀ ਵੱਜੀ ਅਤੇ ਉਹ ਸ਼ਹੀਦ ਹੋ ਗਿਆ ਪਰ ਉਸ ਬੀਬੀ ਨੇ ਆਪਣੇ ਆਦਰਸ਼ ਨੂੰ ਸਾਮ੍ਹਣੇ ਰਖਦਿਆਂ ਹੋਇਆਂ ਅਕਾਲ ਪੁਰਖ ਦੀ ਰਜ਼ਾ ਅੰਦਰ ਆਪਣੇ ਜਿਗਰ ਦੇ ਟੁਕੜੇ ਅਤੇ ਅੱਖਾਂ ਦੇ ਚਾਨਣ ਨੂੰ ਡਾਢੀ ਧੀਰਜ ਨਾਲ ਜ਼ਮੀਨ ਤੇ ਲਿਟਾ ਦਿਤਾ ਅਤੇ ਆਪ ਜਥੇ ਦੇ ਨਾਲ ਹੀ ਅਗੇ ਦੌੜੀ ਗਈ।

ਇਸ ਤਰ੍ਹਾਂ ਜਥੇ ਨੇ ਦੌੜ ਲਾ ਕੇ ਟਿੱਬੀ ਸਾਹਿਬ ਤੇ ਜਾ ਨਸ਼ਾਨ ਸਾਹਿਬ ਗਡਿਆ। ਜਿੱਨੇ ਕੁ ਜ਼ਖਮੀ ਸਿੰਘ ਚੁਕ ਕੇ ਲਿਆਂਦੇ ਗਏ ਇਥੇ ਲਿਆ ਕੇ ਟਿਕਾ ਦਿਤੇ ਅਤੇ ਆਪ ਜੱਥੇ ਨੇ ਸਿਧੇ ਗੰਗਸਰ ਨੂੰ ਚਾਲੇ ਪਾ ਦਿਤੇ ਪਰ ਰਸਾਲੇ ਅਤੇ ਪੁਲਸ ਨੇ ਜੱਥੇ ਨੂੰ ਘੇਰ ਲਿਆ। ਜਥੇ ਦੇ ਇਕ ਇਕ ਸਿੰਘ ਨੂੰ ਪੰਜ ਪੰਜ ਛੇ ਛੇ ਸਵਾਰਾਂ ਨੇ ਮਾਰ ਕੁਟਾਈ ਕਰਕੇ ਬੇਹੋਸ਼ ਕਰ ਦਿਤਾ ਅਤੇ ਪਿਛੋਂ ਰਸਿਆਂ ਨਾਲ ਜੂੜਕੇ ਸਖ਼ਤ ਬੇ ਰਹਿਮੀ ਨਾਲ ਵੜੇਵਿਆਂ ਦੀਆਂ ਬੋਰੀਆਂ ਵਾਂਗੂ ਹੇਠ ਉਤੇ ਗਡਿਆਂ ਵਿਚ ਲਦ ਲਿਆ। ਅਤੇ ਕਿਲੇ ਵਿਚ ਪੁਹੰਚਾ ਦਿਤਾ। ਇਥੇ ੨੪ ਘੰਟੇ ਤਕ ਜ਼ਖਮੀਆਂ ਦੀ ਨਾਭਾ ਹਕੂਮਤ ਨੇ ਕੋਈ ਸਾਰ ਨਹੀਂ ਲਈ ਅਤੇ ਨਾਹੀਂ ਹੋਰਸ ਕਿਸੇ ਨੂੰ ਹੀ ਇਨ੍ਹਾਂ ਦੀ ਸੇਵਾ ਲਈ ਲਾਗੇ ਢੁਕਣ ਦਿਤਾ ਗਿਆ। ਜਿਸ ਦੇ ਕਾਰਨ ਕਈ ਜ਼ਖਮੀ ਪਾਣੀ ਖੁਣੋ ਹੀ ਧਿਆਏ ਤੁਸ ਤੁਸ ਅਤੇ ਸਿਸਕ ਸਿਸਕ ਕੇ ਸ਼ਹੀਦ ਹੋ ਗਏ।

ਜੇਹੜੀ ਸੰਗਤ ਟਿੱਬੀ ਸਾਹਿਬ ਜ਼ਖਮੀਆਂ ਨੂੰ ਪਾਣੀ ਦੇਣ ਦੀ ਸੇਵਾ ਕਰਨ ਲੱਗੀ ਸੀ ਉਸ ਉਤੇ ਭੀ ਇਕ ਰਿਸਾਲੇ ਦਾ ਦਸਤਾ ਟੁਟ ਕੇ ਜਾ ਪਿਆ ਅਤੇ ਕਈ ਮੀਲ ਤਕ ਉਨ੍ਹਾਂ ਦਾ ਪਿੱਛਾ ਕਰਕੇ ਘੋੜਿਆਂ ਦੇ ਸੁਮਾਂ ਥੱਲੇ ਕੁਚੋਲ ਦਿਤਾ। ਸ਼੍ਰੋਮਣੀ ਕਮੇਟੀ ਦਾ ਅੰਦਾਜ਼ਾ ਹੈ ਕਲ ਤਿੰਨ ਕੁ ਸੌ ਸਿੰਘ ਜ਼ਖਮੀ ਹੋਏ ਸਨ ਜਿਨ੍ਹਾਂ ਚੋਂ ਘੱਟੋ ਘੱਟ ਇਕ ਸੌ ਸਿੰਘ ਸ਼ਹੀਦੀਆਂ ਪ੍ਰਾਪਤ ਕਰ ਗਏ ਸਨ। ਇਹ ਗੱਲ ਖਾਸ ਕਰਕੇ ਜ਼ਿਕਰ ਕਰਨ ਯੋਗ ਹੈ ਕਿ ਇੰਨੀ ਬੇ-ਰਹਿਮੀ ਨਾਲ ਸਖਤੀ ਦੇ ਹੁੰਦਿਆਂ ਸੁੰਦਿਆਂ ਭੀ ਜੱਥਾ ਅਤੇ ਸੰਗਤ ਬਿਲਕੁਲ ਸ਼ਾਂਤ-ਮਈ

ਰਹੀ । ਇਸ ਸਮੇਂ ਅਮਰੀਕਾ ਦੇ ਸ਼ਿਕਾਗੁ ਟ੍ਰੀਬਯੂਨ (ਅਮਰੀਕਾ) ਦਾ ਪੜ੍ਹਪ੍ਰੇਰਕ ਮਿਸਟਰ ਜ਼ੀਮਾਂਡ Zemand ਜੁਥੇ ਦੇ ਨਾਲ ਸੀ ਉਸ ਨੇ ਆਪਣੀ ਰੀਪੋਰਟ ਵਿਚ ਗੋਲੀ ਚੱਲਣ ਤੇ ਜਥੇ ਦੇ ਮਾਰਚ ਦਾ ਹਾਲ ਲਿਖਦੇ ਹੋਏ ਦਸਿਆ ਹੈ ਕਿ ਜਥਾ ਬਿਲਕੁਲ ਸ਼ਾਂਤ-ਮਈ ਰਿਹਾ। ਪਰ ਫੇਰ ਭੀ ਭਾਈ ਊਧਮ ਸਿੰਘ ਜੀ ਜਥੇਦਾਰ, ਮਾਈ ਕ੍ਰਿਸ਼ਨ ਕੌਰ ਅਤੇ ਇਕੀ ਹੋਰ ਸਿੰਘਾਂ ਉਤੇ ਤਸ਼ਦਦ ਦਾ ਇਲਜ਼ਾਮ ਲਾ ਕੇ ਲੰਮੀਆਂ ਕੈਦਾਂ ਦੀ ਸਜ਼ਾ ਦਿਤੀ ਗਈ।

ਏਨੀਂ ਭਿਆਨਕ ਸਖਤੀ ਦਾ ਹਾਲ ਅਖਬਾਰਾਂ ਵਿਚੋਂ ਪੜ੍ਹ ਸੁਣ ਕੇ ਭੀ ੨੮ ਫਰਵਰੀ ਨੂੰ ਪੰਜ ਸੌ ਬਹਾਦਰ ਸਿੰਘਾਂ ਦਾ ਦੂਜਾ ਸ਼ਹੀਦੀ ਜੱਥਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਪਹਿਲਾਂ ਵਾਂਗ ਸ਼ਾਂਤ-ਮਈ ਦਾ ਪ੍ਰਣ ਲੈਕੇ ਰਵਾਨਾ ਹੋ ਗਿਆ ਅਤੇ ੧੪ ਮਾਰਚ ਨੂੰ ਜੈਤੋ ਜਾ ਪੁਜਾ। ਇਸ ਸਮੇਂ ਪੰਡਤ ਮਦਨ ਮੋਹਨ ਮਾਲਵੀਆ, ਅਸੈਂਬਲੀ ਦੇ ਮੈਂਬਰ ਤੇ ਕੁਝ ਕੁ ਹੋਰ ਮੁਖੀ ਸਜਣ ਇਸ ਜਥੇ ਦਾ ਹਾਲ ਅਪਣੀ ਅੱਖੀਂ ਵੇਖਣ ਲਈ ਪੁਜੇ ਹੋਏ ਸਨ। ਪਰ ਇਹ ਜਥਾ ਬਿਨਾਂ ਕਿਸੇ ਸਖਤੀ ਦੇ ੧੫ ਮਾਰਚ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸੇ ਤਰ੍ਹਾਂ ਲਗਾਤਾਰ ਪੰਜ ਪੰਜ ਸੌ ਦੇ ੧੭ ਸ਼ਹੀਦੀ ਜਥੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੈਤੋ ਨੂੰ ਰਵਾਨਾ ਹੋਏ।

ਸਰ ਮੈਲਕਮ ਹੇਲੀ ਗਵਰਨਰ ਪੰਜਾਬ ਨੇ ਸਰਕਾਰੀ ਤਕਰੀਰ ਕਰਦਿਆਂ ਹੋਇਆਂ ਕੈਦੀਆਂ ਦੀ ਰਿਹਾਈ ਤੇ ਜੈਤੋ ਪਾਠ ਦੀ ਖੁਲ੍ਹ ਬਾਰੇ ਇਕ ਮਸ਼ਕੂਤ ਐਲਾਨ ਕੀਤਾ। ਸਤਾਰ੍ਹਵਾਂ ਜਥਾ ਅਜੇ ਰਸਤੇ ਵਿਚ ਹੀ ਸੀ। ਜੋ ੨੧ ਜੁਲਾਈ ਸੰਮਤ ੧੯੨੫ ਈਸਵੀ ਨੂੰ ਇਕ ਸਪੈਸ਼ਲ ਜਥੇ ਨੇ ਗੁਰਦੁਆਰਾ ਗੰਗਸਰ ਵਿਚ ਅਖੰਡ ਪਾਠ ਅਰੰਭ ਕਰ ਦਿਤਾ ਅਤੇ ਇਸ ਦੇ ਪਿਛੋਂ ਸ਼ਹੀਦੀ ਜਥਿਆਂ ਨੇ ਪੁਜਕੇ ੫੦੧ ਅਖੰਡ ਪਾਠ ਸ਼ੁਰੂ ਕਰ ਦਿਤੇ ਜਿਨ੍ਹਾਂ ਦਾ ਭੋਗ ੬ ਅਗਸਤ ਸੰਮਤ ੧੯੨੫ ਈਸਵੀ ਨੂੰ ਨਿਰਵਿਘਨ ਸਮਾਪਤ ਹੋਇਆ ੨੭ ਜੁਲਾਈ ਨੂੰ ਮਾਈ ਕਿਸ਼ਨ ਕੌਰ ਤੇ ਇਨ੍ਹਾਂ ਦੇ ਇਕੀ ਸਾਥੀਆਂ ਤੋਂ ਸਵਾਏ ਬਾਕੀ ਸਭ ਸਿੰਘ ਰਿਹਾ ਹੋ ਗਏ। ਜੋ ਜੈਤੋ ਪੁਜਨ ਲਗ ਪਏ। ਇਥੋਂ ਦਰਸ਼ਨ ਕਰ ਕੇ ਸਭ ਜਥੇ ੯ ਅਗਸਤ ਤਕ ਸ੍ਰੀ ਤਰਨ ਤਾਰਨ ਸਾਹਿਬ ਰੇਲ ਰਾਹੀਂ ਪੁਜ ਗਏ। ਇਥੋਂ ਬੜੇ ਭਾਰੇ ਸ਼ਾਨਦਾਰ ਜਲੂਸ ਦੀ ਸ਼ਕਲ ਵਿਚ ਪੈਦਲ ੧੦ ਅਗਸਤ ਨੂੰ ਸ੍ਰੀ ਅੰਮ੍ਰਿਤਸਰ ਪੁਜ ਗਏ ਇਹ ਕੌਮ ਦਾ ਦੂਜਾ ਭਾਰੀ ਸ਼ਾਨਦਾਰ ਇਤਿਹਾਸਕ ਜਲੂਸ ਸੀ ਜੋ ਕਾਰ ਸੇਵਾ ਪਿਛੋਂ ਆਪਣੇ ਨਮੂਨੇ ਦਾ ਆਪ ਸੀ।

## ਗੁਰਦਵਾਰਾ ਕਾਨੂੰਨ—

ਚਾਬੀਆਂ ਦਾ ਮਾਮਲਾ ਤੇ ਕਿਰਪਾਨ ਸਬੰਧੀ ਗ੍ਰਿਫਤਾਰੀਆਂ ਦੀ ਸਖਤੀ ਵੇਖ ਕੇ ਸ਼ੋਮਣੀ ਕਮੇਟੀ ਨੇ ਅਪਣੀ ਤਸੱਲੀ ਕਰ ਲਈ ਸੀ ਕਿ ਇਸ ਵੇਲੇ ਸਰਕਾਰ ਨਾਲ ਗੁਰਦਵਾਰਾ ਬਿਲ ਸਬੰਧੀ ਗਲ ਬਾਤ ਕਰਨੀ ਫਜ਼ੂਲ ਹੈ ਅਤੇ ਆਪ ਵੀ ੩੦ ਮਾਰਚ ਸੰਨ ੧੯੨੧ ਈਸਵੀ ਦੀ ਇਕਤ੍ਰਤਾ ਵਿਚ ਪਾਸ ਕਰ ਦਿਤਾ ਕਿ ਬਿਲ ਸਬੰਧੀ ਸਰਕਾਰ ਨਾਲ ਕੋਈ ਗਲ ਬਾਤ ਨ ਕੀਤੀ ਜਾਵੇ ਅਤੇ ੧੬ ਜੁਲਾਈ ਦੀ ਇਕਤ੍ਰਤਾ ਵਿਚ ਇਸ ਭਾਵ ਦਾ ਗੁਰਮਤਾ ਪਾਸ ਕਰ ਦਿਤਾ ਕਿ ਚੂੰਕਿ ਗਵਰਨਮੈਂਟ ਰਾਹੀਂ ਗੁਰਦਵਾਰਿਆਂ ਦੇ ਮਾਮਲੇ ਦਾ ਫੈਸਲਾ ਹੋਣ ਦੀ ਕੋਈ ਆਸ ਨਹੀਂ ਇਸ ਲਈ ਅੰਤ੍ਰਿੰਗ ਕਮੇਟੀ ਜਿਸਤਰ੍ਹਾਂ ਚਾਹੇ ਗੁਰਦਵਾਰਿਆਂ ਨੂੰ ਆਪਣੇ ਪ੍ਰਬੰਧ ਵਿਚ

ਲਿਆਉਣ ਦੀ ਯੋਗ ਕਾਰਵਾਈ ਕਰੇ ਅਤੇ ਇਸ ਦੇ ਨਾਲ ਹੀ ਸਰ ਜੌਨ ਮੀਨਾਰਡ ਨੇ ਭੀ ਪੰਜਾਬ ਕੌਂਸਲ ਵਿਚ ਐਲਾਨ ਕਰ ਦਿਤਾ ਕਿ ਗੁਰਨਮੈਂਟ ਨੇ ਗੁਰਦੁਵਾਰਾ ਕਾਨੂੰਨ ਦਾ ਮਾਮਲਾ ਹੁਣ ਠੱਪ ਦਿਤਾ ਹੈ, ਇਸ ਦੇ ਪਿਛੋਂ ਲਫਟੀਨੈਂਟ ਕਰਨਲ ਬ੍ਰਡਵੁਡ ਕਮਾਂਡਰ ਇਨਚੀਫ਼ ਦੀ ਰਾਹੀਂ ਭੀ ਗੁਰਦਵਾਰਾ ਕਾਨੂੰਨ ਦੀ ਗਲ ਬਾਤ ਜੂਨ ਸੰਨ ੧੯੨੪ ਈਸਵੀ ਨੂੰ ਸ਼ੁਰੂ ਹੋਈ ਸੀ। ਪਰ ਸਾਰੇ ਗੁਰਦਵਾਰਿਆਂ ਦੇ ਕੈਦੀਆਂ ਦੀ ਰਿਹਾਈ ਦਾ ਭਰੋਸਾ ਨਾ ਮਿਲਨ ਕਰਕੇ ਅਤੇ ਕਈ ਹੋਰ ਕਾਰਨਾਂ ਕਰਕੇ ਇਹ ਭੀ ਵਿਚੇ ਹੀ ਰਹਿ ਗਈ। ਫੇਰ ਬੜੀਆਂ ਬਹਿਸਾਂ ਤੇ ਕੋਸ਼ਸ਼ਾਂ ਪਿਛੋਂ ੯ ਜੁਲਾਈ ਸੰ: ੧੯੨੫ ਈ: ਨੂੰ ਪੰਜਾਬ ਕੌਂਸਲ ਦੇ ਸ਼ਿਮਲੇ ਸਮਾਗਮ ਵਿਚ ਗੁਰਦਵਾਰਾ ਕਾਨੂੰਨ ਨੰਬਰ ੨ ਸੰਨ ੧੯੨੫ ਈ: ਪਾਸ ਹੋਇਆ (The Sikh Gurd wara Act 1925 Punjab Act No VIII of 1925) ਜਿਸਦੀ ਮਨਜ਼ੂਰੀ ਗਵਰਨਰ ਜਨਰਲ ਨੇ ਭੀ ੨੮ ਜੁਲਾਈ ਸੰਨ ੧੯੨੫ ਈਸਵੀ ਨੂੰ ਦੇ ਦਿਤੀ ਜਿਸ ਉਤੇ ੧ ਨਵੰਬਰ ਸੰਨ ੧੯੨੫ ਤੋਂ ਅਮਲ ਆਰੰਭ ਹੋ ਗਿਆ ਪਰ ਗੁਰਦੁਆਰਾ ਕਾਨੂੰਨ ਬਨਣ ਤੇ ਸਿਖਾਂ ਵਿਚ ਦੋ ਪਾਰਟੀਆਂ ਜੇਹਲ ਵਿਚ ਹੀ ਬਣ ਗਈਆਂ। ਇਕ ਗੁਰਦੁਆਰਾ ਕਾਨੂੰਨ ਤੇ ਅਮਲ ਕਰਨ ਦਾ ਇਕਰਾਰ ਕਰਕੇ ਰਿਹਾਈ ਪਾਣ ਵਾਲੇ ਦੂਜੇ ਇਸਦੇ ਵਿਰੋਧੀ। ਅਤੇ ਬਾਹਰ ਵੀ ਕੁਝ ਗਰਮ ਤੇ ਮਨਚਲੇ ਸਿਖਾਂ ਵਿਚ ਇਸਦੀ ਮੁਖਾਲਫਤ ਸੀ। ਜਿਸ ਦੇ ਕਾਰਨ ੧੮ ਜੂਨ ਸੰਨ ੧੯੨੬ ਨੂੰ ਸ੍ਰੀ ਅਕਾਲ ਤਖਤ ਸ੍ਰਾਹਿਬ ਉਤੇ ਸਖਤ ਫਸਾਦ ਤੇ ਛੁਰੇਛੀ ਗਰਦੀ ਹੋ ਗਈ ਇਹ ਆਪਣੀ ਕਿਸਮ ਦਾ ਇਸ ਸਮੇਂ ਤਕ ਦਾ ਸਭ ਤੋਂ ਪਹਿਲਾ ਵਾਕਿਆ ਸੀ।

ਇਸ ਗੁਰਦੁਆਰਾ ਕਾਨੂੰਨ ਅਨੁਸਾਰ ਗੁਰਦੁਆਰਾ ਸੈਂਟਰਲ ਬੋਰਡ (Central board) ਦੇ ਚੁਣੇ ਹੋਏ ਮੈਂਬਰਾਂ ਦੀ ਇਕੱਤ੍ਰਤਾ ੪ ਸਤੰਬਰ ਸੰਨ ੧੯੨੬ ਈਸਵੀ ਨੂੰ ਟਾਊਨ ਹਾਲ (Town Hall) ਅੰਮ੍ਰਿਤਸਰ ਵਿਚ ਹੋਈ ਅਤੇ ੧੪ ਮੈਂਬਰ ਨਾਮਜ਼ਦ ਕੀਤੇ ਗਏ। ਮੁਕੰਮਲ ਸੈਂਟਰਲ ਬੋਰਡ ਦੀ ਪਹਿਲੀ ਇਕੱਤ੍ਰਤਾ ੨ ਅਕਤੂਬਰ ਸੰਨ ੧੯੨੬ ਈਸਵੀ ਨੂੰ ਟਾਊਨ ਹਾਲ ਵਿਚ ਹੋਈ। ਜਿਸ ਵਿਚ ਔਹਦੇਦਾਰਾਂ ਤੇ ਅੰਤ੍ਰਿੰਗ ਕਮੇਟੀ ਦੀ ਚੋਣ ਪਿਛੋਂ ਪਾਸ ਹੋਇਆ ਕਿ ਸੈਂਟਰਲ ਬੋਰਡ ਦਾ ਨਾਮ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖਿਆ ਜਾਵੇ ਅਤੇ ਗਵਰਨਮੈਂਟ ਨੇ ਭੀ ਸੈਂਟਰਲ ਬੋਰਡ ਦਾ ਨਾਮ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਨੋਟੀ ਫੀਕੇਸ਼ਨ ੧੭ ਜਨਵਰੀ ਸੰਨ ੧੯੨੭ ਈਸਵੀ ਰਾਹੀਂ ਪ੍ਰਵਾਨ ਕਰ ਲਿਆ। ਪੁਰਾਣੀ ਸ਼ਰੋਮਣੀ ਕਮੇਟੀ ਨੇ ਨਵੀਂ ਸ਼ਰੋਮਣੀ ਕਮੇਟੀ ਨੂੰ ੨੭ ਨਵੰਬਰ ਸੰਮਤ ੧੯੨੬ ਈਸਵੀ ਨੂੰ ਚਾਰਜ ਦੇਣਾ ਅਰੰਭ ਕਰ ਦਿੱਤਾ ਅਤੇ ੪ ਦਸੰਬਰ ਸੰਮਤ ੧੯੨੬ ਈਸਵੀ ਤਕ ਮੁਕੰਮਲ ਚਾਰਜ ਦੇਕੇ ਆਪਣੇ ਆਪ ਨੂੰ ਇਸ ਵਿਚ ਲੀਨ ਕਰ ਦਿੱਤਾ।

ਜੇਹੜੇ ਮੁਖੀ ਲੀਡਰ ੧੩ ਅਤੇ ੧੪ ਅਕਤੂਬਰ ਦੀ ਵਿਚਕਾਰਲੀ ਰਾਤ ਨੂੰ ਗ੍ਰਿਫਤਾਰ ਹੋਏ ਸਨ। ਇਨ੍ਹਾਂ ਵਿਚੋਂ ਦਫਤਰ ਦਾ ਸਟਾਫ ੨੪ ਫਰਵਰੀ ਸੰਮਤ ੧੯੨੫ ਈਸਵੀ ਨੂੰ ਰਿਹਾ ਕਰ ਦਿਤਾ ਗਿਆ ਸੀ। ਸਰਦਾਰ ਬਹਾਦਰ ਮਹਿਤਾਬ ਸਿੰਘ ਜੀ ਅਤੇ ਇਨ੍ਹਾਂ ਦੇ ੨੩ ਸਾਥੀ ਇਹ ਸ਼ਰਤ ਮੰਨ ਕੇ ੨੫ ਜਨਵਰੀ ਸੰਮਤ ੧੯੨੬ ਈਸਵੀ ਨੂੰ ਰਿਹਾ ਕੀਤੇ ਗਏ ਕਿ ਉਹ ਅਗੋਂ ਨਵੀਂ ਕਾਨੂੰਨ ਅਨੁਸਾਰ ਗੁਰਦੁਆਰਿਆਂ ਦਾ ਸੁਧਾਰ ਕਰਨਗੇ।

ਇਨ੍ਹਾਂ ਵਿਚੋਂ ਸਰਦਾਰ ਤੇਜਾ ਸਿੰਘ ਜੀ ਸਮੁੰਦਰੀ ੨੭ ਜੁਲਾਈ ਸੰਮਤ ੧੯੨੬ ਈਸਵੀ ਨੂੰ ਜੇਹਲ ਵਿਚ ਹੀ ਸ਼ਹੀਦੀ ਪਾ ਗਏ ਸਨ । ੧੩ ਸਤੰਬਰ ਸੰਮਤ ੧੯੨੬ ਈਸਵੀ ਨੂੰ ਸਰਕਾਰ ਨੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼ਰੋਮਣੀ ਅਕਾਲੀ ਦਲ ਨੂੰ ਕਾਨੂੰਨ ਵਿਰੁਧ ਕਰਾਰ ਦਿਤੇ ਜਾਣ ਵਾਲਾ ਐਲਾਨ ਵਾਪਸ ਲੈ ਲਿਆ। ਮਾਸਟਰ ਤਾਰਾ ਸਿੰਘ ਜੀ ਅਤੇ ਆਪ ਦੇ ੧੪ ਸਾਥੀਆਂ ਤੋਂ ੨੭ ਸਤੰਬਰ ਸੰਮਤ ੧੯੨੬ ਈਸਵੀ ਨੂੰ ਸਰਕਾਰ ਨੇ ਇਹ ਕਹਿ ਕੇ ਮੁਕੱਦਮਾਂ ਵਾਪਸ ਲੈ ਲਿਆ ਕਿ ਹੁਣ ਗੁਰਦੁਆਰਾ ਕਾਨੂੰਨ ਬਣ ਚੁਕਾ ਹੈ ਅਤੇ ਸੈਂਟਰਲ ਬੋਰਡ ਦੀ ਚੋਣ ਭੀ ਹੋ ਚੁਕੀ ਹੈ। ਇਸ ਲਈ ਮੁਕੱਦਮਾ ਜਾਰੀ ਰੱਖਣ ਦੀ ਕੋਈ ਲੋੜ ਨਹੀਂ ਹੈ। ਇਸ ਦੇ ਨਾਲ ਹੀ ਸਾਰੇ ਸਿੰਘ ਬਿਲਾ ਸ਼ਰਤ ਰਿਹਾ ਕਰ ਦਿਤੇ ਗਏ।

—:o:—

## ਗੁਲਾਮੀ

ਗੁਲਾਮੀ ਆਤਮਕ ਹਨੇਰ-ਘੁਪ ਘੇਰ ਹੈ । ਕੀ ਤੁਸੀਂ ਅਜਿਹੇ ਆਦਮੀ ਨੂੰ ਵੇਖ ਸਕਦੇ ਹੋ ਜੋ ਅਪਣੀ ਰਜ਼ਾਮੰਦੀ ਨਾਲ ਅੰਨ੍ਹਾ ਬਣਨਾ ਪਸੰਦ ਕਰੇ ? ਪਰ ਅਜਿਹੀ ਭਿਆਨਕ ਦੁਖਦਾਈ ਹਾਲਤ ਦੁਨੀਆਂ ਵਿਚ ਮੌਜੂਦ ਹੈ ! ਰਜ਼ਾਮੰਦੀ ਨਾਲ ਗੁਲਾਮ ਬਣਨ ਵਾਲੇ ਲੋਕ ਵੀ ਹਨ । ਕੀ ਇਸ ਤੋਂ ਵਧ ਘ੍ਰਿਣਾ ਭਰੀ ਕੋਈ ਹੋਰ ਗਲ ਹੋ ਸਕਦੀ ਹੈ ? ਉਹ, ਜੋ ਆਜ਼ਾਦ ਨਹੀਂ ਹੈ ਮਨੁਖ ਨਹੀਂ ਹੈ। ਉਹ, ਜੋ ਆਜ਼ਾਦ ਨਹੀਂ ਹੈ, ਉਹ ਅੰਨ੍ਹਾ ਹੈ, ਉਸਦੀ ਨਜ਼ਰ ਹੀ ਨਹੀਂ ਹੈ, ਉਸਨੂੰ ਕੋਈ ਗਿਆਨ ਨਹੀਂ ਹੈ। ਉਸ ਵਿਚ ਉਨਤੀ ਨਹੀਂ ਹੈ, ਵਾਧਾ ਨਹੀਂ ਹੈ, ਇਰਾਦਾ ਨਹੀਂ ਹੈ, ਉਸਦਾ ਕੋਈ ਨਿਸਚਾ ਨਹੀਂ ਹੈ ਉਹ ਪ੍ਰੇਮ ਤੋਂ ਸਖਣਾ ਹੈ। ਉਹ ਮਨੁਖ ਹੀ ਨਹੀਂ ।

[ਵਿਕਟਰ ਹਯੂਗੂ